Punjabi Parwaz

# ਪੰਜਾਬੀ ਪਰਵਾਜ਼

ਅੰਕ 38ਵਾਂ (ਸ਼ਿਕਾਗੋ): 26 ਅਕਤੂਬਰ ਤੋਂ 8 ਨਵੰਬਰ 2024 ਤੱਕ — ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com — www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ ਲਈ ਸਰਗਰਮੀ ਤੇਜ਼

**ਜਸਵੀਰ ਸਿੰਘ ਮਾਂਗਟ**

ਪੰਜਾਬ ਵਿੱਚ ਜ਼ਿਮਨੀ ਚੋਣਾਂ ਦਾ ਅਖਾੜਾ ਮਘਣ ਲੱਗਾ ਹੈ। ਗਿੱਦੜਬਾਹਾ, ਬਰਨਾਲਾ, ਚੱਬੇਵਾਲ ਅਤੇ ਡੇਹਰਾ ਬਾਬਾ ਨਾਨਕ ਤੋਂ ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨੇ ਤਕਰੀਬਨ-ਤਕਰੀਬਨ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ, ਜਦਕਿ ਅਕਾਲੀ ਦਲ ਹਾਲੇ ਵੀ ਸ਼ਸ਼ੋਪੰਜ ਵਿੱਚ ਹੈ।

ਆਪਣੇ ਰਾਜ-ਭਾਗ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਹੁਰਮਤੀ ਅਤੇ ਫਿਰ ਇਸ ਖਿਲਾਫ ਰੋਸ ਪ੍ਰਗਟ ਕਰਦੇ ਲੋਕਾਂ ਦਾ ਗੋਲੀ ਨਾਲ ਮਾਰੇ ਜਾਣਾ ਅਤੇ ਕਈ ਹੋਰ ਕਾਰਵਾਈਆਂ, ਜਿਨ੍ਹਾਂ ਨੇ ਪੰਥਕ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ, ਕਾਰਨ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਇਸ ਕਾਰਨ ਉਹ ਆਮ ਸਿੱਖ ਸੰਗਤ ਵਿੱਚ ਵਿਚਰ ਨਹੀਂ ਸਕਦੇ। ਇਸ ਦੇ ਬਾਵਜੂਦ ਗਿੱਦੜਬਾਹਾ ਇਲਾਕੇ ਦੀ ਜ਼ਿਮਨੀ ਚੋਣ ਨੂੰ ਲੈ ਕੇ ਬੀਤੇ ਕਈ ਦਿਨਾਂ ਤੋਂ ਉਹ ਪਾਰਟੀ ਵਰਕਰਾਂ ਨੂੰ ਮਿਲ ਵੀ ਰਹੇ ਸਨ ਅਤੇ ਮੀਟਿੰਗਾਂ ਵਿੱਚ ਹਿਸਾ ਵੀ ਲੈ ਰਹੇ ਸਨ। ਇਹਦੇ ਬਾਰੇ ਜਦੋਂ ਆਸੇ-ਪਾਸਿਉਂ ਅਤੇ ਵਿਰੋਧੀ ਧੜੇ ਵੱਲੋਂ ਸੁਆਲ ਉਠਣ ਲੱਗੇ ਤਾਂ ਉਨ੍ਹਾਂ ਨੂੰ ਇੱਕ ਵਾਰ ਫਿਰ ਚੁੱਪ ਕਰਕੇ ਬੈਠਣਾ ਪਿਆ।

ਸੁਖਬੀਰ ਸਿੰਘ ਬਾਦਲ ਨੂੰ ਜ਼ਿਮਨੀ ਚੋਣ ਲਈ ਅੰਤ੍ਰਿਮ ਰਾਹਤ ਦਿਵਾਉਣ ਦੇ ਮਕਸਦ ਨਾਲ ਦੋ ਦਿਨ ਪਹਿਲਾਂ ਅਕਾਲੀ ਆਗੂਆਂ ਦਾ ਇੱਕ ਵਫਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਵੀ ਮਿਲਿਆ, ਪਰ ਉਨ੍ਹਾਂ ਕੀ ਜਵਾਬ ਦਿੱਤਾ, ਇਸ ਬਾਰੇ ਬਹੁਤਾ ਕੁਝ ਪਤਾ ਨਹੀਂ ਲੱਗਾ। ਇਸ ਮਾਮਲੇ ਨੂੰ ਲੈ ਕੇ ਪੰਥਕ ਹਲਕਿਆਂ ਵਿੱਚ ਛਾਈ ਚੁੱਪ-ਚਾਂ ਤੋਂ ਲਗਦਾ ਹੈ ਕਿ ਅੰਤ੍ਰਿਮ ਰਾਹਤ ਜਿਹਾ ਕੋਈ ਕਦਮ ਚੁੱਕ ਕੇ ਜਥੇਦਾਰ ਸਾਹਿਬ ਕਿਸੇ ਵਿਵਾਦ ਵਿੱਚ ਪੈਣ ਦੀ ਜਹਿਮਤ ਨਹੀਂ ਉਠਾਉਣ ਲੱਗੇ। ਪਾਰਲੀਮਾਨੀ ਮਾਮਲਿਆਂ ਬਾਰੇ ਆਪਣੇ ਬੋਰਡ ਵਿੱਚ ਅਕਾਲੀ ਦਲ ਕਿਸ ਕਿਸਮ ਦਾ ਸਟੈਂਡ ਲੈਂਦਾ ਹੈ, ਇਸ ਦਾ ਪਤਾ ਇੱਕ ਅੱਧ ਦਿਨ ਵਿੱਚ ਲੱਗ ਹੀ ਜਾਣਾ ਹੈ। ਜ਼ਿਮਨੀ ਚੋਣਾਂ ਤੋਂ ਅਕਾਲੀ ਦਲ ਕਿਨਾਰਾ ਕਰਨ ਦੇ ਮੂਡ ਵਿੱਚ ਤਾਂ ਨਹੀਂ ਹੈ। ਅਜਿਹਾ ਕੋਈ ਵੀ ਕਦਮ ਅਕਾਲੀ ਦਲ ਦੀ ਸਥਿਤੀ ਨੂੰ ਹੋਰ ਜ਼ਿਆਦਾ ਕਮਜ਼ੋਰ ਕਰ ਸਕਦਾ ਹੈ। ਖਾਸ ਕਰਕੇ ਉਸ ਹਾਲਤ ਵਿੱਚ, ਜਦੋਂ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿੱਚ ਬੀਬੀ ਜਗੀਰ ਕੌਰ ਸੁਖਬੀਰ ਧੜੇ ਨੂੰ ਤਕੜੀ ਚਣੌਤੀ ਦੇ ਰਹੀ ਹੈ।

ਜਿੱਥੋਂ ਤੱਕ ਜ਼ਿਮਨੀ ਚੋਣਾਂ ਲਈ ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਗਏ ਉਮੀਦਵਾਰਾਂ ਦਾ ਸਵਾਲ ਹੈ, ਇਸ ਤਹਿਤ ਗਿੱਦੜਬਾਹਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਮਨਪ੍ਰੀਤ ਸਿੰਘ ਬਾਦਲ ਨੇ 1996 ਵਿੱਚ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਦੇ ਖਿਲਾਫ ਅਕਾਲੀ ਦਲ ਵੱਲੋਂ ਚੋਣ ਲੜੀ ਸੀ। ਉਦੋਂ ਉਹ ਹਜ਼ਾਰ ਦੋ ਹਜ਼ਾਰ ਵੋਟਾਂ ਦੇ ਫਰਕ ਨਾਲ ਕਾਂਗਰਸ ਪਾਰਟੀ ਦੇ ਉਮੀਦਵਾਰ ਤੋਂ ਜਿੱਤੇ ਸਨ ਅਤੇ ਇਸ ਤੋਂ ਬਾਅਦ ਅਕਾਲੀ ਦਲ (ਬਾਦਲ) ਦਾ ਪੁਨਰ ਉਥਾਨ ਸ਼ੁਰੂ ਹੋ ਗਿਆ ਸੀ; ਪਰ ਇਸ ਵਾਰ ਸਥਿਤੀ ਵੱਖਰੀ ਹੈ। ਕਾਂਗਰਸ ਪਾਰਟੀ ਨੇ ਇਸ ਹਲਕੇ ਤੋਂ ਰਾਜਾ ਵੜਿੰਗ ਦੀ ਪਤਨੀ ਅਮ੍ਰਿਤਾ ਵੜਿੰਗ ਨੂੰ ਖੜ੍ਹਾ ਕੀਤਾ ਹੈ, ਜਦਕਿ ਆਮ ਆਦਮੀ ਪਾਰਟੀ ਨੇ ਸਾਬਕਾ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਟਿਕਟ ਦਿੱਤੀ ਹੈ। ਬਰਨਾਲਾ ਹਲਕੇ ਤੋਂ 'ਆਪ' ਨੇ ਹਰਿੰਦਰ ਸਿੰਘ

⇒ ਬਾਕੀ ਸਫਾ 6 ਉਤੇ ਪੜ੍ਹੋ

# ਬਰਿਕਸ ਸੰਮੇਲਨ 'ਤੇ ਲੱਗੀਆਂ ਸਾਰੀ ਦੁਨੀਆਂ ਦੀਆਂ ਨਜ਼ਰਾਂ

**ਪੰਜਾਬੀ ਪਰਵਾਜ਼ ਬਿਊਰੋ**

ਦੋ ਦਿਨਾ ਬਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੀਤੇ ਦਿਨ ਰੂਸ ਦੇ ਸ਼ਹਿਰ ਕਜਾਨ ਪਹੁੰਚ ਗਏ ਹਨ। ਹਿੰਦੁਸਤਾਨ, ਰੂਸ, ਚੀਨ ਅਤੇ ਬ੍ਰਾਜ਼ੀਲ ਦੀ ਸ਼ਮੂਲੀਅਤ ਨਾਲ 2009 ਵਿੱਚ ਹੋਂਦ ਵਿੱਚ ਆਇਆ ਇਹ ਗੈਰ-ਰਸਮੀ ਸੰਗਠਨ ਹੁਣ ਜਵਾਨ ਹੋਣ ਲੱਗਾ ਹੈ। ਜਦੋਂ ਇਹ ਸੰਸਥਾ ਹੋਂਦ ਵਿੱਚ ਆਈ ਸੀ ਤਾਂ ਇਸ ਨੂੰ ਮਹਿਜ ਚਾਰ ਵਿਕਾਸਸ਼ੀਲ ਦੇਸ਼ਾਂ ਦੀ ਇੱਕ ਸਾਧਾਰਣ ਐਸੋਸੀਏਸ਼ਨ ਸਮਝਿਆ ਜਾਂਦਾ ਸੀ, ਪਰ ਜਿਉਂ-ਜਿਉਂ ਇਸ ਗੱਠਜੋੜ ਨਾਲ ਜੁੜੇ ਮੁਲਕ ਆਰਥਕ ਰੂਪ ਵਿੱਚ ਸਮਰੱਥ ਹੋਣ ਲੱਗੇ ਹਨ ਤਾਂ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਇਰਾਨ ਅਤੇ ਦੱਖਣੀ ਅਫਰੀਕਾ ਦੀ ਸੰਗਠਨ ਵਿੱਚ ਸ਼ਮੂਲੀਅਤ ਨੇ ਇਸ ਨੂੰ ਹੋਰ ਮਹੱਤਵਪੂਰਣ ਬਣਾ ਦਿੱਤਾ ਹੈ। ਸਾਉਦੀ ਅਰਬ, ਮਿਸਰ, ਯੂ.ਏ.ਈ. ਅਤੇ ਇਥੋਪੀਆ ਜਿਹੇ ਮੁਲਕ ਇਸ ਵਿੱਚ ਸ਼ਾਮਲ ਹੋਣ ਲਈ ਲਾਈਨ ਵਿੱਚ ਖੜ੍ਹੇ ਹਨ।

ਦੱਖਣੀ ਅਫਰੀਕਾ ਦੇ ਗੋਰਾਸ਼ਾਹੀ ਤੋਂ ਆਜ਼ਾਦ ਹੋਣ ਤੋਂ ਬਾਅਦ ਇਸ ਦੀ ਆਰਥਿਕ ਸਥਿਤੀ ਵਿੱਚ ਤਾਂ ਭਾਵੇਂ ਬਹੁਤ ਜ਼ਿਆਦਾ ਫਰਕ ਨਹੀਂ ਪਿਆ, ਪਰ ਵੱਖ-ਵੱਖ ਮੌਕਿਆਂ 'ਤੇ ਲਈਆਂ ਗਈਆਂ ਕਈ ਰਾਜਨੀਤਿਕ ਪੁਜੀਸ਼ਨਾਂ ਨੇ ਇਸ ਮੁਲਕ ਦਾ ਮਹੱਤਵ ਕਫੀ ਵਧਾ ਦਾ ਦਿੱਤਾ ਹੈ। ਖਾਸ ਕਰਕੇ ਇਜ਼ਰਾਇਲ ਨੂੰ ਮੌਜੂਦਾ ਜੰਗ ਵਿੱਚ ਫਲਿਸਤੀਨੀਆਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਕਾਰਨ ਅੰਤਰਰਾਸ਼ਟਰੀ ਅਦਾਲਤ ਵਿੱਚ ਖਿੱਚ ਲੈਣ ਵਾਲੀ ਕਾਰਵਾਈ ਨੇ।

ਅਜਿਹੀ ਅੰਤਰਰਾਸ਼ਟਰੀ ਸਥਿਤੀ ਵਿੱਚ ਜਦੋਂ ਇਜ਼ਰਾਇਲ- ਹਿਜ਼ਬੁੱਲਾ, ਫਲਿਸਤੀਨ ਅਤੇ ਹਮਾਸ ਨਾਲ ਜੰਗ ਵਿੱਚ ਫਸਿਆ ਹੋਇਆ ਹੈ, ਰੂਸ ਅਤੇ ਯੂਕਰੇਨ ਵਿੱਚ ਲੰਮੀ ਜੰਗ ਚੱਲ ਰਹੀ ਹੈ ਤਾਂ ਚੈਨ ਨਾਲ ਵੱਸਣ ਦੇ ਚਾਹਵਾਨ




ਸਾਰੀ ਦੁਨੀਆਂ ਦੇ ਲੋਕਾਂ ਦੀਆਂ ਨਜ਼ਰਾਂ ਬਰਿਕਸ ਸੰਗਠਨ ਵੱਲ ਲੱਗੀਆਂ ਹੋਈਆਂ ਹਨ।

ਰੂਸ ਦੀ ਸ਼ਮੂਲੀਅਤ ਵਾਲਾ ਇਹ ਅੰਤਰਾਸ਼ਟਰੀ ਸੰਗਠਨ ਯੂਕਰੇਨ ਅਤੇ ਮੱਧਪੂਰਬ ਦੀ ਜੰਗ ਬਾਰੇ ਕਿਸ ਕਿਸਮ ਦੀ ਪੁਜੀਸ਼ਨ ਲੈਂਦਾ ਹੈ, ਇਹ ਵੇਖਣਾ ਵੀ ਕਾਫੀ ਦਿਲਚਸਪ ਹੋਏਗਾ। ਭਾਰਤ, ਰੂਸ ਅਤੇ ਚੀਨ ਦੇ ਲੋਕਾਂ ਸਮੇਤ ਸਾਰੀ ਦੁਨੀਆਂ ਦੇ ਰਾਜਨੀਤਿਕ ਵਿਸ਼ਲੇਸ਼ਕਾਂ ਦੀਆਂ ਨਜ਼ਰਾਂ ਇਸ ਸੰਮੇਲਨ ਦੇ ਸਾਈਡ 'ਤੇ ਭਾਰਤ ਤੇ ਚੀਨ ਅਤੇ ਭਾਰਤ ਤੇ ਰੂਸ ਦੇ ਮੁਖੀਆਂ ਵਿਚਕਾਰ ਹੋਣ ਵਾਲੀ ਗੱਲਬਾਤ 'ਤੇ ਵੀ ਟਿਕੀਆਂ ਹੋਈਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਤਾਂ ਸੰਮੇਲਨ ਤੋਂ ਪਹਿਲੀ ਸ਼ਾਮ ਹੀ ਮੀਟਿੰਗ ਹੋ ਚੁੱਕੀ ਹੈ, ਪਰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨ ਪਿੰਗ ਨਾਲ ਇਹ ਹਾਲੇ ਹੋਣੀ ਹੈ। ਇਸ ਮੁਲਕਾਤ ਦੇ ਨਤੀਜਿਆਂ ਵੱਲ ਹੀ ਅਸਲ ਵਿੱਚ ਸਾਰੀ ਦੁਨੀਆਂ ਵੇਖ ਰਹੀ ਹੈ। ਰੂਸ ਅਤੇ ਚੀਨ ਦੇ ਸੰਦਰਭ ਵਿੱਚ ਹਿੰਦੁਸਤਾਨ ਦੀ ਜੀਓ-ਪੁਲਿਟੀਕਲ ਸਥਿਤੀ ਇਹੋ ਜਿਹੀ ਹੈ ਕਿ ਇਸ ਦੀ ਵਸਤੂਗਤ ਨੇੜਤਾ ਭਾਰਤ ਨੂੰ ਰੂਸ-ਚੀਨ ਗੱਠਜੋੜ ਵੱਲ ਖਿੱਚ ਰਹੀ ਹੈ, ਜਦਕਿ ਆਪਣੇ ਆਰਥਕ-ਤਕਨੀਕੀ ਵਿਕਾਸ ਦੀਆਂ ਲੋੜਾਂ ਇਸ ਨੂੰ ਅਮਰੀਕਾ ਅਤੇ ਪੱਛਮੀ ਮੁਲਕਾਂ ਵੱਲ ਖਿੱਚ ਰਹੀਆਂ ਹਨ। ਕੀ ਰੂਸ ਅਤੇ ਚੀਨ ਭਾਰਤ ਦੀਆਂ ਉਚ ਤਕਨੀਕ

⇒ ਬਾਕੀ ਸਫਾ 19 ਉਤੇ ਪੜ੍ਹੋ










# Happy Gazab® Diwali

Premium Quality



**As the Festival of Lights approaches, we at United Trading Inc. want to extend our warmest wishes for a happy and prosperous Diwali to all!**

## May this festive season bring joy, prosperity, and new beginnings to your homes.

**We also want to take a moment to express our heartfelt gratitude to our valued customers and partners. Your unwavering support has been instrumental in our journey as a wholesale distributor over the past 20 years. With locations in Des Plaines and Dallas, we are proud to serve you and contribute to our vibrant community.**

**May this Diwali bring you joy, success, and countless blessings. Thank you for being a part of our story. Here's to celebrating together!**



Administration Team

**President: Surinder Singh Mulatni**
**Vice President: Gagandeep Singh Multani**

**UNITED TRADING INC.**

201 W. OAKTON STREEY, UNIT-A
DES PLAINES, IL. 60018 & DALLAS, TX
Office: 224 500 3678 F. 847 378 4521
WWW.UTIGAZAB.COM

# ਪੰਜਾਬ ਦਾ ਝੋਨਾ ਮੰਡੀਆਂ ਵਿੱਚ ਰੋਲ਼ਿਆ

*ਐਮ.ਐਸ.ਪੀ. ਤੋਂ ਘੱਟ ਵਿਕ ਰਿਹਾ ਹੈ ਝੋਨਾ ਪੰਜਾਬ 'ਚ
*ਕਿਸਾਨਾਂ ਨੇ ਸੜਕਾਂ ਜਾਮ ਤੇ ਟੋਲ ਪਲਾਜ਼ੇ ਮੁਫਤ ਕੀਤੇ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੀਆਂ ਮੰਡੀਆਂ ਵਿੱਚ ਇਨ੍ਹੀਂ ਦਿਨੀਂ ਝੋਨੇ ਦੇ ਅੰਬਾਰ ਲੱਗੇ ਪਏ ਹਨ, ਪਰ ਖਰੀਦਦਾਰ ਨਦਾਰਦ ਹਨ। ਸਰਕਾਰ ਵੱਲੋਂ 1 ਅਕਤੂਬਰ ਤੋਂ ਮੰਡੀਆਂ ਵਿੱਚੋਂ ਝੋਨਾ ਖਰੀਦਣ ਦਾ ਐਲਾਨ ਕੀਤਾ ਗਿਆ ਸੀ, ਪਰ ਹਾਲੇ ਤੱਕ ਸਿਰਫ 22 ਕੁ ਲੱਖ ਟਨ ਝੋਨਾ ਹੀ ਖਰੀਦਿਆ ਗਿਆ ਹੈ ਤੇ ਕੁੱਲ ਚਾਰ ਲੱਖ ਟਨ ਝੋਨਾ ਮੰਡੀਆਂ ਵਿੱਚੋਂ ਚੁੱਕਿਆ ਗਿਆ ਹੈ। ਪੰਜਾਬ ਵਿੱਚ 187 ਲੱਖ ਟਨ ਝੋਨਾ ਮੰਡੀਆਂ ਵਿੱਚ ਆਉਣ ਦੀ ਉਮੀਦ ਹੈ। ਇਸ ਵਾਰ ਬੰਪਰ ਫਸਲ ਹੋਣ ਦੀ ਆਸ ਬਣੀ ਹੋਈ ਹੈ। ਸ਼ੈਲਰਾਂ ਅਤੇ ਮੰਡੀਆਂ ਵਿੱਚੋਂ ਫਸਲ ਚੁੱਕੇ ਨਾ ਜਾਣ ਦੇ ਵਿਰੋਧ ਵਿੱਚ ਕਿਸਾਨਾਂ ਨੇ ਥਾਂ-ਥਾਂ ਸੜਕਾਂ ਜਾਮ ਕੀਤੀਆਂ ਹੋਈਆਂ ਹਨ। ਜਲੰਧਰ ਵਿੱਚ ਧੰਨੋਵਾਲੀ ਫਾਟਕ ਨੇੜੇ ਕਿਸਾਨਾਂ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ ਅਤੇ ਮੁੱਖ ਜੀ.ਟੀ. ਰੋਡ 'ਤੇ ਸੜਕ ਜਾਮ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਫਗਵਾੜਾ ਸ਼ੂਗਰ ਮਿੱਲ ਨੇੜੇ ਵੀ ਕਿਸਾਨਾਂ ਵੱਲੋਂ ਧਰਨਾ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਵਿੱਚ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਵੀ ਧਰਨੇ ਦਿੱਤੇ ਜਾ ਰਹੇ ਹਨ। ਜੁਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਾਲੀ ਕਿਸਾਨ ਜਥੇਬੰਦੀ ਵੱਲੋਂ ਰਾਜ ਵਿੱਚ 51 ਟੋਲ ਪਲਾਜ਼ਿਆਂ 'ਤੇ ਧਰਨੇ ਦਿੱਤੇ ਜਾ ਰਹੇ ਹਨ ਅਤੇ ਇਹ ਪਲਾਜ਼ੇ ਟੋਲ ਪਰਚੀ ਤੋਂ ਮੁਕਤ ਕਰ ਦਿੱਤੇ ਗਏ ਹਨ। ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੀ ਕੋਠੀ ਨੂੰ ਘੇਰਨ ਦਾ ਯਤਨ ਕੀਤਾ, ਪਰ ਚੰਡੀਗੜ੍ਹ ਪੁਲਿਸ ਅਤੇ ਨੀਮ ਸੁਰੱਖਿਆ ਦਸਤਿਆਂ ਨੇ ਉਨ੍ਹਾਂ ਨੂੰ ਕਿਸਾਨ ਭਵਨ ਤੋਂ ਬਾਹਰ ਨਹੀਂ ਨਿਕਲਣ ਦਿੱਤਾ। ਪਿਛੋਂ ਮੁੱਖ ਮੰਤਰੀ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਵਿੱਚ ਭਗਵੰਤ ਮਾਨ ਨੇ ਦੋ ਦਿਨ ਦੇਣ ਦੀ ਮੰਗ ਕੀਤੀ, ਪਰ ਕਿਸਾਨਾਂ ਨੇ ਉਨ੍ਹਾਂ ਨੂੰ ਚਾਰ ਦਿਨ ਦੇਣ ਦਾ ਐਲਾਨ ਕੀਤਾ। ਇਹ ਚਾਰ ਦਿਨ ਵੀ ਹੁਣ ਗੁਜ਼ਰ ਚੁੱਕੇ ਹਨ।

ਇਸ ਮਸਲੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਖਾਧ-ਖੁਰਾਕ ਅਤੇ ਖਪਤ ਬਾਰੇ ਕੇਂਦਰੀ ਮੰਤਰੀ ਪ੍ਰਹਲਾਦ ਜੋਸ਼ੀ ਨੂੰ ਵੀ ਮਿਲੇ। ਉਨ੍ਹਾਂ ਸਭ ਠੀਕ ਕਰਨ ਦਾ ਵਾਅਦਾ ਕੀਤਾ, ਪਰ ਪਰਨਾਲਾ ਉਥੇ ਦਾ ਉਥੇ ਰਿਹਾ। ਸਗੋਂ ਉਲਟਾ ਕੇਂਦਰੀ ਮੰਤਰੀ ਨੇ ਝੋਨੇ ਦੀ ਕਿਸਮ ਪੀ.ਆਰ.-126 ਦਾ ਰੱਟਾ ਮੁਕਾਉਣ ਲਈ ਸਿੱਧੇ ਆਪਣੇ ਨਾਲ ਗੱਲਬਾਤ ਵਾਸਤੇ ਸ਼ੈਲਰ ਮਾਲਕਾਂ ਨੂੰ ਸੱਦ ਲਿਆ। ਝੋਨੇ ਦੀ ਇਸ ਕਿਸਮ ਦਾ ਛਿਲਕਾ ਲਾਹੁਣ ਤੋਂ ਬਾਅਦ ਚੌਲ 62 ਕਿੱਲੋ ਰਹਿ ਜਾਂਦਾ ਹੈ। ਜਦੋਂ ਕਿ ਦੂਜੀਆਂ ਕਿਸਮਾਂ 67 ਕਿੱਲੋ ਨਿਕਲਦੀਆਂ ਹਨ। ਇਸ ਕਿਸਮ ਦਾ ਝੋਨਾ ਦੋ ਮਹੀਨੇ ਵਿੱਚ ਪੱਕ ਜਾਂਦਾ ਹੈ। ਕਿਸਾਨਾਂ ਦੇ ਕੁਝ ਧਰਨੇ ਤਾਂ ਲੀਡਰਸ਼ਿੱਪ ਵੱਲੋਂ ਪਹਿਲਾਂ ਐਲਾਨ ਕੇ ਲਗਾਏ ਜਾ ਰਹੇ ਹਨ, ਪਰ ਬਹੁਤੀਆਂ ਥਾਵਾਂ 'ਤੇ ਕਿਸਾਨਾਂ ਵੱਲੋਂ ਆਪ-ਮੁਹਾਰੇ ਹੀ ਧਰਨੇ ਲਗਾਏ ਜਾ ਰਹੇ ਹਨ। ਇਸ ਕਾਰਨ ਮੁਸਾਫਰਾਂ, ਵਿਦਿਆਰਥੀਆਂ ਅਤੇ ਮੁਲਾਜ਼ਮਾਂ ਆਦਿ ਦੀ ਬੜੀ ਵੱਡੀ ਖੱਜਲ ਖੁਆਰੀ ਹੋ ਰਹੀ ਹੈ। ਬੀਤੇ ਹਫਤੇ ਜੁਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਿੱਚ ਕਿਸਾਨਾਂ ਨੇ ਤਿੰਨ ਘੰਟੇ ਲਈ ਰੇਲਾਂ ਦਾ ਚੱਕਾ ਵੀ ਜਾਮ ਕੀਤਾ ਸੀ।



ਮਾਝੇ ਅਤੇ ਦੁਆਬੇ ਵਿੱਚ ਝੋਨੇ ਦੀ ਫਸਲ ਤਕਰੀਬਨ ਕੱਟੀ ਜਾ ਚੁੱਕੀ ਹੈ, ਜਦਕਿ ਮਾਲਵੇ ਅਤੇ ਪੁਆਧ ਦੇ ਵੱਡੇ ਹਿੱਸੇ ਵਿੱਚ ਇਹ ਕਟਾਈ ਹੋਣੀ ਅਜੇ ਬਾਕੀ ਹੈ। ਅਗਲੇ ਕੁਝ ਦਿਨਾਂ ਵਿੱਚ ਹੀ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦਾ ਹੜ੍ਹ ਆਉਣ ਵਾਲਾ ਹੈ। ਕੁਝ ਕੁ ਦਿਨ ਤਾਂ ਪੰਜਾਬ ਦੀਆਂ ਮੰਡੀਆਂ ਵਿੱਚ ਰੋਜ਼ਾਨਾ 10 ਲੱਖ ਟਨ ਝੋਨੇ ਦੀ ਆਮਦ ਹੁੰਦੀ ਹੈ। ਇਸ ਹਾਲਤ ਵਿੱਚ ਮੰਡੀਆਂ ਵਿੱਚ ਫਸਲ ਰੱਖਣ ਲਈ ਥਾਂ ਨਹੀਂ ਮਿਲਣੀ। ਇੰਨੀ ਜ਼ਿਆਦਾ ਫਸਲ ਕਿਸਾਨ ਆਪਣੇ ਘਰਾਂ ਵਿੱਚ ਵੀ ਨਹੀਂ ਰੱਖ ਸਕਦੇ।

ਝੋਨੇ ਦੀ ਫਸਲ ਦੀ ਚੱਜ ਨਾਲ ਖਰੀਦ ਦਾ ਪ੍ਰਬੰਧ ਨਾ ਤਾਂ ਪੰਜਾਬ ਸਰਕਾਰ ਤੋਂ ਹੋ ਰਿਹਾ ਹੈ ਅਤੇ ਨਾ ਕੇਂਦਰ ਸਰਕਾਰ ਕੋਈ ਸਾਰਥਕ ਦਖਲ ਦੇਣ ਦੀ ਇੱਛੁਕ ਦਿਸਦੀ ਹੈ। ਜਾਪਦਾ ਹੈ, ਭਾਜਪਾ ਅਤੇ 'ਆਪ' ਵਿਚਾਲੇ ਝੋਨੇ ਦੀ ਖਰੀਦ ਨੂੰ ਲੈ ਕੇ ਵੀ ਸਿਆਸੀ ਰੱਸਾ-ਕਸ਼ੀ ਚੱਲ ਰਹੀ ਹੈ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਉਨ੍ਹਾਂ ਦੀਆਂ ਟਰਾਲੀਆਂ ਦਾ ਮੂੰਹ ਅਡਾਨੀ ਦੇ ਸਾਈਲੋਜ਼ ਵੱਲ ਕਰਨਾ ਚਹੁੰਦੀ ਹੈ; ਪਰ ਸੱਚਾਈ ਇਹ ਹੈ ਕਿ ਝੋਨਾ ਸਾਈਲੋਜ਼ ਵਿੱਚ ਸਟੋਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਿੱਚ ਸਿਰਫ ਕਣਕ ਹੀ ਸਟੋਰ ਕੀਤੀ ਜਾ ਸਕਦੀ ਹੈ। ਜਾਪਦਾ ਇੰਝ ਹੈ ਕਿ ਅਗਲੇ ਦਿਨਾਂ ਵਿੱਚ ਰਾਜ ਵਿੱਚ ਆ ਰਹੀਆਂ ਚਾਰ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਕੇਂਦਰ ਦੀ ਭਾਜਪਾ ਸਰਕਾਰ ਚਾਹੁੰਦੀ ਹੈ ਕਿ ਕਿਸਾਨਾਂ ਵਿੱਚ ਉਨ੍ਹਾਂ ਦੀ ਪਾਰਟੀ ਦੀ ਭੱਲ ਬਣੇ, ਜਦਕਿ ਪੰਜਾਬ ਸਰਕਾਰ ਕੇਂਦਰੀ ਸਕੀਮਾਂ ਨੂੰ ਆਪਣੇ ਖਾਤੇ ਪਾਉਣ ਲਈ ਸਰਗਰਮ ਰਹਿੰਦੀ ਹੈ।

ਯਾਦ ਰਹੇ, ਜਦੋਂ ਹਾਲੇ ਨਵੀਂ ਝੋਨੇ ਦੀ ਫਸਲ ਮੰਡੀਆਂ ਵਿੱਚ ਆਉਣੀ ਆਰੰਭ ਨਹੀਂ ਸੀ ਹੋਈ, ਉਸ ਤੋਂ ਪਹਿਲਾਂ ਵੀ ਪੰਜਾਬ ਕਿਸਾਨ ਜਥੇਬੰਦੀਆਂ ਰੌਲਾ ਪਾਉਂਦੀਆਂ ਰਹੀਆਂ ਹਨ ਕਿ ਪੰਜਾਬ ਦੇ ਗੁਦਾਮਾਂ ਵਿੱਚੋਂ ਪਿਛਲੇ ਸਾਲ ਦਾ ਪਿਆ ਝੋਨਾ ਚੁੱਕਿਆ ਜਾਵੇ; ਪਰ ਇਸ ਨੂੰ ਹਕੀਕਤ ਵਿੱਚ ਬਦਲਣ ਦੀ ਪੰਜਾਬ ਤੇ ਕੇਂਦਰ ਸਰਕਾਰ ਨੇ ਕੋਈ ਕੋਸ਼ਿਸ਼ ਨਹੀਂ ਕੀਤੀ। ਜੇ ਪਿਛਲੇ ਸਾਲ ਵਾਲਾ ਝੋਨਾ ਹੀ ਸਟੋਰਾਂ ਵਿੱਚੋਂ ਨਹੀਂ ਚੁੱਕਿਆ ਗਿਆ ਤਾਂ ਨਵੀਂ ਫਸਲ ਕਿੱਥੇ ਰੱਖਣੀ ਹੈ? ਮੰਡੀਆਂ ਵਿੱਚ ਫਸਲ ਦਾ ਗਲੱਟ ਹੋਣ ਕਰਕੇ ਝੋਨਾ ਪੰਜਾਬ ਵਿੱਚ ਐਮ.ਐਸ.ਪੀ. ਤੋਂ 200-300 ਰੁਪਏ ਹੇਠਾਂ ਵਿਕ ਰਿਹਾ ਹੈ। ਜਦਕਿ ਦੇਸ਼ ਦੇ ਉੜੀਸਾ ਵਰਗੇ ਦੂਜੇ ਰਾਜਾਂ ਵਿੱਚ ਝੋਨਾ 3100 ਰੁਪਏ ਕੁਇੰਟਲ ਵਿਕ ਰਿਹਾ ਹੈ। ਇਨ੍ਹਾਂ ਰਾਜਾਂ ਵਿੱਚ ਬੰਦਰਗਾਹਾਂ ਨੇੜੇ ਹੋਣ ਕਰਕੇ ਚੌਲ ਐਕਸਪੋਰਟ ਕੀਤਾ ਜਾਂਦਾ ਹੈ। ਜਦਕਿ ਪੰਜਾਬ ਵਿੱਚ ਫਸਲ ਸਰਕਾਰੀ ਖੁਰਾਕ ਵੰਡ ਸਕੀਮ (ਪੀ.ਡੀ.ਐਸ.) ਲਈ ਜ਼ਿਆਦਾ ਖਰੀਦੀ ਜਾਂਦੀ ਹੈ। ਇਹ ਮੁੱਖ ਤੌਰ 'ਤੇ ਕੇਂਦਰ ਸਰਕਾਰ ਦੀ ਹੀ ਸਕੀਮ ਹੈ।

ਕਈ ਥਾਂਈਂ ਤਾਂ 15-15 ਦਿਨ ਤੋਂ ਕਿਸਾਨ ਮੰਡੀਆਂ ਵਿੱਚ ਬੈਠੇ ਹਨ। ਇਨ੍ਹਾਂ ਕਿਸਾਨਾਂ ਨੇ ਅੱਕ ਕੇ ਕਿਹਾ, 'ਜੇ ਸਾਡੀ ਪੁੱਤਾਂ ਵਾਂਗ ਪਾਲੀ ਫਸਲ ਥੁਆਤੋਂ ਨਹੀਂ ਚੁੱਕੀ ਜਾਂਦੀ ਤਾਂ ਪਾਕਿਸਤਾਨ ਵਾਲਾ ਬਾਰਡਰ ਹੀ ਖੋਲ੍ਹ ਦਿਓ, ਉਧਰ ਚੌਲਾਂ ਦਾ ਘੱਟੋ-ਘੱਟ ਰੇਟ 310 ਰੁਪਏ ਕਿੱਲੋ ਹੈ।'

ਸ਼ੈਲਰਾਂ ਵਾਲੇ ਅੜਿਕਾ ਡਾਹੀਂ ਬੈਠੇ ਹਨ ਕਿ ਇੱਕ ਝੋਨੇ ਦੀ ਵਰਾਇਟੀ ਦਾ, ਜਿਸ ਦੇ ਇੱਕ ਕੁਇੰਟਲ ਝੋਨੇ ਵਿੱਚੋਂ 67 ਦੀ ਥਾਂ 62 ਕਿੱਲੋ ਚੌਲ ਨਿਕਲਦੇ ਹਨ। ਸ਼ੈਲਰ ਮਾਲਕ ਆਖ ਰਹੇ ਹਨ ਕਿ ਇਹ ਘਾਟਾ ਅਸੀਂ ਕਿੱਥੋਂ ਜਰਾਂਗੇ। ਇਹ ਟੈਕਨੀਕਲ ਮਸਲੇ ਹਨ, ਇੰਨੀ ਦੇਰ ਤੱਕ ਕਿਉਂ ਲਟਕ ਗਏ? ਕੀ ਕਰਦੀਆਂ ਨੇ ਸਰਕਾਰਾਂ? ਇਹੋ ਜਿਹੇ ਮਸਲੇ ਨਵੀਂ ਫਸਲ ਆਉਣ ਤੋਂ 6 ਮਹੀਨੇ ਪਹਿਲਾਂ ਨਹੀਂ ਨਜਿੱਠ ਲਏ ਜਾਣੇ ਚਾਹੀਦੇ? ਇੱਕ ਦੋ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੈਲਰ ਮਾਲਕਾਂ ਨਾਲ ਮੀਟਿੰਗ ਕੀਤੀ। ਲੇਲੇ-ਪੇਪੇ ਕਰ ਕੇ ਸਾਰ ਦਿੱਤਾ। ਇਹ ਮੀਟਿੰਗਾਂ 'ਤੇ ਚਾਹ ਦੇ ਕੱਪ ਸਾਂਝੇ ਕਰਨ ਦਾ ਵਕਤ ਨਹੀਂ ਹੈ। ਕਿਸਾਨਾਂ ਵੱਲੋਂ ਬੱਚਿਆਂ ਵਾਂਗ ਪਾਲੀ ਫਸਲ ਮੰਡੀਆਂ ਵਿੱਚ ਨੰਗੇ ਆਸਮਾਨ ਹੇਠਾਂ ਪਈ ਹੈ। ਸ਼ੁਕਰ ਹੈ, ਹਾਲੇ ਤੱਕ ਮੀਂਹ ਵਾਲੇ ਨੇ ਰਹਿਮ ਕੀਤਾ ਹੋਇਆ ਹੈ, ਇੰਨੀ ਵੱਡੀ ਮਾਤਰਾ ਵਿੱਚ ਇਕੱਠੀ ਹੋਈ ਫਸਲ 'ਤੇ ਬਾਰਸ਼ ਹੋ ਗਈ ਤਾਂ ਕੀ ਬਣੇਗਾ? ਸੋਚਿਆਂ ਬੰਦਾ ਕੰਬ ਜਾਂਦਾ ਹੈ।

ਪੰਜਾਬ ਦੀਆਂ ਮੰਡੀਆਂ ਵਿੱਚ ਹਰ ਸਾਲ 40-45 ਹਜ਼ਾਰ ਕਰੋੜ ਰੁਪਈਆ ਝੋਨੇ ਦੀ ਖਰੀਦ ਲਈ ਆਉਂਦਾ ਹੈ। ਜੇ ਐਨ.ਆਰ.ਆਈ. ਪੈਸਾ ਮਾਰਕਿਟ ਵਿੱਚ ਨਾ ਆਵੇ ਤਾਂ ਕਣਕ-ਝੋਨੇ ਦੀ ਫਸਲ ਦਾ ਹੀ ਪੈਸਾ ਹੈ, ਜਿਹੜਾ ਪੰਜਾਬ ਦੇ ਸਾਰੇ ਤਬਕਿਆਂ ਦੇ ਚੁੱਲ੍ਹੇ ਮਘਦੇ ਰੱਖਦਾ ਹੈ। ਇਸ ਰਾਜ ਦੀ ਆਰਥਕਤਾ ਅਤੇ ਮਨੁੱਖੀ ਜ਼ਿੰਦਗੀ ਦੀ ਜਿੰਦ-ਜਾਨ ਹੋਣ ਦੇ ਬਾਵਜੂਦ ਇਹ ਫਸਲ ਮੰਡੀਆਂ ਵਿੱਚ ਰੋਲ਼ੀ ਜਾ ਰਹੀ ਹੈ। ਕਦੀ ਸਾਡੇ ਕੋਲ ਖ਼ਾਣ ਲਈ ਅੰਨ ਦਾ ਭੋਰਾ ਨਹੀਂ ਸੀ। ਆਪਣੇ ਲੋਕਾਂ ਦੇ ਢਿੱਡ ਨੂੰ ਝੁਲਕਾ ਦੇਣ ਲਈ ਅਮਰੀਕਾ ਸਮੇਤ ਦੂਜੇ ਮੁਲਕਾਂ ਕੋਲ ਹੱਥ ਅੱਡਦੇ ਸਾਂ। ਜਿਨ੍ਹਾਂ ਨੇ ਸਵੈ-ਨਿਰਭਰ ਕੀਤੇ, ਉਨ੍ਹਾਂ ਦੇ ਹੀ ਰਿਜ਼ਕ ਨੂੰ ਅੱਜ ਲੱਤਾਂ ਮਾਰ ਰਹੇ ਹਾਂ? ਯਾਦ ਰੱਖੋ, ਚੰਗੇ-ਮਾੜੇ ਵਕਤ ਦਾ ਪਹੀਆ ਘੁੰਮਦਿਆਂ ਦੇਰ ਨਹੀਂ ਲਗਦੀ। ਕਿਧਰੇ ਫੇਰ ਦਾਣੇ-ਦਾਣੇ ਨੂੰ ਤਰਸਣਾ ਪੈ ਗਿਆ ਤਾਂ ਵੇਖੋਗੇ ਕਸੂਤੇ ਥਾਂ ਹੱਥ ਲਾ-ਲਾ ਕੇ!





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਭਗਤ ਪੂਰਨ ਸਿੰਘ ਨੂੰ ਸਮਰਪਿਤ ਗੁਰਦੁਆਰਾ ਪੈਲਾਟਾਈਨ 'ਚ ਸਮਾਗਮ










**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸੇਵਾ ਨੂੰ ਸਮਰਪਿਤ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਬਰਸੀ ਲੰਘੇ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਸ਼ਰਧਾ ਨਾਲ ਮਨਾਈ ਗਈ। ਪੰਜਾਬੀ ਵਿਰਾਸਤ ਸੰਸਥਾ (ਪੀ.ਐਚ.ਓ.) ਵੱਲੋਂ ਸੰਗਤ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਮੌਕੇ ਸਹਿਜ ਪਾਠ ਦੇ ਭੋਗ ਉਪਰੰਤ ਭਾਈ ਅਨਮੋਲ ਸਿੰਘ ਰਤਨ, ਭਾਈ ਓਂਕਾਰ ਸਿੰਘ ਬਰੈਂਪਟਨ ਤੇ ਭਾਈ ਸੰਦੀਪ ਸਿੰਘ ਦੇ ਜਥਿਆਂ ਨੇ ਕੀਰਤਨ ਕੀਤਾ ਅਤੇ ਭਾਈ ਲਖਵਿੰਦਰ ਸਿੰਘ ਲਖਨਊ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਂਜ ਐਤਵਾਰ ਦੇ ਦੀਵਾਨ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਦਿਵਸ, ਗੁਰੂ ਹਰਿਰਾਏ ਸਾਹਿਬ ਦੇ ਜੋਤੀਜੋਤਿ ਦਿਹਾੜੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਵੀ ਸਮਰਪਿਤ ਸਨ।

ਇਸ ਮੌਕੇ ਪੀ.ਐਚ.ਓ. ਦੀ ਤਰਫੋਂ ਸ. ਹਰਜੀਤ ਸਿੰਘ ਗਿੱਲ ਨੇ ਭਗਤ ਪੂਰਨ ਸਿੰਘ ਜੀ ਬਾਰੇ ਅਤੇ ਉਨ੍ਹਾਂ ਵੱਲੋਂ ਸਥਾਪਤ ਕੀਤੇ ਗਏ ਪਿੰਗਲਵਾੜੇ ਬਾਰੇ ਚਾਨਣਾ ਪਾਇਆ ਤੇ ਸੰਗਤ ਨੂੰ ਵੱਧ ਤੋਂ ਵੱਧ ਦਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਬੇਆਸਰਿਆਂ ਤੇ ਲੋੜਵੰਦਾਂ ਦੀ ਸੇਵਾ ਵਿੱਚ ਜੁਟੇ ਪਿੰਗਲਵਾੜਾ ਅੰਮ੍ਰਿਤਸਰ ਦਾ ਰੋਜ਼ ਦਾ ਖਰਚ ਕਰੀਬ ਸਾਢੇ ਦਸ ਲੱਖ ਰੁਪਏ ਬਣਦਾ ਹੈ, ਜੋ ਸੰਗਤ ਵੱਲੋਂ ਦਿੱਤੇ ਦਾਨ ਨਾਲ ਹੀ ਚਲਦਾ ਹੈ। ਸ. ਗਿੱਲ ਨੇ ਦੱਸਿਆ ਕਿ ਪਿੰਗਲਵਾੜਾ ਦੀਆਂ ਅਲੱਗ ਅੱਲਗ ਸ਼ਾਖਾਵਾਂ ਵਿਚ 1800 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਦੇ ਰਹਿਣ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿੰਗਲਵਾੜਾ ਦੀ ਮੁੱਖ ਸ਼ਾਖ ਤੋਂ ਇਲਾਵਾ ਇਸ ਦੀਆਂ ਸ਼ਾਖਾਵਾਂ ਮਾਨਾਂਵਾਲਾ ਕੰਪਲੈਕਸ, ਪੰਡੋਰੀ ਵੜੈਚ, ਗੋਇੰਦਵਾਲ, ਜਲੰਧਰ, ਸੰਗਰੂਰ, ਚੰਡੀਗੜ੍ਹ (ਪਲਸੌਰਾ) ਅਤੇ ਲੁਧਿਆਣਾ ਦੇ ਪਮਾਲੀ ਵਿੱਚ ਸਥਿੱਤ ਹਨ। ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਮੈਂਬਰਾਂ ਦੀ ਦੇਖ-ਰੇਖ ਹੇਠ ਦਾਨੀ ਸੱਜਣਾਂ ਦੇ ਦਾਨ ਨਾਲ ਇਨ੍ਹਾਂ ਦਾ ਪ੍ਰਬੰਧ ਚਲਾਇਆ ਜਾ ਰਿਹਾ ਹੈ।

ਯਾਦ ਰਹੇ, ਪਿੰਗਲਵਾੜਾ ਲਈ ਨਵੰਬਰ 1958 ਵਿੱਚ ਥਾਂ ਖਰੀਦੀ ਗਈ ਸੀ ਅਤੇ ਮੌਜੂਦਾ ਸਮੇਂ ਸੰਗਤ ਦੇ ਦਾਨ ਨਾਲ ਇਸ ਦਾ ਵਿਸਥਾਰ ਹੋਇਆ ਹੈ। ਪਿੰਗਲਵਾੜਾ ਵਿੱਚ ਲੋੜਵੰਦਾਂ ਤੇ ਮਰੀਜ਼ਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਦੇ ਨਾਲ ਨਾਲ ਖਰਚੇ ਵੀ ਵਧੇ ਹਨ, ਜੋ ਦਾਨੀ ਸੱਜਣਾਂ ਤੇ ਸੰਗਤ ਵੱਲੋਂ ਦਿੱਤੇ ਜਾਂਦੇ ਵਿੱਤੀ ਸਹਿਯੋਗ ਨਾਲ ਓਟੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਭਗਤ ਪੂਰਨ ਸਿੰਘ ਨੇ ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਆਪਾ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨਭੇਦ ਦੇ ਅੰਗਹੀਣਾਂ, ਨਿਥਾਵਿਆਂ, ਲੋੜਵੰਦਾਂ ਦੀ ਸੇਵਾ ਵਿੱਚ ਲਾ ਦਿੱਤੀ। ਉਨ੍ਹਾਂ ਵੱਲੋਂ ਕਾਇਮ ਕੀਤਾ ਪਿੰਗਲਵਾੜਾ ਅੱਜ ਵੀ ਨਿਸ਼ਕਾਮ ਤੇ ਨਿਰਸਵਾਰਥ ਸੇਵਾ ਦੀ ਮਿਸਾਲ ਬਣਿਆ ਹੋਇਆ ਹੈ।

ਭਗਤ ਪੂਰਨ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਹਰ ਸਾਲ ਗੁਰਦੁਆਰਾ ਪੈਲਾਟਾਈਨ ਵਿਖੇ ਸਮਾਗਮ ਕੀਤਾ ਜਾਂਦਾ ਹੈ ਅਤੇ ਸੰਗਤ ਤੋਂ ਉਗਰਾਹੀ ਕਰ ਕੇ 'ਜਸਵੰਤ ਸਾਹਨੀ ਟਰੱਸਟ ਫੰਡ ਪਿੰਗਲਵਾੜਾ ਡੋਨੇਸ਼ਨ' ਪਿਟਸਟਾਊਨ, ਨਿਊ ਜਰਸੀ ਨੂੰ ਭੇਜੀ ਜਾਂਦੀ ਹੈ, ਜਿਸ ਨਾਲ ਪਿੰਗਲਵਾੜੇ ਦੇ ਰੋਜ਼ਾਨਾ ਖਰਚਿਆਂ ਦੀ ਪੂਰਤੀ ਲਈ ਹਿੱਸਾ ਪੈ ਜਾਂਦਾ ਹੈ। ਪੀ.ਐਚ.ਓ. ਸਾਲ 2005 ਤੋਂ ਭਗਤ ਪੂਰਨ ਸਿੰਘ ਜੀ ਦਾ ਸੇਵਾ ਦਾ ਸੁਨੇਹਾ ਸੰਗਤ ਤੱਕ ਪੁੱਜਦਾ ਕਰਨ ਅਤੇ ਸੰਗਤ ਤੋਂ ਦਾਨ ਇਕੱਤਰ ਕਰ ਕੇ ਪਿੰਗਲਵਾੜਾ ਤੱਕ ਪੁੱਜਦਾ ਕਰਨ ਵਿੱਚ ਯੋਗਦਾਨ ਪਾ ਰਹੀ ਹੈ। ਇਸੇ ਮੱਦੇਨਜ਼ਰ ਐਤਵਾਰ ਨੂੰ ਸਮਾਗਮ ਦੌਰਾਨ ਸੰਗਤ ਤੋਂ ਦਾਨ ਇਕੱਤਰ ਕਰਨ ਲਈ ਵਿਸ਼ੇਸ਼ ਟੇਬਲ ਲਾਇਆ ਗਿਆ ਸੀ। ਸੰਗਤ ਨੇ ਆਪਣੀ ਸਮਰਥਾ ਮੁਤਾਬਕ ਦਾਨ ਪੇਟੀ ਵਿੱਚ ਸੇਵਾ ਪਾਉਣ ਤੋਂ ਇਲਾਵਾ ਟਰੱਸਟ ਦੇ ਨਾਂ 'ਤੇ ਵੀ ਭੇਟਾ ਦਿੱਤੀ, ਜੋ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ਨੂੰ ਪੁੱਜਦੀ ਕੀਤੀ ਜਾਵੇਗੀ। ਪੀ.ਐਚ.ਓ. ਦੀ ਤਰਫੋਂ ਜੈਰਾਮ ਸਿੰਘ ਕਾਹਲੋਂ, ਲਖਵੀਰ ਸਿੰਘ ਸੰਧੂ ਤੇ ਰਣਜੀਤ ਸਿੰਘ ਗਿੱਲ ਤੋਂ ਇਲਾਵਾ ਗੁਰਬਚਨ ਸਿੰਘ ਸੰਧੂ, ਗੁਰਮੁੱਖ ਸਿੰਘ ਭੁੱਲਰ, ਪਾਲ ਧਾਲੀਵਾਲ, ਬਲਦੇਵ ਸਿੰਘ ਗਿੱਲ ਤੇ ਹੋਰ ਸੇਵਾਦਾਰ ਪਿੰਗਲਵਾੜਾ ਲਈ ਦਾਨ ਇਕੱਤਰ ਕਰਨ ਦੀ ਸੇਵਾ ਨਿਭਾਅ ਰਹੇ ਸਨ। ਇਸ ਮੌਕੇ ਭਗਤ ਪੂਰਨ ਸਿੰਘ ਵੱਲੋਂ ਲਿਖੀਆਂ ਪੁਸਤਕਾਂ ਅਤੇ ਉਨ੍ਹਾਂ ਦੀ ਜੀਵਨੀ ਤੇ ਸੇਵਾ ਬਾਰੇ ਵੱਖ-ਵੱਖ ਲੇਖਕਾਂ ਵੱਲੋਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਇਹ ਪੁਸਤਕਾਂ ਸੰਗਤ ਦੇ ਪੜ੍ਹਨ ਲਈ ਭੇਟਾ ਰਹਿਤ ਰੱਖੀਆਂ ਗਈਆਂ ਸਨ। ਇਸ ਤੋਂ ਇਲਾਵਾ ਪਿੰਗਲਵਾੜਾ ਟਰੱਸਟ ਦੇ ਪ੍ਰਾਜੈਕਟਾਂ ਅਤੇ ਕੰਮਾਂ ਬਾਰੇ ਜਾਣਕਾਰੀ ਵਾਲੇ ਕਿਤਾਬਚੇ ਵੀ ਸੰਗਤ ਲਈ ਮੁਹੱਈਆ ਸਨ।

# ਹਾਫਮੈਨ ਅਸਟੇਟ ਦੇ ਮੇਅਰ ਬਿਲ ਮੈਕਲੌਡ ਦੀ ਮੁੜ ਚੋਣ ਲਈ ਫੰਡਰੇਜ਼



ਬਿਲ ਮੈਕਲੌਡ ਦਾ ਸਨਮਾਨ ਕਰਦੇ ਹੋਏ ਘੁਮਾਣ ਭਰਾ ਅਤੇ ਐਫ.ਆਈ.ਏ. ਦੇ ਨੁਮਾਇੰਦੇ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਹਾਫਮੈਨ ਅਸਟੇਟ ਦੇ ਮੇਅਰ ਬਿਲ ਮੈਕਲੌਡ ਦੀ ਮੁੜ ਚੋਣ ਲਈ ਲੰਘੇ ਦਿਨੀਂ ਇੱਥੋਂ ਦੇ ਹੋਟਲ ਮੈਰੀਅਟ ਵਿੱਚ ਫੰਡਰੇਜ਼ਿੰਗ ਸਮਾਗਮ ਕੀਤਾ ਗਿਆ, ਜਿਸ ਦਾ ਪ੍ਰਬੰਧ ਬਿਜਨਸਮੈਨ ਘੁਮਾਣ ਭਰਾਵਾਂ- ਹਰਸ਼ਰਨ ਸਿੰਘ (ਹੈਰੀ) ਘੁਮਾਣ ਤੇ ਅਮਰਬੀਰ ਸਿੰਘ ਘੁਮਾਣ ਅਤੇ ਹੋਰ ਕਾਰੋਬਾਰੀਆਂ ਤੇ ਭਾਈਚਾਰਕ ਸ਼ਖਸੀਅਤਾਂ ਦੇ ਸਾਂਝੇ ਉਦਮ ਨਾਲ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੇਅਰ ਬਿਲ ਮੈਕਲੌਡ ਨੇ ਕਿਹਾ ਕਿ ਸਾਡਾ ਟੀਚਾ ਹਾਫਮੈਨ ਅਸਟੇਟ ਵਿੱਚ ਕਾਰੋਬਾਰ ਦੇ ਹੋਰ ਵੀ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਾਰੋਬਾਰੀ ਖੇਤਰ ਸਬੰਧੀ ਭਵਿੱਖ ਦੇ ਕੁਝ ਪ੍ਰਾਜੈਕਟਾਂ ਬਾਰੇ ਵੀ ਦੱਸਿਆ ਅਤੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸ਼ਹਿਰ ਕਾਫੀ ਵਧਿਆ-ਫੁਲਿਆ ਹੈ ਤੇ ਲੋਕਾਂ ਦਾ ਪ੍ਰਸ਼ਾਸਨ ਪ੍ਰਤੀ ਵਿਸ਼ਵਾਸ ਦ੍ਰਿੜ ਹੋਇਆ ਹੈ। ਇਸ ਤੋਂ ਇਲਾਵਾ ਵਿਲੇਜ ਸਕੂਲਾਂ ਨੂੰ ਹੋਰ ਬਿਹਤਰ ਬਣਾਉਣ ਲਈ ਵੱਧ ਤੋਂ ਵੱਧ ਚਾਰਾਜੋਈ ਕੀਤੀ ਹੈ। ਉਨ੍ਹਾਂ ਤਸੱਲੀ ਪ੍ਰਗਟਾਈ ਕਿ ਭੂਤਕਾਲ ਵਿੱਚ ਪ੍ਰਸ਼ਾਸਨਿਕ ਪੱਧਰ 'ਤੇ ਸ਼ਹਿਰ ਦੇ ਕਈ ਵਿਕਾਸ ਕਾਰਜ ਹੋਏ ਹਨ ਅਤੇ ਸਾਡੀ ਟੀਮ ਦਾ ਮਨਸ਼ਾ ਸਥਾਨਕ, ਖੇਤਰੀ ਤੇ ਰਾਜ ਕਮੇਟੀਆਂ 'ਤੇ ਸਰਗਰਮੀ ਵਧਾ ਕੇ ਸ਼ਹਿਰ ਨਿਵਾਸੀਆਂ ਅਤੇ ਕਾਰੋਬਾਰੀ ਮਾਲਕਾਂ ਨੂੰ ਵਧੀਆ ਪ੍ਰਤੀਨਿਧਤਾ ਦੇਣਾ ਹੈ। ਬਿਲ ਮੈਕਲੌਡ ਨੇ ਕਿਹਾ ਕਿ ਪ੍ਰਸ਼ਾਸਨਿਕ ਤੌਰ 'ਤੇ ਸਾਡੀ ਇਹੋ ਕੋਸ਼ਿਸ਼ ਰਹਿੰਦੀ ਹੈ ਕਿ ਇੱਥੋਂ ਦੇ ਬਾਸ਼ਿੰਦਿਆਂ ਨੂੰ ਜੀਵਨ ਬਸਰ ਸਬੰਧੀ ਸਹੂਲਤਾਂ ਦੇ ਮੱਦੇਨਜ਼ਰ ਪ੍ਰਾਜੈਕਟਾਂ 'ਤੇ ਕੰਮ ਕਰੀਏ, ਤਾਂ ਜੋ ਲੋਕਾਂ ਦਾ ਰਹਿਣ-ਸਹਿਣ ਮਿਆਰੀ ਤੌਰ 'ਤੇ ਉਚਾ ਹੋਵੇ। ਆਪਣੀ ਚੋਣ ਮੁਹਿੰਮ ਵਿੱਚ ਸਾਥ ਦੇਣ ਅਤੇ ਪਿਛਲੇ ਲੰਮੇ ਸਮੇਂ ਤੋਂ ਭਾਰਤੀ ਭਾਈਚਾਰੇ ਵੱਲੋਂ ਦਿੱਤੇ ਸਹਿਯੋਗ ਲਈ ਉਨ੍ਹਾਂ ਨੇ ਉਚੇਚਾ ਧੰਨਵਾਦ ਕੀਤਾ।

ਇਸ ਮੌਕੇ ਘੁਮਾਣ ਭਰਾਵਾਂ ਤੇ ਐਫ.ਆਈ.ਏ. ਦੇ ਨੁਮਾਇੰਦਿਆਂ ਸੁਨੀਲ ਸ਼ਾਹ, ਨੀਲ ਖੋਟ ਤੇ ਮੁਕੇਸ਼ ਗਾਂਧੀ ਵੱਲੋਂ ਬਿਲ ਮੈਕਲੌਡ ਦਾ ਸ਼ਾਲ ਦੇ ਕੇ ਸਨਮਾਨ ਕੀਤਾ ਗਿਆ। ਹੋਰ ਪ੍ਰਸ਼ਾਸਨਿਕ ਨੁਮਾਇੰਦਗੀ ਲਈ ਚੋਣ ਲੜ ਰਹੇ ਮੌਕੇ 'ਤੇ ਹਾਜ਼ਰ ਬਾਕੀ ਉਮੀਦਵਾਰਾਂ ਨੂੰ ਵੀ ਮਾਣ ਵਜੋਂ ਸ਼ਾਲ ਭੇਟ ਕੀਤੇ ਗਏ। ਇਸ ਮੌਕੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਮੇਅਰ ਦੀ ਜਿੱਤ ਯਕੀਨੀ ਬਣਾਉਣ ਲਈ ਆਪਣੀ ਤਰਫੋਂ ਬਣਦਾ ਵਿੱਤੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਆਪਣੇ ਪੱਧਰ 'ਤੇ ਬਿਲ ਮੈਕਲੌਡ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਦੀ ਗੱਲ ਵੀ ਕਹੀ। ਇਸ ਮੌਕੇ ਐਫ.ਆਈ.ਏ. ਸਮੇਤ ਕੁਝ ਹੋਰਨਾਂ ਜਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਬਿਲ ਮੈਕਲੌਡ ਕਰੀਬ 44 ਸਾਲ ਪਹਿਲਾਂ 1980 ਵਿੱਚ ਹਾਫਮੈਨ ਅਸਟੇਸ ਵਿਲੇਜ ਵਿੱਚ ਬੋਰਡ ਆਫ ਟਰੱਸਟੀ ਨਿਯੁਕਤ ਹੋਏ ਸਨ। ਸਤੰਬਰ 2000 ਤੋਂ ਐਕਟਿੰਗ ਮੇਅਰ ਵਜੋਂ ਸੇਵਾ ਕਰਨ ਤੋਂ ਬਾਅਦ ਉਹ ਅਪ੍ਰੈਲ 2001 ਵਿੱਚ ਮੇਅਰ ਦੇ ਅਹੁਦੇ ਲਈ ਚੁਣੇ ਗਏ ਸਨ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਆਰਥਿਕ ਵਿਕਾਸ ਦੇ ਖੇਤਰਾਂ ਵਿੱਚ ਹਾਫਮੈਨ ਅਸਟੇਟ ਦੇ ਵਿਕਾਸ ਅਤੇ ਸਥਿਰਤਾ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਹੈ। ਵਿਲੇਜ ਦੇ ਕਾਰੋਬਾਰੀ ਖੇਤਰ, ਰਿਹਾਇਸ਼, ਬੁਨਿਆਦੀ ਢਾਂਚਾ ਅਤੇ ਆਵਾਜਾਈ ਸਮੇਤ ਉਨ੍ਹਾਂ ਨੇ ਅੰਤਰ-ਸਰਕਾਰੀ ਸਬੰਧਾਂ ਨੂੰ ਵੀ ਤਰਜੀਹ ਦਿੱਤੀ।

ਯਾਦ ਰਹੇ, ਮੇਅਰ ਬਿਲ ਮੈਕਲੌਡ ਨੇ ਸਫਲਤਾਪੂਰਵਕ ਇੱਕ ਆਰਥਿਕ ਵਿਕਾਸ ਕਮੇਟੀ ਬਣਾਉਣ ਦੀ ਵਕਾਲਤ ਕੀਤੀ ਅਤੇ ਹਾਫਮੈਨ ਅਸਟੇਟ ਇਤਿਹਾਸਕ ਅਜਾਇਬ ਘਰ ਦੀ ਸਿਰਜਣਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਬੈਰਿੰਗਟਨ ਇੰਟਰਚੇਂਜ ਦੇ ਵਿਕਾਸ ਵਿੱਚ ਅਗਵਾਈ ਅਤੇ ਮਾਰਗਦਰਸ਼ਨ ਵਿੱਚ ਮਦਦ ਕੀਤੀ। 2018 ਅਤੇ 2019 ਵਿੱਚ ਮੇਅਰ ਨੇ ਏ.ਟੀ.ਐਂਡ ਟੀ. ਕੈਂਪਸ ਨੂੰ ਨਿਊ ਜਰਸੀ ਦੇ ਬੈੱਲ ਵਰਕਸ ਦੀ ਪਸੰਦ ਦੇ 'ਮੈਟਰੋਬਰਬ' ਵਿੱਚ ਬਦਲਣ ਲਈ ਸਮਰਸੈੱਟ ਵਿਕਾਸ ਨਾਲ ਬਹੁ-ਮਿਲੀਅਨ ਡਾਲਰ ਦਾ ਸੌਦਾ ਕਰਨ ਲਈ ਬੋਰਡ ਅਤੇ ਵਿਲੇਜ ਸਟਾਫ ਨਾਲ ਕੰਮ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦੀ ਖੇਤਰ-ਵਿਆਪੀ ਸੇਵਾ ਵਿੱਚ ਸ਼ਾਮਬਰਗ ਰੀਜਨਲ ਏਅਰ ਪਾਰਕ ਦੇ ਬੋਰਡ ਮੈਂਬਰ ਵਜੋਂ ਸੇਵਾ ਕਰਨਾ ਅਤੇ ਨਾਰਥਵੈਸਟ ਮਿਉਂਸਪਲ ਕਾਨਫਰੰਸ ਵਿੱਚ ਵਿਲੇਜ ਦੀ ਨੁਮਾਇੰਦਗੀ ਕਰਨਾ ਸ਼ਾਮਲ ਹੈ, ਜਿੱਥੇ ਉਨ੍ਹਾਂ ਨੇ ਪਹਿਲਾਂ ਪ੍ਰਧਾਨ ਅਤੇ ਇਸਦੀ ਆਰਥਿਕ ਵਿਕਾਸ ਕਮੇਟੀ ਦੇ ਚੇਅਰਮੈਨ ਤੇ ਵਿਧਾਨਕ ਕਮੇਟੀ ਦੇ ਸਹਿ-ਚੇਅਰ ਵਜੋਂ ਸੇਵਾ ਕੀਤੀ ਸੀ।

ਮੇਅਰ ਮੈਕਲੌਡ ਵਿਲੇਜ ਦੀ ਸਥਿਰਤਾ ਲਈ ਕੰਮ ਕਰ ਰਹੇ ਹਨ ਤੇ ਪਿੰਡ ਵਿੱਚ ਪੌਣ ਤੇ ਸੂਰਜੀ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਉਹ ਜੁਆਇੰਟ ਐਕਸ਼ਨ ਵਾਟਰ ਏਜੰਸੀ ਦੇ ਡਾਇਰੈਕਟਰ ਹਨ ਅਤੇ ਗ੍ਰੇਟਰ ਵੁੱਡਫੀਲਡ ਕਨਵੈਨਸ਼ਨ ਤੇ ਵਿਜ਼ਿਟਰਜ਼ ਬਿਊਰੋ ਦੇ ਸਾਬਕਾ ਡਾਇਰੈਕਟਰ ਹਨ। ਉਹ ਚਿਲਡਰਨ ਐਡਵੋਕੇਸੀ ਸੈਂਟਰ ਆਫ ਨਾਰਥ ਐਂਡ ਨਾਰਥਵੈਸਟ ਕੁੱਕ ਕਾਉਂਟੀ ਦੇ 2014 ਤੋਂ ਹੁਣ ਤੱਕ ਲੀਡਰਸ਼ਿਪ ਬੋਰਡ ਮੈਂਬਰ ਵੀ ਹਨ। ਇਸ ਤੋਂ ਇਲਾਵਾ ਉਨ੍ਹਾਂ ਹੋਰ ਵੀ ਵੱਖ ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ।



# ਨਿੱਝਰ ਕਤਲ ਕਾਂਡ ਅਤੇ ਪੰਨੂੰ ਮਾਮਲੇ ਮੁੜ ਉਭਰੇ

***ਭਾਰਤ ਅਤੇ ਕੈਨੇਡਾ ਨੇ ਇੱਕ ਦੂਜੇ ਦੇ ਸਫਾਰਤੀ ਅਧਿਕਾਰੀ ਕੱਢੇ *ਕੈਨੇਡਾ ਵਿੱਚ ਹੋ ਰਹੇ ਜੁਰਮਾਂ ਵਿੱਚ ਲਾਰੈਂਸ ਬਿਸ਼ਨੋਈ ਦਾ ਨਾਮ ਚਰਚਾ ਵਿੱਚ***

**ਜਸਵੀਰ ਸਿੰਘ ਮਾਂਗਟ**

ਭਾਰਤੀ ਖੁਫੀਆ ਏਜੰਸੀਆਂ ਵੱਲੋਂ ਕੈਨੇਡਾ ਵਿੱਚ ਖਾਲਿਸਤਾਨੀ ਆਗੂਆਂ ਅਤੇ ਕਾਰਕੁੰਨਾਂ ਖਿਲਾਫ ਕਥਿਤ ਕਾਰਵਾਈਆਂ ਨੂੰ ਲੈ ਕੇ ਸਥਿਤੀ ਹੋਰ ਵਿਗੜਨ ਵਾਲੇ ਪਾਸੇ ਤੁਰਦੀ ਨਜ਼ਰ ਆ ਰਹੀ ਹੈ। ਇਸ ਦਰਮਿਆਨ ਅਮਰੀਕਾ ਦੀ ਫੈਡਰਲ ਪੜਤਾਲੀਆ ਏਜੰਸੀ ਐਫ.ਬੀ.ਆਈ. ਨੇ ਐਡਵੋਕੇਟ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਇੱਕ ਯੋਜਨਾ ਦੇ ਮਾਮਲੇ ਵਿੱਚ ਸ਼ਾਮਲ ਦੱਸੇ ਜਾਂਦੇ ਖੁਫੀਆ ਏਜੰਸੀ 'ਰਾਅ' ਦੇ ਸਾਬਕਾ ਅਫਸਰ ਵਿਕਾਸ ਯਾਦਵ ਨੂੰ ਭਾਰਤ ਸਰਕਾਰ ਨੇ ਆਪਣੀ ਹਿਰਾਸਤ ਵਿੱਚ ਲੈਣ ਦੀ ਸੂਚਨਾ ਜਾਰੀ ਕੀਤੀ ਹੈ। ਭਾਵੇਂ ਕਿ ਹਾਲ ਦੀ ਘੜੀ ਜਿਸ ਮਾਮਲੇ ਵਿੱਚ ਇਸ ਅਫਸਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਲਾਰੈਂਸ ਬਿਸ਼ਨੋਈ ਦੇ ਨਾਮ 'ਤੇ ਕਿਸੇ ਕੋਲੋਂ ਫਰੌਤੀ ਮੰਗਣ ਦਾ ਕੇਸ ਦੱਸਿਆ ਜਾ ਰਿਹਾ ਹੈ। ਭਾਰਤ ਸਰਕਾਰ ਅਨੁਸਾਰ ਯਾਦਵ ਨੂੰ ਪਿਛਲੇ ਸਾਲ ਦਸੰਬਰ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੰਨੂੰ ਮਾਮਲੇ ਨੂੰ ਲੈ ਕੇ ਭਾਰਤੀ ਪੜਤਾਲੀਆ ਅਫਸਰਾਂ ਦੀ ਇੱਕ ਟੀਮ ਅਮਰੀਕਾ ਵੀ ਆ ਚੁਕੀ ਹੈ। ਇਸ ਟੀਮ ਦਾ ਆਖਣਾ ਹੈ ਕਿ ਦੋਹਾਂ ਪੱਖਾਂ ਵਿਚਕਾਰ ਸੰਬੰਧਤ ਮਾਮਲੇ ਬਾਰੇ ਗੰਭੀਰ ਗੱਲਬਾਤ ਚੱਲ ਰਹੀ ਹੈ ਅਤੇ ਅਮਰੀਕੀ ਅਧਿਕਾਰੀ ਇਸ ਮਾਮਲੇ ਵਿੱਚ ਭਾਰਤ ਵੱਲੋਂ ਕੀਤੀ ਜਾ ਰਹੀ ਕਾਰਵਾਈ ਤੋਂ ਸੰਤੁਸ਼ਟ ਹਨ। ਖੁਦ ਅਮਰੀਕੀ ਪੜਤਾਲੀਆ ਏਜੰਸੀ ਐਫ.ਬੀ.ਆਈ. ਦੇ ਅਧਿਕਾਰੀਆਂ ਨੇ ਵੀ ਮਾਮਲੇ ਨੂੰ ਲੈ ਕੇ ਤਸੱਲੀ ਜ਼ਾਹਰ ਕੀਤੀ ਹੈ।

ਅਮਰੀਕਾ ਦੇ ਮੁਕਾਬਲੇ ਕੈਨੇਡਾ ਨਾਲ ਇਸੇ ਕਿਸਮ ਦੇ ਮਾਮਲਿਆਂ ਨੂੰ ਲੈ ਕੇ ਕਸ਼ਮਕਸ਼ ਜ਼ਿਆਦਾ ਵਧ ਗਈ ਹੈ। ਕੈਨੇਡਾ ਦੀ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਬੀਤੇ ਦਿਨੀਂ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਹੈ ਕਿ ਉਨ੍ਹਾਂ ਕੋਲ ਨਿੱਝਰ ਕਤਲ ਮਾਮਲੇ ਵਿੱਚ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਦੇ ਸਬੂਤ (ਪਰਸਨ ਆਫ ਇੰਟਰਸਟ) ਹਨ, ਇਸ ਲਈ ਉਨ੍ਹਾਂ ਦੀ ਕੂਟਨੀਤਿਕ ਇਮਿਊਨਿਟੀ ਭਾਰਤ ਵਾਪਸ ਲਵੇ। ਕੈਨੇਡੀਅਨ ਪੁਲਿਸ ਭਾਰਤੀ ਕੂਟਨੀਤਿਕ ਅਧਿਕਾਰੀਆਂ ਤੋਂ ਨਿੱਝਰ ਕਤਲ ਮਾਮਲੇ ਵਿੱਚ ਪੁੱਛਗਿੱਛ ਕਰਨਾ ਚਹੁੰਦੀ ਹੈ, ਪਰ ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਕੂਟਨੀਤਿਕ ਅਧਿਕਾਰੀਆਂ ਨੂੰ ਮਿਲਣ ਵਾਲੀ ਇਮਿਊਨਿਟੀ ਕਾਰਨ ਅਜਿਹਾ ਕਰ ਨਹੀਂ ਸਕਦੀ।

ਇਸ ਦਰਮਿਆਨ ਭਾਰਤ ਸਰਕਾਰ ਵੱਲੋਂ ਇਸ ਕਿਸਮ ਦੀ ਛੋਟ ਦੇਣ ਤੋਂ ਸਾਫ ਇਨਕਾਰ ਕਰਨ ਤੋਂ ਬਾਅਦ ਕੈਨੇਡਾ ਨੇ ਸੰਜੇ ਕੁਮਾਰ ਵਰਮਾ ਸਮੇਤ 6 ਭਾਰਤੀ ਸਫਾਰਤੀ ਅਧਿਕਾਰੀਆਂ ਨੂੰ ਕੈਨੇਡਾ ਵਿੱਚੋਂ ਵਾਪਸ ਜਾਣ ਦਾ ਹੁਕਮ ਦੇ ਦਿੱਤਾ। ਕੈਨੇਡਾ ਵੱਲੋਂ ਲਾਏ ਗਏ ਇਨ੍ਹਾਂ ਦੋਸ਼ਾਂ ਅਤੇ ਕੀਤੀ ਗਈ ਕਾਰਵਾਈ ਦੇ ਪ੍ਰਤੀਕਰਮ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਾਫ ਤੌਰ 'ਤੇ ਕਿਹਾ ਕਿ ਇਹ ਦੋਸ਼ ਆਧਾਰਹੀਣ ਹਨ। ਭਾਰਤ ਨੇ ਵੀ ਇੱਥੇ ਸਥਿਤ 6 ਕੈਨੇਡੀਅਨ ਕੂਟਨੀਤਿਕਾਂ ਨੂੰ ਵਾਪਸ ਜਾਣ ਦੇ ਹੁਕਮ ਦੇ ਦਿੱਤੇ ਹਨ। ਕੈਨੇਡਾ ਦੇ ਇਨ੍ਹਾਂ ਸਫਾਰਤੀ ਅਧਿਕਾਰੀਆਂ ਵਿੱਚ ਕਾਰਜਕਾਰੀ ਹਾਈ ਕਮਿਸ਼ਨਰ ਸਟੀਵਰਟ ਰੋਸ ਵੀਲਰ ਤੋਂ ਇਲਾਵਾ ਡਿਪਟੀ ਹਾਈ ਕਮਿਸ਼ਨਰ ਪੈਟਰਿਕ ਹਬਰਟ, ਮੈਰੀ ਕੈਥਰੀਨ, ਇਆਨ ਰੋਸ ਡੇਵਿਡ, ਐਡਮ ਜੇਮਸ ਅਤੇ ਪਾਓਲਾ ਓਰਜੁਏਲ ਸ਼ਾਮਲ ਹਨ।



ਯਾਦ ਰਹੇ, ਕੈਨੇਡਾ ਵਿੱਚ ਜੂਨ 2023 ਵਿੱਚ ਇੱਕ ਖਾਲਿਸਤਾਨੀ ਕਾਰਕੁੰਨ ਹਰਦੀਪ ਸਿੰਘ ਨਿੱਝਰ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਕਤਲ ਸਰ੍ਹੀ ਦੇ ਇੱਕ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਕੀਤਾ ਗਿਆ ਸੀ। ਹਰਦੀਪ ਸਿੰਘ ਨਿੱਝਰ ਉਸ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਵੀ ਸਨ। ਭਾਰਤ ਨੇ ਕੈਨੇਡਾ ਵੱਲੋਂ ਇਸ ਮਸਲੇ ਨੂੰ ਮੁੜ ਛੇੜਨ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੈਨੇਡਾ ਦੀਆਂ ਨਜ਼ਦੀਕ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਟਰੂਡੋ ਸਰਕਾਰ ਇਸ ਮਾਮਲੇ ਨੂੰ ਉਭਾਰ ਕੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਦਲੀਲ ਦਿੱਤੀ ਹੈ ਕਿ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਅਸਫਲ ਰਹੀ ਹੈ, ਕੈਨੇਡਾ ਨਾਲ ਵਿਗੜੇ ਸੰਬੰਧ ਇਸ ਦਾ ਸਬੂਤ ਹਨ।

ਇਸ ਦੌਰਾਨ ਕੈਨੇਡਾ ਦੀਆਂ ਵਿਰੋਧੀ ਪਾਰਟੀਆਂ ਨੇ ਵੀ ਭਾਰਤ ਨਾਲ ਵਿਗੜੇ ਸਫਾਰਤੀ ਸੰਬੰਧਾਂ ਲਈ ਟਰੂਡੋ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਭਾਰਤ ਨੇ ਕੈਨੇਡਾ 'ਤੇ ਵੀ ਦੋਸ਼ ਲਾਇਆ ਹੈ ਕਿ ਟਰੂਡੋ ਸਰਕਾਰ ਨੇ ਕੱਟੜਵਾਦ ਅਤੇ ਹਿੰਸਾ ਦੇ ਮਾਹੌਲ ਵਿੱਚ ਸਾਡੇ ਕੂਟਨੀਤਿਕ ਅਧਿਕਾਰੀਆਂ ਦੀ ਜਾਨ ਨੂੰ ਜੋਖਮ ਵਿੱਚ ਪਾ ਦਿੱਤਾ ਹੈ। ਇਸ ਲਈ ਅਸੀਂ ਇਨ੍ਹਾਂ ਅਧਿਕਾਰੀਆਂ ਨੂੰ ਵਾਪਸ ਬੁਲਾ ਰਹੇ ਹਾਂ। ਯਾਦ ਰਹੇ, ਬੀਤੇ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਾਰਲੀਮੈਂਟ ਵਿੱਚ ਭਾਰਤ 'ਤੇ ਕੈਨੇਡੀਅਨ ਨਾਗਰਿਕਾਂ ਦਾ ਕਤਲ ਕਰਵਾਉਣ ਦੇ ਦੋਸ਼ ਲਗਾਏ ਜਾਣ ਤੋਂ ਬਾਅਦ ਇੱਕ ਭਾਰਤੀ ਸਫਾਰਤੀ ਅਧਿਕਾਰੀ ਨੂੰ ਵਾਪਸ ਭੇਜ ਦਿੱਤਾ ਗਿਆ ਸੀ।

ਇਸ ਕਾਰਵਾਈ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਕੈਨੇਡੀਅਨ ਦੂਤਾਵਾਸ ਦੇ 40 ਅਧਿਕਾਰੀਆਂ ਨੂੰ ਵਾਪਸ ਭੇਜ ਦਿੱਤਾ ਸੀ। ਇਸ ਦੇ ਸਿੱਟੇ ਵਜੋਂ ਚੰਡੀਗੜ੍ਹ, ਮੁੰਬਈ ਅਤੇ ਬੈਂਗਲੂਰੂ ਵਿੱਚ ਕੈਨੇਡੀਅਨ ਕੌਂਸਲਖਾਨਿਆਂ ਦਾ ਕੰਮ ਤਕਰੀਬਨ ਠੱਪ ਹੋ ਕੇ ਰਹਿ ਗਿਆ ਸੀ। ਇਸੇ ਕਾਰਨ ਭਾਰਤ ਤੋਂ ਸਟੂਡੈਂਟ ਅਤੇ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਅਤੇ ਟੂਰਿਸਟਾਂ ਦੀ ਗਿਣਤੀ ਲੱਗਪਗ ਅੱਧੀ ਰਹਿ ਗਈ ਹੈ। ਹਾਲੇ ਕੁਝ ਦਿਨ ਪਹਿਲਾਂ ਕੈਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਕਰਕੇ ਜਸਟਿਨ ਟਰੂਡੋ ਨੇ ਮੁੜ ਕਿਹਾ ਕਿ ਅਸੀਂ ਭਾਰਤ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਦੇ ਹਾਂ ਅਤੇ ਭਾਰਤ ਨੂੰ ਵੀ ਸਾਡੇ ਦੇਸ਼ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਦੀ ਪ੍ਰਭੂਸੱਤਾ ਭੰਗ ਕਰਕੇ ਭਾਰਤ ਨੇ ਬੁਨਿਆਦੀ ਗਲਤੀ ਕੀਤੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸੁਰੱਖਿਆ ਮੰਤਰੀ ਡੋਮਨੀਕ ਲੇਬਲਾਂਕ ਅਤੇ ਵਿਦੇਸ਼ ਮੰਤਰੀ ਮਿਲਾਨੀ ਜੌਲੀ ਵੀ ਮੌਜੂਦ ਸਨ। ਇਨ੍ਹਾਂ ਦੋਵੇਂ ਮੰਤਰੀਆਂ ਨੇ ਕੈਨੇਡੀਅਨ ਪੁਲਿਸ ਦੇ ਹਵਾਲੇ ਨਾਲ ਕਿਹਾ ਕਿ ਕਤਲਾਂ ਦੀ ਸਾਜ਼ਿਸ਼, ਜਬਰੀ ਵਸੂਲੀ, ਚੋਣਾਂ ਵਿੱਚ ਦਖਲ ਅਤੇ ਜਾਣਕਾਰੀ ਇਕੱਠੀ ਕਰਨ ਲਈ ਗੈਰ-ਕਾਨੂੰਨੀ ਤਰੀਕੇ ਅਪਨਾਉਣ ਲਈ ਕੈਨੇਡਾ ਦੀ ਧਰਤੀ 'ਤੇ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਇਸ ਤੋਂ ਪਹਿਲਾਂ ਰੋਇਲ ਮਾਊਂਟਿਡ ਕੈਨਡੀਅਨ ਪੁਲਿਸ (ਆਰ.ਸੀ.ਐਮ.ਪੀ.) ਦੇ ਅਧਿਕਾਰੀਆਂ ਨੇ ਇੱਕ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਸੀ ਕਿ ਕੈਨੇਡਾ ਵਿੱਚ ਹਿੰਸਾ ਫੈਲਾਉਣ ਲਈ ਭਾਰਤ ਸਰਕਾਰ ਨੇ ਲਾਰੈਂਸ ਬਿਸ਼ਨੋਈ ਗੈਂਗ ਦੀ ਵਰਤੋਂ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਈ ਨਿੱਝਰ ਦੇ ਕਤਲ ਤੋਂ ਬਾਅਦ ਦੱਖਣ ਏਸ਼ੀਆਈ ਲੋਕਾਂ, ਖਾਸ ਕਰਕੇ ਖਾਲਿਸਤਾਨੀ ਸਮਰਥਕਾਂ ਵਿਰੁਧ ਮੁਜ਼ਰਮਾਨਾਂ ਕਾਰਵਾਈਆਂ ਵਧ ਗਈਆਂ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਇਨ੍ਹਾਂ ਕਾਰਵਾਈਆਂ ਲਈ ਭਾਰਤ ਸਰਕਾਰ ਲਾਰੈਂਸ ਬਿਸ਼ਨੋਈ ਗੈਂਗ ਦੀ ਵਰਤੋਂ ਕਰ ਰਹੀ ਹੈ। ਉਨ੍ਹਾਂ ਹੋਰ ਕਿਹਾ ਕਿ ਬਿਸ਼ਨੋਈ ਗੈਂਗ ਸਮੂਹ ਭਾਰਤ ਸਰਕਾਰ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ। ਇੱਧਰ ਭਾਰਤ ਸਰਕਾਰ ਨੇ ਬਿਸ਼ਨੋਈ ਗੈਂਗ ਦੀਆਂ ਕਾਰਵਾਈਆਂ ਨੂੰ ਭਾਰਤ ਸਰਕਾਰ ਨਾਲ ਜੋੜਨ ਦੀ ਨਿਖੇਧੀ ਕੀਤੀ ਹੈ। ਭਾਰਤ ਨੇ ਨਿੱਝਰ ਮਾਮਲੇ ਵਿੱਚ ਸ਼ਮੂਲੀਅਤ ਅਤੇ ਬਿਸ਼ਨੋਈ ਗੈਂਗ ਦੀ ਵਰਤੋਂ ਤੋਂ ਸਾਫ ਇਨਕਾਰ ਕੀਤਾ ਤੇ ਕਿਹਾ ਕਿ ਕੈਨੇਡਾ ਨੇ ਇਨ੍ਹਾਂ ਮਾਮਲਿਆਂ ਵਿੱਚ ਕੋਈ ਸਬੂਤ ਭਾਰਤ ਸਰਕਾਰ ਨੂੰ ਨਹੀਂ ਦਿੱਤੇ। ਇਸ ਮਾਮਲੇ ਨੂੰ ਲੈ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਵੀ ਗੱਲਬਾਤ ਕੀਤੀ ਹੈ।

ਇਸ ਦਰਮਿਆਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਇੱਕ ਕੈਨੇਡੀਅਨ ਸਫਾਰਤੀ ਅਧਿਕਾਰੀ ਨੇ ਕਿਹਾ ਕਿ ਨਿੱਝਰ ਕਤਲ ਕਾਂਡ ਅਤੇ ਵਕੀਲ ਪੰਨੂੰ ਨੂੰ ਕਤਲ ਕਰਨ ਦੀ ਸਾਜ਼ਿਸ਼ ਆਪਸ ਵਿੱਚ ਜੁੜੇ ਹੋਏ ਹਨ। ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਕਿ ਉਹ ਅਜਿਹੇ ਕਿਸੇ ਵੀ ਡਿਪਲੋਮੇਟ ਨੂੰ ਬਰਦਾਸ਼ਤ ਨਹੀਂ ਕਰਨਗੇ, ਜਿਹੜਾ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਕਰੇਗਾ। ਭਾਰਤ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਰਨਧੀਰ ਜੈਸਵਾਲ ਨੇ ਕੈਨੇਡਾ 'ਤੇ ਉਲਟਾ ਦੋਸ਼ ਲਾਉਂਦਿਆਂ ਕਿਹਾ ਕਿ ਕੈਨੇਡਾ ਅਤੇ ਭਾਰਤ ਦੇ ਰਿਸ਼ਤਿਆਂ ਵਿੱਚ ਤਾਜ਼ਾ ਸੰਕਟ ਟਰੂਡੋ ਸਰਕਾਰ ਦੇ ਆਧਾਰਹੀਣ ਦੋਸ਼ਾਂ ਵੱਲੋਂ ਪੈਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤਕਰੀਬਨ 26 ਹਾਰਡ ਕੋਰ ਮੁਲਜ਼ਮਾਂ ਨੂੰ ਭਾਰਤ ਦੇ ਹਵਾਲੇ ਕਰਨ ਸੰਬੰਧੀ ਦਰਖਾਸਤਾਂ ਪਹਿਲਾਂ ਹੀ ਕੈਨੇਡਾ ਸਰਕਾਰ ਕੋਲ ਪਈਆਂ ਹਨ। ਟਰੂਡੋ ਸਰਕਾਰ ਵੱਲੋਂ ਇਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਕੁਝ ਅੰਤਰਰਾਸ਼ਟਰੀ ਮਾਮਲਿਆਂ ਦੇ ਵਿਸ਼ਲੇਸ਼ਕ ਭਾਰਤ-ਕੈਨੇਡਾ ਅਤੇ ਭਾਰਤ-ਅਮਰੀਕਾ ਵਿਚਕਾਰ ਪੈਦਾ ਹੋਏ ਤਾਜ਼ਾ ਵਿਵਾਦ ਨੂੰ ਪਿਛਲੇ ਹਫਤੇ ਸ਼ਿੰਘਾਈ ਕਾਰਪੋਰੇਸ (ਐਸ.ਸੀ.ਓ.) ਦੀ ਮੀਟਿੰਗ ਨਾਲ ਜੋੜ ਕੇ ਵੇਖ ਰਹੇ ਹਨ, ਜਿਸ ਵਿੱਚ ਚੀਨ ਅਤੇ ਭਾਰਤ- ਦੋਹਾਂ ਨੇ ਹਿਸਾ ਲਿਆ ਹੈ। ਇਨ੍ਹਾਂ ਮਾਹਿਰਾਂ ਦਾ ਆਖਣਾ ਹੈ ਅਮਰੀਕਾ ਭਾਰਤ ਦੀਆਂ ਚੀਨ ਅਤੇ ਰੂਸ ਨਾਲ ਨਜ਼ਦੀਕੀਆਂ ਬਰਦਾਸ਼ਤ ਨਹੀਂ ਕਰ ਸਕਦਾ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਅਮਰੀਕੀ ਵੋਟਰਾਂ ਨੂੰ ਭਰਮਾਉਣ ਲਈ ਐਲੋਨ ਮਸਕ ਦਾ ਸਿਆਸੀ ਪੈਂਤੜਾ

5 ਨਵੰਬਰ ਨੂੰ ਹੋਣ ਵਾਲੀਆਂ ਅਮਰੀਕੀ ਚੋਣਾਂ ਤੋਂ ਪਹਿਲਾਂ ਅਰਬਪਤੀ ਐਲੋਨ ਮਸਕ ਨੇ ਐਲਾਨ ਕੀਤਾ ਹੈ ਕਿ ਜੋ ਵੋਟਰ ਉਸ ਦੀ ਪਟੀਸ਼ਨ 'ਤੇ ਦਸਤਖ਼ਤ ਕਰੇਗਾ ਉਸ ਨੂੰ 1 ਮਿਲੀਅਨ ਅਮਰੀਕੀ ਡਾਲਰ ਇਨਾਮ ਵਜੋਂ ਦਿੱਤੇ ਜਾਣਗੇ। ਐਲੋਨ ਮਸਕ ਦੇ ਸਵਿੰਗ-ਸਟੇਟ ਵੋਟਰਾਂ ਨੂੰ ਦਿੱਤੇ ਜਾਣ ਵਾਲੇ ਇਸ ਨਕਦ ਪ੍ਰੋਤਸਾਹਨ ਦੇ ਕਾਨੂੰਨੀ ਹੋਣ ਬਾਰੇ ਸਵਾਲ ਚੁੱਕੇ ਜਾ ਰਹੇ ਹਨ। ਦਰਅਸਲ ਅਮਰੀਕੀ ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਐਲਾਨ ਕੀਤਾ ਹੈ ਕਿ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਤੱਕ ਹਰ ਰੋਜ਼ ਉਹ ਸੱਤ ਸਵਿੰਗ ਰਾਜਾਂ ਦੇ ਕਿਸੇ ਇੱਕ ਰਜਿਸਟਰਡ ਵੋਟਰ ਨੂੰ 10 ਲੱਖ ਅਮਰੀਕੀ ਡਾਲਰ ਯਾਨਿ ਲਗਭਗ 8.5 ਕਰੋੜ ਰੁਪਏ ਇਨਾਮ ਵਜੋਂ ਦੇਣਗੇ। ਇਹ ਪਟੀਸ਼ਨ ਮਸਕ ਦੇ ਚੋਣ ਮੁਹਿੰਮ ਗਰੁੱਪ ਅਮਰੀਕਾ ਪੀ.ਏ.ਸੀ. ਦੁਆਰਾ ਬਣਾਈ ਗਈ ਹੈ। ਅਮਰੀਕਾ ਪੀ.ਏ.ਸੀ. ਗਰੁੱਪ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦਾ ਸਮਰਥਨ ਕਰਨ ਲਈ ਸਥਾਪਤ ਕੀਤਾ ਗਿਆ ਹੈ। ਪੈਨਸਿਲਵੇਨੀਆ ਦੇ ਵੋਟਰਾਂ ਨੂੰ ਪਟੀਸ਼ਨ 'ਤੇ ਦਸਤਖ਼ਤ ਕਰਨ ਲਈ ਨਕਦ ਰਕਮ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇੱਕ ਦਿਨ ਵਿੱਚ ਬਿਨਾ ਕਿਸੇ ਤਰਤੀਬ ਦੇ ਸਵਿੰਗ-ਸਟੇਟ ਦਸਤਖ਼ਤ ਕਰਨ ਵਾਲੇ ਇੱਕ ਵੋਟਰ ਨੂੰ ਚੁਣ ਕੇ 1 ਮਿਲੀਅਨ ਡਾਲਰ ਦਾ ਇਨਾਮ ਦਿੱਤਾ ਜਾਵੇਗਾ; ਪਰ ਕਾਨੂੰਨੀ ਮਾਹਰਾਂ ਨੇ ਸੁਝਾਅ ਦਿੱਤਾ ਹੈ ਕਿ ਕਿਸੇ ਵੀ ਅਜਿਹੇ ਕੰਮ ਲਈ ਪੈਸੇ ਦੀ ਪੇਸ਼ਕਸ਼ ਕਰਨਾ ਅਮਰੀਕੀ ਕਾਨੂੰਨ ਦੀ ਉਲੰਘਣਾ ਹੋ ਸਕਦਾ ਹੈ।

ਅਮਰੀਕੀ ਮੀਡੀਆ ਮੁਤਾਬਕ 'ਅਮਰੀਕਾ ਪੀ.ਏ.ਸੀ. ਗਰੁੱਪ' ਦੁਆਰਾ ਬਣਾਈ ਗਈ ਪਟੀਸ਼ਨ ਛੇ ਸਵਿੰਗ ਰਾਜਾਂ- ਜਾਰਜੀਆ, ਨੇਵਾਡਾ, ਐਰੀਜ਼ੋਨਾ, ਮਿਸ਼ੀਗਨ, ਵਿਸਕਾਨਸਿਨ ਅਤੇ ਉਤਰੀ ਕੈਰੋਲੀਨਾ ਵਿੱਚ ਵੋਟਰਾਂ ਨੂੰ 'ਬੋਲਣ ਦੀ ਆਜ਼ਾਦੀ ਅਤੇ ਹਥਿਆਰ ਰੱਖਣ ਦੇ ਅਧਿਕਾਰ' ਦੇ ਹੱਕ ਵਿੱਚ ਦਸਤਖ਼ਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਦਸਤਖ਼ਤ ਕਰਨ ਜਾਂ ਹਵਾਲਾ ਦੇਣ ਲਈ 100 ਅਮਰੀਕੀ ਡਾਲਰ ਦੀ ਰਕਮ ਪੈਨਸਿਲਵੇਨੀਆ ਵਿੱਚ ਪੇਸ਼ ਕੀਤੀ ਗਈ ਹੈ। ਇਹ ਸੂਬਾ ਚੋਣਾਂ ਦਾ ਅਸਲ ਅਖਾੜਾ ਹੈ। ਟਰੰਪ ਅਤੇ ਹੈਰਿਸ ਦੀਆਂ ਕੈਂਪੇਨ ਟੀਮਾਂ ਦਾ ਮੰਨਣਾ ਹੈ ਕਿ ਸੰਭਾਵੀ ਤੌਰ 'ਤੇ ਇਹ ਰਾਜ ਅਖੀਰ ਵਿੱਚ ਜਿੱਤ ਦਾ ਫ਼ੈਸਲਾ ਕਰ ਸਕਦਾ ਹੈ। ਅਮਰੀਕਾ ਪੀ.ਏ.ਸੀ. ਦਾ ਕਹਿਣਾ ਹੈ ਕਿ ਪਟੀਸ਼ਨ 'ਤੇ ਦਸਤਖ਼ਤ ਕਰਨ ਵਾਲੇ ਅਮਰੀਕੀ ਸੰਵਿਧਾਨ ਦੀਆਂ ਪਹਿਲੀ ਅਤੇ ਦੂਜੀ ਸੋਧਾਂ ਨੂੰ ਸਮਰਥਨ ਦੇਣ ਦਾ ਸੰਕੇਤ ਦੇ ਰਹੇ ਹਨ। ਪੋਲਿੰਗ ਵਾਲੇ ਦਿਨ 5 ਨਵੰਬਰ ਤੱਕ ਹਰ ਦਿਨ ਸਵਿੰਗ ਰਾਜਾਂ ਵਿੱਚੋਂ ਹਸਤਾਖਰ ਕਰਨ ਵਾਲੇ ਕਿਸੇ ਇੱਕ ਨੂੰ ਚੁਣ ਕੇ 10 ਲੱਖ ਅਮਰੀਕੀ ਡਾਲਰ ਇਨਾਮ ਦਿੱਤਾ ਜਾਵੇਗਾ। ਪੈਨਸਿਲਵੇਨੀਆ ਵਿੱਚ 19 ਅਕਤੂਬਰ ਨੂੰ ਇੱਕ ਟਾਊਨ ਹਾਲ ਇਵੈਂਟ ਵਿੱਚ ਹਾਜ਼ਰ ਹੋਈ ਇੱਕ ਅਮਰੀਕੀ ਔਰਤ ਨੂੰ ਤੋਹਫ਼ੇ ਵਜੋਂ ਪਹਿਲਾ ਲਾਟਰੀ-ਸਟਾਈਲ ਜੰਬੋ ਚੈੱਕ ਸੌਂਪਿਆ ਗਿਆ ਸੀ।

ਪਾਲ ਸ਼ਿਫ ਬਰਮਨ, ਜੌਰਜ ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਕਾਨੂੰਨ ਦੇ ਪ੍ਰੋਫੈਸਰ ਵਾਲਟਰ ਐਸ. ਕਾਕਸ ਕਹਿੰਦੇ ਹਨ, "ਮੇਰਾ ਮੰਨਣਾ ਹੈ ਕਿ ਐਲੋਨ ਮਸਕ ਦੀ ਪੇਸ਼ਕਸ਼ ਸੰਭਾਵਿਤ ਤੌਰ 'ਤੇ ਗੈਰ-ਕਾਨੂੰਨੀ ਹੈ।" ਉਨ੍ਹਾਂ ਨੇ ਚੋਣ ਕਾਨੂੰਨ ਦੇ ਯੂ.ਐੱਸ. ਕੋਡ ਦਾ ਹਵਾਲਾ ਦਿੱਤਾ, ਜਿਸ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਜੋ 'ਵੋਟ ਲਈ ਰਜਿਸਟ੍ਰੇਸ਼ਨ ਕਰਨ ਜਾਂ ਵੋਟ ਪਾਉਣ ਲਈ ਪੈਸੇ ਦਾ ਭੁਗਤਾਨ ਕਰਦਾ ਹੈ ਜਾਂ ਭੁਗਤਾਨ ਕਰਨ ਦੀ ਪੇਸ਼ਕਸ਼ ਕਰਦਾ ਹੈ ਜਾਂ ਭੁਗਤਾਨ ਸਵੀਕਾਰ ਕਰਦਾ ਹੈ', ਉਸ ਨੂੰ ਸੰਭਾਵੀ 10,000 ਅਮਰੀਕੀ ਡਾਲਰ ਜੁਰਮਾਨਾ ਜਾਂ ਪੰਜ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਫੈਡਰਲ ਚੋਣ ਕਮਿਸ਼ਨ (ਐਫ.ਈ.ਸੀ.) ਦੇ ਇੱਕ ਸਾਬਕਾ ਚੇਅਰਮੈਨ ਬ੍ਰੈਡ ਸਮਿਥ ਦੀ ਟਿੱਪਣੀ ਹੈ ਕਿ ਮਸਕ ਇਸ ਰਣਨੀਤੀ ਨਾਲ ਕਾਨੂੰਨੀ ਤੌਰ 'ਤੇ ਬਚ ਨਿਕਲਣਗੇ, ਕਿਉਂਕਿ ਇਸ ਵਿੱਚ ਕਿਸੇ ਨੂੰ ਵੀ ਵੋਟ ਰਜਿਸਟਰ ਕਰਨ ਜਾਂ ਵੋਟ ਪਾਉਣ ਲਈ ਸਿੱਧੇ ਤੌਰ 'ਤੇ ਭੁਗਤਾਨ ਨਹੀਂ ਕੀਤਾ ਜਾ ਰਿਹਾ ਹੈ।

ਨਾਰਥਵੈਸਟਰਨ ਯੂਨੀਵਰਸਿਟੀ ਦੇ ਚੋਣ ਕਾਨੂੰਨ ਦੇ ਪ੍ਰੋਫੈਸਰ ਮਾਈਕਲ ਕੰਗ ਅਨੁਸਾਰ "ਇਹ ਸੰਦਰਭ ਮਹੱਤਵਪੂਰਨ ਹੈ। ਮੈਂ ਇਨ੍ਹਾਂ ਵਿਚਾਰਾਂ ਨੂੰ ਸਮਝਦਾ




ਪੈਨਸਿਲਵੇਨੀਆ ਵਿੱਚ ਇੱਕ ਅਮਰੀਕੀ ਔਰਤ ਨੂੰ ਤੋਹਫ਼ੇ ਵਜੋਂ ਪਹਿਲਾ ਲਾਟਰੀ-ਸਟਾਈਲ ਜੰਬੋ ਚੈੱਕ ਸੌਂਪਦੇ ਹੋਏ ਐਲੋਨ ਮਸਕ

ਹਾਂ ਕਿ ਇਹ ਗੈਰ-ਕਾਨੂੰਨੀ ਨਹੀਂ ਹੈ, ਪਰ ਮੈਨੂੰ ਲੱਗਦਾ ਹੈ ਕਿ ਇੱਥੇ ਇਹ ਸਪੱਸ਼ਟ ਤੌਰ 'ਤੇ ਲੋਕਾਂ ਨੂੰ ਵੋਟ ਪਾਉਣ ਲਈ ਰਜਿਸਟਰ ਕਰਨ ਲਈ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਕਾਨੂੰਨੀ ਤੌਰ 'ਤੇ ਸਮੱਸਿਆ ਵਾਲਾ ਹੈ।" ਨਾਨ ਪਾਰਟੀਸਨ ਕੈਂਪੇਨ ਲੀਗਲ ਸੈਂਟਰ ਦੇ ਅਦਵ ਨੋਟੀ ਅਨੁਸਾਰ, ਮਸਕ ਦੀ ਸਕੀਮ ਸੰਘੀ ਕਾਨੂੰਨ ਦੀ ਉਲੰਘਣਾ ਕਰਦੀ ਹੈ ਅਤੇ ਨਿਆਂ ਵਿਭਾਗ ਦੁਆਰਾ ਸਿਵਲ ਜਾਂ ਅਪਰਾਧਿਕ ਪਰਿਵਰਤਨ ਦੇ ਅਧੀਨ ਹੈ। ਇਸ ਸ਼ਰਤ 'ਤੇ ਪੈਸੇ ਦੇਣਾ ਗੈਰ-ਕਾਨੂੰਨੀ ਹੈ ਕਿ ਪੈਸੇ ਲੈਣ ਵਾਲੇ ਨੂੰ ਵੋਟਰ ਵਜੋਂ ਰਜਿਸਟਰ ਹੋਣਾ ਪਵੇਗਾ।

ਨਾਰਥਈਸਟਰਨ ਯੂਨੀਵਰਸਿਟੀ ਸਕੂਲ ਆਫ਼ ਲਾਅ ਵਿੱਚ ਸੰਵਿਧਾਨਕ ਕਾਨੂੰਨ ਦੇ ਪ੍ਰੋਫੈਸਰ ਜੇਰੇਮੀ ਪੌਲ ਮੁਤਾਬਕ ਮਸਕ ਇੱਕ ਕਾਨੂੰਨੀ ਖਾਮੀ ਦਾ ਫਾਇਦਾ ਉਠਾ ਰਹੇ ਹਨ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹ ਪੇਸ਼ਕਸ਼ ਗੈਰ-ਕਾਨੂੰਨੀ ਹੋ ਸਕਦੀ ਹੈ, ਪਰ ਇਹ ਮਿੱਥ ਕੇ ਬਣਾਈ ਗਈ ਹੈ ਕਿ ਇਹ ਕਾਨੂੰਨ ਦੇ ਦਾਇਰੇ ਵਿੱਚ ਹੀ ਰਹੇ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਬਾਰੇ ਅਦਾਲਤ ਵਿੱਚ ਕੇਸ ਸਾਬਤ ਕਰਨਾ ਵੀ ਮੁਸ਼ਕਲ ਹੋਵੇਗਾ। ਇਸੇ ਦੌਰਾਨ ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ ਨੇ ਇਸ ਕਦਮ ਨੂੰ 'ਬਹੁਤ ਚਿੰਤਾਜਨਕ' ਦੱਸਿਆ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਜਾਂਚ ਕਰਨ ਲਈ ਵੀ ਕਿਹਾ ਹੈ। ਇਸ ਦੇ ਉਲਟ ਮਸਕ ਨੇ ਜਵਾਬ ਵਿੱਚ ਕਿਹਾ, 'ਇਹ ਚਿੰਤਾਜਨਕ ਹੈ ਕਿ ਉਨ੍ਹਾਂ (ਗਵਰਨਰ ਜੋਸ਼ ਸ਼ਾਪੀਰੋ) ਨੇ ਅਜਿਹਾ ਕਿਹਾ ਹੈ।'

ਪਿਛਲੇ ਲੰਬੇ ਸਮੇਂ ਤੋਂ ਕਮਲਾ ਹੈਰਿਸ ਲਈ ਮੁਹਿੰਮ ਚਲਾਉਣ ਵਾਲੇ ਅਰਬਪਤੀ ਨਿਵੇਸ਼ਕ ਮਾਰਕ ਕਿਊਬਨ ਨੇ ਕਿਹਾ ਕਿ ਪੇਸ਼ਕਸ਼ ਵੱਖਰੀ ਤੇ ਮਾਯੂਸ ਕਰਨ ਵਾਲੀ ਹੈ। ਸੀ.ਐਨ.ਬੀ.ਸੀ. ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, "ਤੁਸੀਂ ਅਜਿਹਾ ਸਿਰਫ਼ ਇਸ ਲਈ ਕਰਦੇ ਹੋ, ਕਿਉਂਕਿ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਅਜਿਹਾ ਕਰ ਲਵੋਗੇ, ਪਰ ਅਜਿਹਾ ਜੂਆ ਖੇਡਣਾ ਬੁਰਾ ਵਿਚਾਰ ਨਹੀਂ ਹੈ। ਇਹ ਕੰਮ ਕਰੇਗਾ ਜਾਂ ਨਹੀਂ, ਇਹ ਵੱਖਰੀ ਗੱਲ ਹੈ। ਇਹ ਆਸਾਨੀ ਨਾਲ ਉਲਟਾ ਵੀ ਪੈ ਸਕਦਾ ਹੈ।" ਉਧਰ, ਐਲੋਨ ਮਸਕ ਨੇ ਆਪਣੀ ਆਲੋਚਨਾ ਦੇ ਜਵਾਬ ਵਿੱਚ ਤਰਕ ਦਿੱਤਾ ਕਿ ਡੈਮੋਕਰੇਟ ਅਤੇ ਉਨ੍ਹਾਂ ਦੇ ਦਾਨੀਆਂ ਨੇ ਅਤੀਤ ਵਿੱਚ ਅਜਿਹੀਆਂ ਪਹਿਲਕਦਮੀਆਂ ਨੂੰ ਫ਼ੰਡ ਦਿੱਤਾ ਹੈ। ਐਕਸ ਉਤੇ ਉਨ੍ਹਾਂ ਨੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਮੇਟਾ ਦੇ ਬੌਸ ਮਾਰਕ ਜ਼ੁਕਰਬਰਗ ਨੇ 2020 ਵਿੱਚ ਵੀ ਅਜਿਹਾ ਕੀਤਾ ਸੀ। ਜ਼ੁਕਰਬਰਗ ਨੇ 2020 ਦੀਆਂ ਚੋਣਾਂ ਵਿੱਚ $400 ਮਿਲੀਅਨ ਦਾ ਦਾਨ ਕੀਤਾ ਸੀ, ਪਰ ਇਹ ਪੋਸਟਲ ਬੈਲਟ ਦੇ ਆਲੇ-ਦੁਆਲੇ ਲੌਜਿਸਟਿਕਸ ਵਿੱਚ ਮਦਦ ਕਰਨ ਲਈ ਦੋ ਗੈਰ-ਪੱਖਪਾਤੀ ਸੰਸਥਾਵਾਂ ਨੂੰ ਦਿੱਤਾ ਗਿਆ ਸੀ।

ਡੈਮੋਕਰੇਟਿਕ ਪਾਰਟੀ ਨੇ ਸਮਰਥਕਾਂ ਨੂੰ ਲਾਮਬੰਦ ਕਰਨ ਲਈ ਪਿਛਲੀਆਂ ਚੋਣਾਂ ਸਮੇਂ ਪਹਿਲਕਦਮੀਆਂ ਵਿੱਚ ਨਿਵੇਸ਼ ਕੀਤਾ ਹੈ। ਉਨ੍ਹਾਂ ਨੇ 2022 ਦੀਆਂ ਅਮਰੀਕੀ ਮੱਧਕਾਲੀ ਚੋਣਾਂ ਵਿੱਚ $25 ਮਿਲੀਅਨ ਦੀ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਕੀਤੀ। ਹਾਲਾਂਕਿ ਇਹ ਪੈਸਾ ਵੀ ਸਿੱਧੇ ਤੌਰ 'ਤੇ ਵੋਟਰਾਂ ਨੂੰ ਨਹੀਂ ਦਿੱਤਾ ਗਿਆ। ਫੰਡਿੰਗ ਉਨ੍ਹਾਂ ਪਹਿਲਕਦਮੀਆਂ ਵੱਲ ਗਈ, ਜੋ ਵੋਟਰਾਂ ਨੂੰ ਰਜਿਸਟਰ ਕਰਨ ਲਈ ਉਤਸ਼ਾਹਿਤ ਕਰਦੇ ਹਨ, ਜਿਵੇਂ ਕਿ ਲੋਕਾਂ ਨੂੰ ਦਰਵਾਜ਼ੇ ਖੜਕਾਉਣ ਅਤੇ ਟੈਲੀਵਿਜ਼ਨ ਤੇ ਡਿਜੀਟਲ ਇਸ਼ਤਿਹਾਰਬਾਜ਼ੀ ਕਰਨ ਲਈ ਨਿਯੁਕਤ ਕਰਨਾ।

ਜਦੋਂ ਟਰੰਪ ਰਾਸ਼ਟਰਪਤੀ ਸਨ ਤਾਂ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਐਲੋਨ ਮਸਕ ਦੇ ਰਿਸ਼ਤੇ ਉਨ੍ਹਾਂ ਨਾਲ ਕੋਈ ਬਹੁਤ ਚੰਗੇ ਨਹੀਂ ਸਨ, ਪਰ ਥੋੜ੍ਹੇ ਸਾਲਾਂ ਵਿੱਚ ਮਸਕ ਨੇ ਡੈਮੋਕ੍ਰੇਟਸ ਪ੍ਰਤੀ ਆਪਣੀ ਨਾਰਾਜ਼ਗੀ ਨੂੰ ਖੁੱਲ੍ਹ ਕੇ ਜ਼ਾਹਰ ਕੀਤਾ। 2022 ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਪਾਰਟੀ ਛੱਡ ਦਿੱਤੀ ਹੈ ਅਤੇ ਆਪਣੇ ਸਮਰਥਕਾਂ ਨੂੰ ਰਿਪਬਲਿਕਨ ਨੂੰ ਵੋਟ ਦੇਣ ਲਈ ਉਤਸ਼ਾਹਿਤ ਕੀਤਾ ਸੀ। ਇਸ ਸਾਲ ਮਸਕ ਨੇ ਆਪਣੇ ਆਪ ਨੂੰ ਅਮਰੀਕੀ ਰਾਜਨੀਤੀ ਵਿੱਚ ਸ਼ਾਮਲ ਕਰ ਲਿਆ ਹੈ। ਇਸ ਤੋਂ ਪਹਿਲਾਂ ਉਹ ਕਦੇ ਇਸ ਵਿੱਚ ਨਹੀਂ ਸਨ। ਇਸਦੇ ਲਈ ਕਈ ਰਿਪਬਲਿਕਨਾਂ ਵੱਲੋਂ ਦਾਨ ਅਤੇ ਸੋਸ਼ਲ ਮੀਡੀਆ ਪੋਸਟਾਂ ਪਾ ਕੇ ਸਮਰਥਨ ਵੀ ਕੀਤਾ ਗਿਆ ਹੈ।

ਆਪਣੀਆਂ ਟਿੱਪਣੀਆਂ ਵਿੱਚ ਮਸਕ ਨੇ ਅਮਰੀਕਾ-ਮੈਕਸੀਕੋ ਸਰਹੱਦ ਦੇ ਬਹੁਤ ਸਾਰੇ ਹਿੱਸੇ ਨੂੰ ਫਿਲਮ 'ਵਰਲਡ ਵਾਰ ਜ਼ੈੱਡ' ਦੇ ਬਰਾਬਰ ਦੱਸਿਆ। ਮਸਕ ਨੇ ਰਾਸ਼ਟਰਪਤੀ ਅਹੁਦੇ ਲਈ ਟਰੰਪ ਦੀ 2024 ਦੀ ਮੁਹਿੰਮ ਦਾ ਸਮਰਥਨ ਕਰਨ ਦੇ ਉਦੇਸ਼ ਨਾਲ ਜੁਲਾਈ ਵਿੱਚ ਅਮਰੀਕਾ ਪੀ.ਏ.ਸੀ. ਦੀ ਸ਼ੁਰੂਆਤ ਕੀਤੀ ਸੀ। ਉਹ ਹੁਣ ਤੱਕ ਇਸ ਸਮੂਹ ਨੂੰ ਘੱਟੋ-ਘੱਟ 75 ਮਿਲੀਅਨ ਡਾਲਰ ਦਾਨ ਕਰ ਚੁੱਕੇ ਹਨ। ਪੀ.ਏ.ਸੀ. ਦੀ ਵੈੱਬਸਾਈਟ ਮੁਤਾਬਕ ਉਹ 'ਸੁਰੱਖਿਅਤ ਸਰਹੱਦਾਂ, ਸੁਰੱਖਿਅਤ ਸ਼ਹਿਰ, ਬੋਲਣ ਦੀ ਆਜ਼ਾਦੀ, ਸਮਝਦਾਰੀ ਨਾਲ ਖਰਚ, ਨਿਰਪੱਖ ਨਿਆਂ ਪ੍ਰਣਾਲੀ ਅਤੇ ਸਵੈ-ਸੁਰੱਖਿਆ ਚਾਹੁੰਦੇ ਹਨ।' ਹਾਲ ਹੀ ਦੇ ਕੁਝ ਹਫ਼ਤਿਆਂ ਵਿੱਚ, ਮਸਕ ਪਹਿਲੀ ਵਾਰ ਚੋਣ ਮੁਹਿੰਮ ਵਿੱਚ ਦਿਖਾਈ ਦਿੱਤੇ ਹਨ।

## ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ ਲਈ ਸਰਗਰਮੀ ਤੇਜ਼

*ਸਫਾ ਇੱਕ ਦੀ ਬਾਕੀ ⇒*

ਧਾਲੀਵਾਲ, ਭਾਜਪਾ ਨੇ ਕੇਵਲ ਸਿੰਘ ਢਿੱਲੋਂ ਅਤੇ ਕਾਂਗਰਸ ਪਾਰਟੀ ਨੇ ਕੁਲਦੀਪ ਸਿੰਘ ਨੂੰ ਟਿਕਟ ਦਿੱਤੀ ਹੈ। ਬਰਨਾਲਾ ਹਲਕੇ ਤੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਆਪਣੇ ਦੋਹਤੇ ਗੋਬਿੰਦ ਸਿੰਘ ਸੰਧੂ ਨੂੰ ਵੀ ਉਮੀਦਵਾਰ ਐਲਾਨਿਆ ਹੈ।

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੈਂਦੇ ਚੱਬੇਵਾਲ ਹਲਕੇ ਤੋਂ ਭਾਜਪਾ ਨੇ ਆਪਣਾ ਉਮੀਦਵਾਰ ਹਾਲੇ ਨਹੀਂ ਐਲਾਨਿਆ, ਜਦਕਿ ਕਾਂਗਰਸ ਪਾਰਟੀ ਵੱਲੋਂ ਨਵੇਂ ਚਿਹਰੇ ਰਣਜੀਤ ਕੁਮਾਰ ਨੂੰ ਟਿਕਟ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਨੇ ਇਸ਼ਾਂਕ ਚੱਬੇਵਾਲ ਨੂੰ ਟਿਕਟ ਦਿੱਤੀ ਹੈ। ਉਹ ਡਾ. ਰਾਜ ਕੁਮਾਰ ਚੱਬੇਵਾਲ ਦੇ ਬੇਟੇ ਹਨ। ਡੇਰਾ ਬਾਬਾ ਨਾਨਕ ਹਲਕੇ ਤੋਂ ਭਾਜਪਾ ਨੇ ਰਵੀਕਰਨ ਸਿੰਘ ਕਾਹਲੋਂ ਅਤੇ ਕਾਂਗਰਸ ਨੇ ਜਤਿੰਦਰ ਕੌਰ ਰੰਧਾਵਾ ਨੂੰ ਮੈਦਾਨ ਵਿੱਚ ਉਤਾਰਿਆ ਹੈ। ਰਵੀਕਰਨ ਸਿੰਘ ਕਾਹਲੋਂ ਪੰਜਾਬ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਹਨ, ਜਦਕਿ ਜਤਿੰਦਰ ਕੌਰ ਕਾਂਗਰਸ ਦੇ ਸਿਟਿੰਗ ਐਮ.ਪੀ. ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਹੈ। ਆਮ ਆਦਮੀ ਪਾਰਟੀ ਵੱਲੋਂ ਇਸ ਹਲਕੇ ਤੋਂ ਗੁਰਦੀਪ ਸਿੰਘ ਰੰਧਾਵਾ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਚਾਰ ਹਲਕਿਆਂ ਵਿੱਚ ਹੋ ਰਹੀਆਂ ਚੋਣਾਂ ਵਿੱਚ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਭਾਜਪਾ ਵੱਲੋਂ ਇੱਕ ਉਮੀਦਵਾਰ (ਚੱਬੇਵਾਲ) ਦੇ ਨਾਮ ਦਾ ਐਲਾਨ ਹਾਲੇ ਕੀਤਾ ਜਾਣਾ ਹੈ। ਅਕਾਲੀ ਦਲ ਵੱਲੋਂ ਚਾਰੋਂ ਉਮੀਦਵਾਰ ਐਲਾਨੇ ਜਾਣੇ ਬਾਕੀ ਹਨ। ਕਈ ਸੂਤਰਾਂ ਤੋਂ ਇਸ ਕਿਸਮ ਦੀ ਜਾਣਕਾਰੀ ਨਿਕਲ ਕੇ ਸਾਹਮਣੇ ਆ ਰਹੀ ਹੈ ਕਿ ਇਸ ਸੀਟ ਤੋਂ ਭਾਰਤੀ ਜਨਤਾ ਪਾਰਟੀ ਅਨੀਤਾ ਸੋਮ ਪ੍ਰਕਾਸ਼ ਨੂੰ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਹੋਈ ਲੋਕ ਸਭਾ ਚੋਣ ਵੀ ਲੜੀ ਸੀ ਅਤੇ 'ਆਪ' ਦੇ ਡਾ. ਰਾਜ ਕੁਮਾਰ ਚੱਬੇਵਾਲ ਕੋਲੋਂ ਹਾਰ ਗਏ ਸਨ।

ਇਨ੍ਹਾਂ ਜ਼ਿਮਨੀ ਚੋਣਾਂ ਨੇ ਪਰਿਵਾਰਵਾਦ ਨੂੰ ਤਕੜਾ ਉਗਾਸਾ ਦਿੱਤਾ ਹੈ। ਹਰ ਪਾਰਟੀ ਵੱਲੋਂ ਕਿਸੇ ਨਾ ਕਿਸੇ ਪੁਰਾਣੇ ਸਿਆਸੀ ਪਰਿਵਾਰ ਦੇ ਵਿਅਕਤੀ ਨੂੰ ਉਮੀਦਵਾਰ ਬਣਾਇਆ ਗਿਆ। ਇਨ੍ਹਾਂ ਚਾਰ ਜ਼ਿਮਨੀ ਚੋਣਾਂ ਨੂੰ ਜਿੱਤਣ-ਹਾਰਨ ਦੀ ਦ੍ਰਿਸ਼ਟੀ ਤੋਂ ਭਾਵੇਂ ਆਮ ਆਦਮ ਪਾਰਟੀ ਲਈ ਕੋਈ ਬਹੁਤਾ ਮਹੱਤਵ ਨਹੀਂ ਹੈ, ਪਰ ਪੁਨਰਉਥਾਨ ਦੀ ਦ੍ਰਿਸ਼ਟੀ ਤੋਂ ਅਕਾਲੀ ਦਲ ਲਈ ਇਨ੍ਹਾਂ ਚੋਣਾਂ ਦਾ ਤਕੜਾ ਮਹੱਤਵ ਹੈ। ਖਾਸ ਕਰਕੇ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਦੀਆਂ ਸੀਟਾਂ ਜਿੱਤ ਕੇ ਅਕਾਲੀ ਦਲ ਮੌਜੂਦਾ ਵਿਧਾਨ ਸਭਾ ਵਿੱਚ ਆਪਣੀ ਹਾਜ਼ਰੀ ਵਧਾ ਸਕਦਾ ਹੈ। ਇਸ ਦੇ ਨਾਲ ਉਹ ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਮੁੜ ਸੰਭਲਣ ਵੱਲ ਵੀ ਤੁਰ ਸਕਦਾ ਹੈ। ਗਿੱਦੜਬਾਹਾ ਦੀ ਚੋਣ ਹਮੇਸ਼ਾਂ ਵਾਂਗ ਇਸ ਵਾਰ ਵੀ ਬਹੁਤ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ। ਇਸ ਸੀਟ 'ਤੇ ਇੱਕ ਪਾਸੇ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਦੀ ਪਤਨੀ ਮੈਦਾਨ ਵਿੱਚ ਹੈ, ਦੂਜੇ ਪਾਸੇ ਬਾਦਲ ਟੱਬਰ ਦੇ ਹੰਢੇ ਹੋਏ ਫਰਜੰਦ ਮਨਪ੍ਰੀਤ ਸਿੰਘ ਬਾਦਲ ਚੋਣ ਲੜ ਰਹੇ ਹਨ; ਤੀਜੇ ਇਸ ਖਿੱਤੇ ਵਿੱਚ ਵਿਆਪਕ ਸਿਆਸੀ ਆਧਾਰ ਰੱਖਣ ਵਾਲੇ ਡਿੰਪੀ ਢਿੱਲੋਂ ਚੋਣ ਲੜ ਰਹੇ ਹਨ। ਅਕਾਲੀ ਦਲ ਜੇ ਕਿਸੇ ਤਕੜੇ ਉਮੀਦਵਾਰ ਨੂੰ ਟਿਕਟ ਦਿੰਦਾ ਹੈ ਤਾਂ ਨਿਸ਼ਚੇ ਹੀ ਇਹ ਮੁਕਾਬਲਾ ਵੱਕਾਰੀ ਬਣ ਜਾਵੇਗਾ। ਇਸ ਤੋਂ ਇਲਾਵਾ ਡੇਰਾ ਬਾਬਾ ਨਾਨਕ ਤੋਂ ਵੀ ਅਕਾਲੀ ਦਲ ਨੂੰ ਕੋਈ ਚੱਜ ਦਾ ਉਮੀਦਵਾਰ ਉਤਾਰਨ ਪਵੇਗਾ। ਇਹ ਸੀਟ ਵੀ ਅਕਾਲੀ ਦਲ ਜਿੱਤ ਸਕਦਾ ਹੈ।

ਇਸ ਦਰਮਿਆਨ ਮਾਲਵੇ ਵਿੱਚ ਬਰਨਾਲਾ ਦੀ ਜ਼ਿਮਨੀ ਚੋਣ ਨੂੰ ਲੈ ਕੇ ਸੱਤਾਧਾਰੀ ਆਮ ਆਦਮੀ ਪਾਰਟੀ ਵਿੱਚ ਰੱਫੜ ਖੜ੍ਹਾ ਹੋ ਗਿਆ ਹੈ। ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਦਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਦੀਪ ਸਿੰਘ ਬਾਠ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਲੰਘੀ 20 ਅਕਤੂਬਰ ਨੂੰ ਉਨ੍ਹਾਂ ਇੱਕ ਪ੍ਰੈਸ ਕਾਨਫਰੰਸ ਰਾਹੀਂ ਹਰਿੰਦਰ ਸਿੰਘ ਨੂੰ ਟਿਕਟ ਦੇਣ ਬਾਰੇ ਸੋਚਣ ਲਈ ਪਾਰਟੀ ਨੂੰ 24 ਘੰਟੇ ਦਾ ਸਮਾਂ ਦਿੱਤਾ, ਪਰ ਬਾਅਦ ਵਿੱਚ ਉਨ੍ਹਾਂ ਦੀ ਕੋਈ ਵਿਸ਼ੇਸ਼ ਸਰਗਰਮੀ ਸਾਹਮਣੇ ਨਹੀਂ ਆਈ। ਹਰਿੰਦਰ ਸਿੰਘ ਪਾਰਲੀਮੈਂਟ ਮੈਂਬਰ ਗੁਰਮੀਤ ਸਿੰਘ ਮੀਤ ਦੇ ਨਜ਼ਦੀਕੀ ਮੰਨੇ ਜਾਂਦੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਹਰਿੰਦਰ ਸਿੰਘ ਅੰਨਾ ਹਜ਼ਾਰੇ ਵਾਲੇ ਅੰਦੋਲਨ ਵੇਲੇ ਤੋਂ ਹੀ ਪਾਰਟੀ ਨਾਲ ਜੁੜੇ ਹੋਏ ਹਨ। ਦੂਜੇ ਪਾਸੇ ਗੁਰਦੀਪ ਸਿੰਘ ਬਾਠ ਨੇ ਕਿਹਾ ਕਿ ਉਹ ਪਿਛਲੇ 8 ਸਾਲਾਂ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਨ। ਉਨ੍ਹਾਂ ਨੂੰ ਪਾਰਟੀ ਨੇ ਉਮੀਦਵਾਰ ਐਲਾਨਣ ਦਾ ਭਰੋਸਾ ਦਿਵਾਇਆ ਸੀ।

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

### ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਹਰਮੀਕ ਸਿੰਘ ਗਿਰਨ

# ਲੈਬਨਾਨ ਤੇ ਗਾਜ਼ਾ ਪੱਟੀ 'ਤੇ ਇਜ਼ਰਾਇਲੀ ਹਮਲੇ ਜਾਰੀ

**ਯਾਹੀਆ ਸਿਨਵਾਰ ਦੀ ਮੌਤ ਦਾ ਘਾਟਾ ਝੱਲ ਸਕੇਗੀ ਹਮਾਸ? *ਸੌ ਤੋਂ ਵੱਧ ਇਜ਼ਰਾਇਲੀ ਨਾਗਰਿਕ ਹਾਲੇ ਵੀ ਹਮਾਸ ਦੀ ਹਿਰਾਸਤ ਵਿਚ*


## ਤਬਾਹੀ ਦੀਆਂ ਪੈੜਾਂ

**ਪੰਜਾਬੀ ਪਰਵਾਜ਼ ਬਿਊਰੋ**

ਇਜ਼ਰਾਇਲੀ ਫੌਜ ਵੱਲੋਂ ਯਾਹੀਆ ਸਿਨਵਾਰ ਨੂੰ ਮਾਰ ਦੇਣ ਨਾਲ ਇੱਕ ਵਾਰ ਤਾਂ ਇਸ ਜਥੇਬੰਦੀ ਦਾ ਗਾਜ਼ਾ ਖੇਤਰ ਵਿੱਚ ਲੱਕ ਟੁੱਟ ਗਿਆ ਹੈ। ਭਾਵੇਂ ਕਿ ਹਮਾਸ ਦੇ ਵਿਦੇਸ਼ਾਂ ਵਿੱਚ ਰਹਿ ਰਹੇ ਲੀਡਰਾਂ ਅਤੇ ਇਰਾਨ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਹਮਾਸ ਨੂੰ ਉਸ ਦੇ ਇੱਕ-ਦੋ ਲੀਡਰਾਂ ਦੀ ਮੌਤ ਨਾਲ ਕੋਈ ਫਰਕ ਨਹੀਂ ਪਵੇਗਾ, ਉਸ ਕੋਲ ਸਮੂਹਿਕ ਲੀਡਰਸ਼ਿਮ ਅਤੇ ਮਜਬੂਤ ਜਥੇਬੰਦਕ ਢਾਂਚਾ ਮੌਜੂਦ ਹੈ; ਪਰ 1962 ਵਿੱਚ ਖਾਨ ਯੂਨਿਸ ਦੇ ਇੱਕ ਰਫਿਊਜ਼ੀ ਕੈਂਪ ਵਿੱਚ ਪੈਦਾ ਹੋਇਆ ਯਹੀਆ ਸਿਨਵਾਰ ਕੋਈ ਛੋਟੀ ਹਸਤੀ ਨਹੀਂ ਸੀ। ਉਹ ਹਮਾਸ ਦੇ ਸਰਗਰਮ ਹਥਿਆਰਬੰਦ ਕੈਡਰ ਦੀ ਇੱਕ ਤਰ੍ਹਾਂ ਨਾਲ ਜਿੰਦ-ਜਾਨ ਸੀ। ਉਹ ਆਪਣੇ ਵਿਦਿਆਰਥੀ ਜੀਵਨ ਵੇਲੇ ਹੀ ਫਲਿਸਤੀਨ ਦੀ ਮੁਕਤੀ ਦੀ ਲਹਿਰ ਨਾਲ ਜੁੜ ਗਿਆ ਸੀ ਅਤੇ ਕਈ ਵਾਰ ਇਜ਼ਰਾਇਲ ਦੀਆਂ ਜੇਲ੍ਹਾਂ ਵਿੱਚ ਰਿਹਾ। ਆਪਣੇ ਅਖੀਰਲੇ ਗੇੜ ਵਿੱਚ ਉਸ ਨੇ 22 ਸਾਲ ਇਜ਼ਰਾਇਲੀ ਜੇਲ੍ਹ ਵਿੱਚ ਬਿਤਾਏ। ਯਹੂਦੀਆਂ ਦੀ ਭਾਸ਼ਾ ਹੈਬਰਿਊ ਸਿੱਖੀ ਅਤੇ ਯਹੂਦੀ ਕੌਮ ਦਾ ਸੁਭਾਅ ਤੇ ਮਨ-ਤਨ ਪੜ੍ਹਨ ਦੇ ਕਾਬਲ ਹੋ ਗਿਆ। ਉਸ ਨੇ ਅੰਤਾਂ ਦਾ ਲਿਟਰੇਚਰ ਪੜ੍ਹਿਆ ਅਤੇ ਇਹਦੇ ਨੋਟ ਵੀ ਲੈਂਦਾ ਗਿਆ।

ਯਾਹੀਆ ਸਿਨਵਾਰ ਸੰਗਠਨ ਦੇ ਬਾਨੀ ਆਗੂਆਂ ਵਿੱਚੋਂ ਇੱਕ ਸੀ। ਸਿਨਵਾਰ ਹਮਾਸ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਆਗੂ ਸੀ। ਇਜ਼ਰਾਇਲ ਦਾ ਕਹਿਣਾ ਹੈ ਕਿ ਬੀਤੇ ਸਾਲ 7 ਅਕਤੂਬਰ ਨੂੰ ਇਜ਼ਰਾਇਲ ਦੇ ਅੰਦਰਵਾਰ ਜਾ ਕੇ ਇੱਕ ਫੈਸਟੀਵਲ ਉੱਪਰ ਕੀਤਾ ਗਿਆ ਹਮਲਾ ਉਸੇ ਦੀ ਯੋਜਨਾਬੰਦੀ ਦਾ ਸਿੱਟਾ ਸੀ। ਉਸ ਦੀ ਮੌਤ 'ਤੇ ਇਜ਼ਰਾਇਲ ਵਿੱਚ ਜਸ਼ਨ ਵਾਲਾ ਮਾਹੌਲ ਸੀ ਅਤੇ ਫਲਿਸਤੀਨੀਆਂ ਵਿੱਚ ਡੂੰਘੀ ਸੋਗ ਦੀ ਲਹਿਰ। ਜੰਗ ਦੇ ਮੈਦਾਨ ਵਿੱਚ ਜੂਝਦਿਆਂ ਮਰਨ ਕਾਰਨ ਜਿੱਥੇ ਫਲਿਸਤੀਨ ਲੋਕ ਉਸ ਨੂੰ ਆਪਣਾ ਹੀਰੋ ਮੰਨਦੇ ਹਨ, ਜਦਕਿ ਇਜ਼ਰਾਇਲੀ ਉਸ ਨੂੰ ਸ਼ੈਤਾਨ ਸਮਝਦੇ ਸਨ। ਮਰਨ ਤੋਂ ਪਹਿਲਾਂ ਵੀ ਆਪਣੇ ਲੋਕਾਂ ਲਈ ਉਹ ਕਿਸੇ ਸੈਲੀਬਰਿਟੀ ਤੋਂ ਘੱਟ ਨਹੀਂ ਸੀ। ਇਸ ਆਗੂ ਦੇ ਮਾਰੇ ਜਾਣ ਨਾਲ ਇਜ਼ਰਾਇਲ ਦਾ ਪ੍ਰਧਾਨ ਮੰਤਰੀ ਨੇਤਨਯਾਹੂ ਕੋਈ ਚੱਜ ਦੀ ਪ੍ਰਾਪਤੀ ਗਿਣਾਉਣ ਜੋਗਾ ਹੋ ਗਿਆ ਹੈ। ਉਂਝ ਉਸ ਤੋਂ ਪਹਿਲਾਂ ਹਮਾਸ ਦਾ ਮੁਖੀ ਇਸਮਾਈਲ ਹਾਨੀਆ ਵੀ ਇਰਾਨ ਵਿੱਚ ਇੱਕ ਹਮਲੇ ਦੌਰਾਨ ਮਾਰਿਆ ਗਿਆ ਸੀ। ਇਹ ਹਮਲਾ ਇਜ਼ਰਾਇਲ ਦੀ ਖੁਫੀਆਂ ਏਜੰਸੀ ਮੋਸਾਦ ਵੱਲੋਂ ਕਰਵਾਇਆ ਦੱਸਿਆ ਜਾਂਦਾ ਹੈ। ਭਾਵੇਂ ਕਿ ਇਸ ਦੀ ਜ਼ਿੰਮੇਵਾਰੀ ਕਿਸੇ ਨੇ ਨਹੀਂ ਲਈ। ਇਸੇ ਤਰ੍ਹਾਂ ਲੈਬਨਾਨ ਵੱਲੋਂ ਇਜ਼ਰਾਇਲ 'ਤੇ ਹਮਲੇ ਕਰ ਰਹੇ ਸੰਗਠਨ, ਹਿਜ਼ਬੁੱਲਾ ਦੇ ਆਗੂ ਹਸਨ ਨਸਰੁੱਲਾ ਸਮੇਤ ਕਈ ਹੋਰ ਸੀਨੀਅਰ ਆਗੂ ਵੀ ਇਜ਼ਰਾਇਲੀ ਹਮਲਿਆਂ ਵਿੱਚ ਮਾਰੇ ਜਾ ਚੁੱਕੇ ਹਨ।

ਕੁਝ ਵੀ ਹੋਵੇ, ਬੀਤੇ ਸਾਲ 7 ਅਕਤੂਬਰ ਨੂੰ ਕੀਤੇ ਗਏ ਹਮਲੇ ਨਾਲ ਹਮਾਸ ਨੇ ਨਾ ਸਿਰਫ ਆਪਣੀ ਆਜ਼ਾਦ ਸਟੇਟ ਦਾ ਢਾਂਚਾ ਗੁਆ ਲਿਆ ਹੈ, ਸਗੋਂ ਆਪਣੀ ਲੀਡਰਸ਼ਿੱਪ ਅਤੇ ਕਾਡਰ ਦਾ ਵੱਡਾ ਹਿੱਸਾ ਵੀ ਮਰਵਾ ਲਿਆ ਹੈ। ਇਸ ਦੇ ਸਿੱਟੇ ਵਜੋਂ ਇਜ਼ਰਾਇਲ ਨੇ ਗਾਜ਼ਾ ਵਿੱਚ ਜੋ ਤਬਾਹੀ ਕੀਤੀ ਹੈ, ਉਸ ਦੀ ਪੁਨਰਉਸਾਰੀ ਲਈ ਇੱਕ ਟੁੱਟੀ ਭੱਜੀ ਕੌਮ ਨੂੰ ਵੱਡਾ ਤਰਦੱਦ ਕਰਨਾ ਪਵੇਗਾ। ਇਜ਼ਰਾਇਲ ਅਤੇ ਹਮਾਸ ਵਿੱਚ ਚੱਲ ਰਹੀ ਇਸ ਤਾਜ਼ਾ ਜੰਗ ਵਿੱਚ 42 ਹਜ਼ਾਰ ਲੋਕ ਮਾਰੇ ਗਏ ਹਨ ਤੇ ਇਸ ਤੋਂ ਤਿੱਗਣੀ ਗਿਣਤੀ ਵਿੱਚ ਜ਼ਖਮੀ ਹੋਏ ਹਨ।



ਯਹੀਆ ਸਿਨਵਾਰ

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਹੁਣ ਇਹ ਦਲੀਲ ਦੇ ਰਹੇ ਹਨ ਕਿ ਸਿਨਵਾਰ ਦੇ ਮਾਰੇ ਜਾਣ ਨਾਲ ਇਜ਼ਰਾਇਲ ਦਾ ਗਾਜ਼ਾ ਵਿੱਚ ਪ੍ਰਮੁੱਖ ਕਾਰਜ ਸਿਰੇ ਲੱਗ ਗਿਆ ਹੈ, ਇਸ ਲਈ ਹੁਣ ਦੋਹਾਂ ਧਿਰਾਂ ਨੂੰ ਜੰਗਬੰਦੀ ਲਈ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਨੇ ਹੁਣੇ ਜਿਹੇ ਜਰਮਨੀ ਦਾ ਦੌਰਾ ਵੀ ਕੀਤਾ ਹੈ ਅਤੇ ਇਸ ਮੁਲਕ ਨੇ ਵੀ ਜੰਗਬਦੀ ਦੀ ਹਮਾਇਤ ਕੀਤੀ ਹੈ। ਇਸ ਤਰ੍ਹਾਂ ਅਮਰੀਕਾ ਤੋਂ ਇਲਾਵਾ ਪ੍ਰਮੁੱਖ ਯੂਰਪੀਅਨ ਮੁਲਕ ਵੀ ਜੰਗਬੰਦੀ ਦੇ ਹੱਕ ਵਿੱਚ ਆ ਗਏ ਹਨ; ਪਰ ਇਸ ਦੇ ਬਾਵਜੂਦ ਇਰਾਕ ਗਾਜ਼ਾ ਉਤੇ ਹਮਲੇ ਜਾਰੀ ਰੱਖ ਰਿਹਾ ਹੈ ਅਤੇ ਹਮਾਸ ਦੇ ਬਾਕੀ ਬਚੇ ਲੀਡਰਾਂ ਅਤੇ ਕਾਰਕੁੰਨਾਂ ਨੂੰ ਹਥਿਆਰ ਸੁੱਟਣ ਲਈ ਆਖ ਰਿਹਾ ਹੈ। ਯਾਦ ਰਹੇ, ਬੀਤੇ ਸਾਲ ਸੱਤ ਅਕਤੂਬਰ ਨੂੰ ਹਮਾਸ ਵੱਲੋਂ ਅਗਵਾ ਕੀਤੇ ਗਏ ਇਜ਼ਰਾਇਲੀ ਨਾਗਰਿਕਾਂ ਵਿੱਚੋਂ 100 ਤੋਂ ਵੱਧ ਹਾਲੇ ਵੀ ਉਸ ਦੀ ਹਿਰਾਸਤ ਵਿੱਚ ਹਨ। ਅਸਲ ਵਿੱਚ ਅਮਰੀਕਾ ਅਤੇ ਇਜ਼ਰਾਇਲ ਨਹੀਂ ਚਾਹੁੰਦੇ ਕਿ ਹਮਾਸ ਗਾਜ਼ਾ ਪੱਟੀ ਵਿੱਚ ਸੱਤਾ ਵਿੱਚ ਰਹੇ। ਉਹ ਇੱਥੇ ਕੋਈ 'ਡੰਮੀ' ਸਰਕਾਰ ਕਾਇਮ ਕਰਨ ਦੇ ਚਾਹਵਾਨ ਹਨ, ਜਿਹੜੀ ਇਨ੍ਹਾਂ ਦੋਹਾਂ ਦੇਸ਼ਾਂ ਦੀ ਪਿੱਠੂ ਹੋਵੇ।

ਹਮਾਸ ਦਾ ਉਭਾਰ 1990ਵਿਆਂ ਵਿੱਚ ਉਦੋਂ ਹੋਇਆ ਸੀ, ਜਦੋਂ ਯਾਸਰ ਅਰਾਫਾਤ ਦੀ ਅਗਵਾਈ ਵਾਲੀ ਫਲਿਸਤੀਨ ਲਿਬੇਰਸ਼ਨ ਆਰਗੇਨਾਈਜੇਸ਼ਨ (ਪੀ.ਐਲ.ਓ.) ਅਤੇ ਇਸ ਦਾ ਮਿਲਟਰੀ ਵਿੰਗ ਥਕਾਵਟ ਮਹਿਸੂਸ ਕਰਨ ਲੱਗਾ ਸੀ। ਇਸ ਜਥੇਬੰਦੀ ਦੇ ਆਗੂ ਯਾਸਰ ਅਰਾਫਾਤ ਨੱਬੇਵਿਆਂ ਵਿੱਚ ਆਣ ਕੇ ਕੌਮਾਂਤਰੀ ਭਾਈਚਾਰੇ ਵੱਲੋਂ ਫਲਿਸਤੀਨੀ ਅਤੇ ਇਜ਼ਰਾਇਲੀ ਲੋਕਾਂ ਲਈ ਦੋ ਵੱਖਰੇ-ਵੱਖਰੇ ਮੁਲਕਾਂ ਦੀ ਥਿਊਰੀ ਪ੍ਰਵਾਨਣ ਲੱਗੇ ਸਨ। ਇਸੇ ਤਹਿਤ ਬਿੱਲ ਕਲਿੰਟਨ ਦੀ ਅਮਰੀਕੀ ਸਰਕਾਰ ਦੀ ਅਗਵਾਈ ਵਿੱਚ 1993 ਦੌਰਾਨ ਇੱਕ ਸਮਝੌਤਾ ਵੀ ਹੋਇਆ ਸੀ, ਜਿਸ ਵਿੱਚ ਫਲਿਸਤੀਨ ਜਿਸ ਇਲਾਕੇ ਵਿੱਚ ਰਹਿੰਦੇ ਹਨ, ਉਸ ਨੂੰ ਇੱਕ ਵੱਖਰਾ ਰਾਜ ਮੰਨ ਲਿਆ ਗਿਆ ਸੀ। ਇਸ ਸਮਝੌਤੇ ਤੋਂ ਬਾਅਦ ਫਲਿਸਤੀਨ ਵਿੱਚ ਬਣੀ ਸਰਕਾਰ ਦੇ ਯਾਸਰ ਅਰਾਫਾਤ ਮੁਖੀ ਬਣੇ। 1948 ਵਿੱਚ ਜਦੋਂ ਇਜ਼ਰਾਇਲ ਹੋਂਦ ਵਿੱਚ ਆਇਆ ਸੀ ਤਾਂ ਇਸ ਦੀ ਉਸਾਰੀ ਲਈ ਇੱਥੇ ਵੱਸਦੇ ਅਰਬੀ ਮੂਲ ਦੇ ਬਾਸ਼ਿੰਦਿਆਂ ਨੂੰ ਉਜਾੜ ਦਿੱਤਾ ਗਿਆ ਸੀ।

ਸੰਯੁਕਤ ਰਾਸ਼ਟਰ ਵੱਲੋਂ ਇੱਕ ਸਮਝੌਤੇ ਤਹਿਤ ਯਹੂਦੀਆਂ ਨੂੰ ਆਪਣਾ ਮੁਲਕ ਵਸਾਉਣ ਲਈ ਇਸ ਖਿੱਤੇ ਦਾ 44 ਫੀਸਦੀ ਹਿੱਸਾ ਦਿੱਤਾ ਗਿਆ ਤੇ ਫਲਿਸਤੀਨੀਆਂ ਨੂੰ 48 ਫੀਸਦੀ; ਪਰ ਦੋ ਸਾਮਰਾਜੀ ਮੁਲਕਾਂ ਦਾ ਆਪਣੇ ਸਿਰ 'ਤੇ ਹੱਥ ਹੋਣ ਕਾਰਨ ਇਜ਼ਰਾਇਲ ਦਾ ਮਨਸ਼ਾ ਹਮੇਸ਼ਾ ਵਿਸਤਾਰਵਾਦੀ ਰਿਹਾ। ਉਸ ਨੇ ਹਿੱਕ ਦੇ ਜ਼ੋਰ ਫਲਿਸਤੀਨੀ ਖੇਤਰ ਵਿੱਚ ਆਪਣੇ ਬਾਸ਼ਿੰਦਿਆਂ ਨੂੰ ਵਸਾਉਣਾ ਜਾਰੀ ਰੱਖਿਆ ਅਤੇ ਇਨ੍ਹਾਂ ਦੀ ਰਾਖੀ ਇਜ਼ਰਾਇਲੀ ਫੌਜ ਕਰਦੀ ਰਹੀ। ਇਹ ਸ਼ਰੀਹਣ ਧੱਕਾ ਅਤੇ ਸੀਨਾਜ਼ੋਰੀ ਸੀ। ਇਸ ਧੱਕੇਸ਼ਾਹੀ ਵਿਰੁਧ ਪਹਿਲਾਂ ਪੀ.ਐਲ.ਓ. ਨੇ ਅਤੇ ਬਾਅਦ ਵਿੱਚ ਹਮਾਸ ਨੇ ਹਥਿਆਰਬੰਦ ਅਤੇ ਰਾਜਨੀਤਿਕ ਸੰਘਰਸ਼ ਜਾਰੀ ਰੱਖਿਆ। ਓਸਲੋ ਸਮਝੌਤੇ ਤੋਂ ਬਾਅਦ ਵੈਸਟ ਬੈਂਕ ਅਤੇ ਗਾਜ਼ਾ ਪੱਟੀ ਵਿੱਚ ਪੀ.ਐਲ.ਓ. ਦੀ ਸਰਕਾਰ ਰਹੀ। ਹਥਿਆਰਬੰਦ ਸੰਗਠਨ ਹਮਾਸ ਦੇ ਰਾਜਨੀਤਿਕ ਵਿੰਗ ਨੇ ਗਾਜ਼ਾ ਪੱਟੀ ਵਿੱਚ ਆਪਣੀ ਸੱਤਾ ਕਾਇਮ ਕਰ ਲਈ। ਇਹ ਬਾਕਾਇਦਾ ਚੁਣੀ ਹੋਈ ਸਰਕਾਰ ਸੀ, ਜਿਸ ਕੋਲ ਆਪਣੀ ਫੌਜੀ ਸਮਰੱਥਾ ਵੀ ਸੀ।

ਪੀ.ਐਲ.ਓ. ਦੀ ਸੱਤਾ ਸਿਰਫ ਵੈਸਟ ਬੈਂਕ ਵਾਲੇ ਪਾਸੇ ਤੱਕ ਸੀਮਤ ਹੋ ਗਈ। ਸੱਤਾ ਵਿੱਚ ਆਉਣ ਤੋਂ ਬਾਅਦ ਪੀ.ਐਲ.ਓ. ਦੇ ਬਹੁਤੇ ਆਗੂਆਂ ਉਤੇ ਭ੍ਰਿਸ਼ਟਚਾਰ ਦੇ ਦੋਸ਼ ਲੱਗਣ ਲੱਗੇ। ਕਿਸੇ ਹੱਦ ਤੱਕ ਇਹ ਸਹੀ ਵੀ ਸਨ। ਇਸ ਵਰਤਾਰੇ ਨੇ ਇਸ ਜਥੇਬੰਦੀ ਵਿੱਚ ਲੜਨ ਦਾ ਜਜ਼ਬਾ ਮਾਰ ਦਿੱਤਾ। ਅਜਿਹੀ ਸਥਿਤੀ ਇਜ਼ਰਾਇਲ ਨੂੰ ਫਿੱਟ ਬੈਠਦੀ ਸੀ। ਫਲਿਸਤੀਨੀ ਇਲਾਕੇ ਵਿੱਚ ਇਸ ਕਿਸਮ ਦੀਆਂ ਸਰਕਾਰਾਂ ਦੀ ਮੌਜੂਦਗੀ ਵਿੱਚ ਇਜ਼ਰਾਇਲ ਮਨਮਾਨੇ ਢੰਗ ਨਾਲ ਆਪਣੀਆਂ ਬਸਤੀਆਂ ਵਸਾ ਸਕਦਾ ਸੀ ਤੇ ਉਹਨੇ ਇਹ ਕੀਤਾ ਹੀ। ਇਜ਼ਰਾਇਲ ਦੇ ਅਜਿਹੇ ਵਤੀਰੇ ਨੂੰ ਠੱਲ੍ਹ ਮਾਰਨ ਲਈ 'ਹਮਾਸ' ਦਾ ਉਭਾਰ ਹੋਇਆ, ਜਿਸ ਨੇ ਗਾਜ਼ਾ ਪੱਟੀ ਆਪਣੇ ਕਬਜ਼ੇ ਵਿੱਚ ਲੈ ਲਈ।

ਜਿਵੇਂ ਕਿ 7 ਅਕਤੂਬਰ 2023 ਦੀ ਘਟਨਾ ਤੋਂ ਬਾਅਦ ਅਖ਼ਬਾਰ 'ਪੰਜਾਬੀ ਪਰਵਾਜ਼' ਵਿੱਚ ਖਦਸ਼ਾ ਪ੍ਰਗਟ ਕੀਤਾ ਗਿਆ ਸੀ ਕਿ 'ਹਮਾਸ ਕਿਧਰੇ ਆਪਣੀ ਸੀਮਤ ਸੱਤਾ ਵੀ ਨਾ ਗੁਆ ਦੇਵੇ।' ਸਥਿਤੀ ਤਕਰੀਬਨ ਇਸੇ ਕਿਸਮ ਦੀ ਪੈਦਾ ਹੋ ਗਈ ਹੈ। ਲਗਦਾ ਹੈ, ਇਜ਼ਰਾਇਲ ਗਾਜ਼ਾ 'ਤੇ ਉਦੋਂ ਤੱਕ ਹਮਲੇ ਜਾਰੀ ਰੱਖੇਗਾ, ਜਦੋਂ ਤੱਕ ਉਹ ਇੱਥੇ ਆਪਣੀ ਕਠਪੁਤਲੀ ਸਰਕਾਰ ਕਾਇਮ ਕਰਨ ਵਿੱਚ ਸਫਲ ਨਹੀਂ ਹੋ ਜਾਂਦਾ। ਹਮਾਸ ਵੱਲੋਂ ਬੀਤੇ ਸਾਲ ਸੱਤ ਅਕਤੂਬਰ ਨੂੰ ਬੰਦੀ ਬਣਾਏ ਗਏ ਨਾਗਰਿਕਾਂ ਵਿੱਚੋਂ ਸੌ ਤੋਂ ਵੱਧ ਲੋਕਾਂ ਨੂੰ ਰਿਹਾਅ ਕਰਵਾਉਣਾ ਇਜ਼ਰਾਇਲ ਲਈ ਸਵਾਲ ਬਣਿਆ ਹੋਇਆ ਹੈ। ਇਹ ਬੰਦੀ ਇਸੇ ਇਲਾਕੇ ਵਿੱਚ ਹਨ ਜਾਂ ਕਿਸੇ ਗੁਆਂਢੀ ਮੁਲਕ ਵਿੱਚ ਸਰਕਾ ਦਿੱਤੇ ਗਏ ਹਨ, ਪੱਕ ਨਾਲ ਨਹੀਂ ਕਿਹਾ ਜਾ ਸਕਦਾ।

ਸਿਨਵਾਰ ਦੀ ਮੌਤ ਤੋਂ ਬਾਅਦ ਵੀ ਇਜ਼ਰਾਇਲੀ ਫੌਜ ਨੇ ਗਾਜ਼ਾ ਉਪਰ ਹਮਲੇ ਜਾਰੀ ਰੱਖੇ ਹਨ, ਜਿਨ੍ਹਾਂ ਵਿੱਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਹਮਾਸ ਆਪਣਾ ਹਥਿਆਰਬੰਦ ਵਿਰੋਧ ਇਸ ਖੇਤਰ ਵਿੱਚ ਰਾਜਸੀ ਸੱਤਾ ਗੁਆਉਣ ਤੋਂ ਬਾਅਦ ਵੀ ਜਾਰੀ ਰੱਖ ਸਕੇਗੀ, ਇਸ ਬਾਰੇ ਬਹੁਤਾ ਕੁਝ ਹੁਣੇ ਤੋਂ ਨਹੀਂ ਕਿਹਾ ਜਾ ਸਕਦਾ, ਪਰ ਜਿਵੇਂ ਕਿ ਇਰਾਨ, ਹਿਜ਼ਬੁਲਾ ਅਤੇ ਖੁਦ ਹਮਾਸ ਨੇ ਦਾਅਵਾ ਕੀਤਾ ਹੈ, ਉਸ ਦੀ ਰਾਜਸੀ ਲੀਡਰਸ਼ਿੱਪ ਅਤੇ ਹਥਿਆਰਬੰਦ ਕੈਡਰ ਹਾਲੇ ਵੀ ਜਥੇਬੰਦ ਹੈ। ਇਸ ਨੁਕਤੇ 'ਤੇ ਇਹ ਫਰਕ ਵੀ ਸਮਝਣ ਵਾਲਾ ਹੈ ਕਿ ਜਿੱਥੇ ਯਾਸਰ ਅਰਾਫਾਤ ਦੀ ਅਗਵਾਈ ਵਾਲੀ ਫਲਿਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ ਨੇ ਦੋ ਦੇਸ਼ਾਂ (ਇਜ਼ਰਾਇਲ ਅਤੇ ਫਲਿਸਤੀਨ) ਦੀ ਥਿਊਰੀ ਸਵੀਕਾਰ ਕਰ ਲਈ ਸੀ, ਹਮਾਸ ਇਰਾਨ ਵਾਂਗ ਇਜ਼ਰਾਇਲ ਦਾ ਖਾਤਮਾ ਚਾਹੁੰਦਾ ਹੈ। ਇਸ ਕਿਸਮ ਦੀਆਂ ਚੱਕਵੀਆਂ ਅਤੇ ਅੱਤਿਮੁਖੀ ਪੁਜੀਸ਼ਨਾਂ ਅਤੇ ਕਾਰਵਾਈਆਂ ਹੀ ਕਈ ਰਵਾਂ ਹੋਈਆਂ ਤਨਜੀਮਾਂ ਲਈ ਅੜਿੱਕਾ ਬਣ ਜਾਂਦੀਆਂ ਹਨ। ਅਜਿਹਾ ਹੀ ਕੁਝ ਅਸੀਂ ਬੀਤੀ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਪੰਜਾਬ ਵਿੱਚ 'ਸਿੱਖ ਲਹਿਰ' ਅਤੇ ਸ੍ਰੀਲੰਕਾ ਵਿੱਚ 'ਲਿੱਟੇ' ਨਾਲ ਵਾਪਰਦਾ ਵੇਖਿਆ ਹੈ।

# ਈਰਾਨ-ਇਜ਼ਰਾਇਲ ਦੀ ਜੰਗ ਖ਼ਤਰਨਾਕ ਮੋੜ 'ਤੇ

## ਹਾਲਾਤ

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**



ਇਜ਼ਰਾਇਲ, ਈਰਾਨ, ਰੂਸ, ਯੂਕ੍ਰੇਨ, ਭਾਰਤ-ਕੈਨੇਡਾ, ਨੇਪਾਲ-ਚੀਨ, ਦੱਖਣੀ ਤੇ ਉਤਰੀ ਕੋਰੀਆ, ਅਮਰੀਕਾ ਸਭ ਬਾਰੂਦ ਦੇ ਢੇਰ 'ਤੇ ਬੈਠ ਕੇ ਮੌਤਨਾਮੀ ਬਾਰੂਦ ਨਾਲ ਖੇਡ ਰਹੇ ਹਨ। ਇਹ ਕਿਸੇ ਵੇਲੇ ਵੀ ਵਿਸ਼ਵ ਯੁੱਧ ਵੱਲ ਵੱਧ ਸਕਦੇ ਹਨ, ਹਰੇਕ ਦੇਸ਼ ਨੂੰ ਪ੍ਰਮਾਣੂ ਸ਼ਕਤੀ ਦਾ ਵਿਸਫੋਟ ਹੋ ਜਾਣ ਦਾ ਡਰ ਹੈ। ਅਜੇ ਜ਼ਮੀਨੀ ਤੇ ਅਸਮਾਨੀ ਲੜਾਈ ਜਾਰੀ ਹੈ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਉਸ ਦੀ ਪਤਨੀ 'ਤੇ ਈਰਾਨ ਦੇ ਸਮਰਥਕ ਲੈਬਨਾਨ ਵੱਲੋਂ ਡ੍ਰੋਨ ਹਮਲੇ 'ਚ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਘਟਨਾ ਨੇ ਦੋਹਾਂ ਦੇਸ਼ਾਂ ਵਿੱਚ ਨਫਰਤ ਤੇ ਦੁਸ਼ਮਣੀ ਹੋਰ ਤੇਜ ਕਰ ਦਿੱਤੀ ਹੈ।



ਨੇਤਨਯਾਹੂ ਨੇ ਲੈਬਨਾਨ ਵੱਲੋਂ ਕੀਤੇ ਗਏ ਡ੍ਰੋਨ ਹਮਲੇ ਦਾ ਜ਼ਿਕਰ ਕਰਦਿਆਂ ਪੂਰੇ ਰੋਸ ਲਹਿਜੇ 'ਚ ਕਿਹਾ ਕਿ ਈਰਾਨ ਤੇ ਉਸ ਦੇ ਸਹਿਯੋਗੀ ਵੱਲੋਂ ਕੇਸਰੀਆ ਸ਼ਹਿਰ ਵਿੱਚ ਉਨ੍ਹਾਂ ਦੀ ਨਿੱਜੀ ਰਿਹਾਇਸ਼ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਬਾਅਦ 'ਚ ਫਿਰ ਡ੍ਰੋਨ ਰਾਹੀਂ ਸ਼ਹਿਰ ਦੇ ਇੱਕ ਹੋਰ ਘਰ 'ਤੇ ਹਮਲਾ ਕੀਤਾ ਗਿਆ, ਪਰ ਉਥੇ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਮਲੇ ਸਮੇਂ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਹਮਲੇ ਵਾਲੀ ਨਿੱਜੀ ਰਿਹਾਇਸ਼ ਵਿੱਚ ਨਹੀਂ ਸਨ। ਨੇਤਨਯਾਹੂ ਨੇ ਕਿਹਾ ਕਿ ਇਹ ਲੋਕ ਮੈਨੂੰ ਅਤੇ ਇਜ਼ਰਾਈਲ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਦੁਸ਼ਮਣਾਂ ਵਿਰੁੱਧ ਲੜਾਈ ਜਾਰੀ ਰੱਖਣ ਤੋਂ ਰੋਕ ਨਹੀਂ ਸਕਣਗੇ। ਮੈਂ ਈਰਾਨੀਆ ਅਤੇ ਉਸ ਦੇ ਸਹਿਯੋਗੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਈਰਾਨ ਸਾਡੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਤਾਂ ਉਸ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਦੂਜੇ ਪਾਸੇ ਈਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਈਰਾਨ 'ਤੇ ਕਿਸੇ ਵੀ ਇਜਰਾਈਲੀ ਹਮਲੇ ਦਾ ਮਤਲਬ ਖ਼ਤਰੇ ਦੀ ਲਾਈਨ ਨੂੰ ਪਾਰ ਕਰਨਾ ਹੋਵੇਗਾ। ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਕਿਸੇ ਨੇ ਵੀ ਹਮਲਾ ਕੀਤਾ ਤਾਂ ਇਸ ਦਾ ਕਰਾਰਾ ਜਵਾਬ ਦਿਤਾ ਜਾਵੇਗਾ।

ਦੂਜੇ ਪਾਸੇ ਉਤਰੀ ਗਾਜ਼ਾ 'ਚ ਕਈ ਘਰਾਂ 'ਤੇ ਇਜ਼ਰਾਇਲੀ ਹਮਲਿਆਂ 'ਚ ਕਈ ਲੋਕ ਮਾਰੇ ਗਏ ਜਾਂ ਲਾਪਤਾ ਹਨ। ਬੇਤਲਹੀਆ ਸ਼ਹਿਰ 'ਤੇ 20 ਅਕਤੂਬਰ ਨੂੰ ਹੋਏ ਹਮਲਿਆਂ 'ਚ 40 ਲੋਕ ਜਖ਼ਮੀ ਹੋਏ ਹਨ। ਈਰਾਨ ਲੈਬਨਾਨ ਵਿੱਚ ਹਮਾਸ ਅਤੇ ਹਿਜ਼ਬੁੱਲਾ ਅਤਿਵਾਦੀ ਸਮੂਹ ਦਾ ਸਮਰਥਨ ਕਰਦਾ ਹੈ, ਜਿੱਥੇ ਇੱਕ ਸਾਲ ਤੋਂ ਵੱਧ ਰਹੇ ਤਣਾਅ ਨੇ ਖ਼ਤਰਨਾਕ ਜੰਗ ਦਾ ਰੂਪ ਧਾਰ ਲਿਆ।

ਲੈਬਨਾਨ ਦੀ ਫੌਜ ਦਾ ਕਹਿਣਾ ਹੈ ਕਿ ਦੱਖਣੀ ਲੈਬਨਾਨ ਵਿੱਚ ਉਨ੍ਹਾਂ ਦੇ ਵਾਹਨਾਂ 'ਤੇ ਇਜ਼ਰਾਇਲੀ ਹਮਲੇ ਹੋਏ ਹਨ ਤੇ ਕੁੱਝ ਵਿਅਕਤੀਆਂ ਦੀ ਮੌਤ ਹੋ ਗਈ ਹੈ। ਲੈਬਨਾਨ ਦੀ ਫੌਜ ਇੰਨੀ ਮਜ਼ਬੂਤ ਨਹੀਂ ਹੈ ਕਿ ਉਹ ਹਿਜ਼ਬੁੱਲਾ ਉਪਰ ਆਪਣੀ ਮਰਜ਼ੀ ਥੋਪ ਸਕੇ ਜਾਂ ਇਜ਼ਰਾਈਲੀ ਹਮਲੇ ਤੋਂ ਦੇਸ਼ ਦੀ ਰੱਖਿਆ ਕਰ ਸਕੇ। ਰੂਸ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਨੇ ਐਤਵਾਰ ਨੂੰ ਦੇਸ਼ ਦੇ ਪੱਛਮੀ ਖੇਤਰ 'ਚ 100 ਤੋਂ ਵੱਧ ਯੂਕਰੇਨੀ ਡ੍ਰੋਨ ਤਬਾਹ ਕਰ ਦਿੱਤੇ ਹਨ। ਦੂਜੇ ਪਾਸੇ ਯੂਕਰੇਨ ਦੇ ਕੀਵੀ ਸ਼ਹਿਰ ਵਿੱਚ ਬੈਲਿਸਟਿਕ ਮਿਜ਼ਾਈਲ ਹਮਲੇ ਵਿੱਚ 17 ਲੋਕ ਜ਼ਖ਼ਮੀ ਹੋ ਗਏ ਹਨ। ਮਰਨ ਵਾਲੇ ਤਾਂ ਆਮ ਨਾਗਰਿਕ ਹਨ, ਜੰਗ ਕਿਸੇ ਵੀ ਦੇਸ਼ ਦੀ ਹੋਏ ਮਰਨਾ ਲੋਕਾਂ ਨੇ ਹੀ- ਭਾਵੇਂ ਬਾਰਡਰ ਹੋਏ, ਭਾਵੇਂ ਮੈਦਾਨ।

ਇਜ਼ਰਾਇਲੀ ਸੈਨਾ ਨੇ ਐਤਵਾਰ ਨੂੰ ਲੈਬਨਾਨ ਦੀ ਰਾਜਧਾਨੀ ਬੈਰੂਤ 'ਚ ਹਿਜ਼ਬੁੱਲਾ ਦੇ ਖੁਫੀਆ ਵਿੰਗ ਦੇ ਹੈੱਡਕੁਆਰਟਰ ਤੇ ਇੱਕ ਭੂਮੀਗਤ ਹਥਿਆਰਾਂ ਦੀ ਫੈਕਟਰੀ 'ਤੇ ਹਮਲਾ ਕੀਤਾ ਸੀ। ਇਜ਼ਰਾਇਲੀ ਕਾਰਵਾਈ 'ਚ ਹਿਜ਼ਬੁੱਲਾ ਦੇ ਤਿੰਨ ਕਮਾਂਡਰ ਅਲਹਾਜ ਅੱਬਾਸ ਸਾਲਾਮੇਹ, ਰਾਦਜਾ ਅੱਬਾਸ ਅਤੇ ਅਹਿਮਦ ਅਲੀ ਵੀ ਮਾਰੇ ਗਏ ਹਨ, ਜਦਕਿ ਹਿਜ਼ਬੁੱਲਾ ਵੱਲੋਂ ਇਜ਼ਰਾਈਲ 'ਤੇ 100 ਦੇ ਕਰੀਬ ਰਾਕੇਟ, ਡਰੋਨ ਅਤੇ ਮਿਜ਼ਾਈਲਾਂ ਦਾਗੀਆਂ ਗਈਆਂ। ਇਨ੍ਹਾਂ ਹਮਲਿਆਂ ਕਾਰਨ ਹੋਏ ਨੁਕਸਾਨ ਦਾ ਵੇਰਵਾ ਹਾਲੇ ਪ੍ਰਾਪਤ ਨਹੀਂ ਹੋ ਸਕਿਆ। ਇਸ ਦੌਰਾਨ ਈਰਾਨ 'ਤੇ ਇਜ਼ਰਾਇਲ ਦੇ ਹਮਲੇ ਦੀ ਗੁਪਤ ਯੋਜਨਾ ਅਮਰੀਕਾ ਤੋਂ ਜਾਰੀ ਹੋਣ ਦੀ ਸੂਚਨਾ ਹੈ। ਅਮਰੀਕਾ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਲੈਬਨਾਨੀ ਫੌਜ ਨੇ ਕਿਹਾ ਹੈ ਕਿ ਦੱਖਣ 'ਚ ਇਜ਼ਰਾਇਲੀ ਹਮਲੇ 'ਚ ਉਸਦੇ ਤਿੰਨ ਸੈਨਿਕ ਮਾਰੇ ਗਏ ਹਨ। ਇਹ ਸੈਨਿਕ ਆਪਣੀ ਗੱਡੀ 'ਚ ਸਨ, ਜਦੋਂ ਉਹ ਨਿਸ਼ਾਨਾ ਬਣੇ। ਲੈਬਨਾਨੀ ਫੌਜ ਜੰਗ 'ਚ ਸ਼ਾਮਲ ਨਹੀਂ ਹੈ। ਉਥੇ ਹੀ, ਇਜ਼ਰਾਇਲੀ 'ਫੌਜ ਤੇ ਈਰਾਨ ਸਮਰਥਿਤ ਹਥਿਆਰਬੰਦ ਸੰਗਠਨ ਹਿਜ਼ਬੁੱਲਾ ਵਿਚਾਲੇ ਵਿਦੇਸ਼ ਮੰਤਰੀ ਇਜ਼ਰਾਇਲ ਕਾਜ਼ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਰਿਹਾਇਸ਼ 'ਤੇ ਡ੍ਰੋਨ ਹਮਲੇ ਕਰਨ ਲਈ ਈਰਾਨ ਨੂੰ

⇒ ਬਾਕੀ ਸਫਾ 16 ਉਤੇ ਪੜ੍ਹੋ




ਸਿੱਖ ਟੈਂਪਲ ਆਫ ਵਿਸਕਾਨਸਿਨ (ਓਕ ਕਰੀਕ)
ਦੀ ਸਮੂਹ ਪ੍ਰਬੰਧਕ ਕਮੇਟੀ, ਸੇਵਾਦਾਰਾਂ ਤੇ
ਸੰਗਤਾਂ ਵੱਲੋਂ ਸਮੂਹ ਭਾਈਚਾਰੇ ਨੂੰ

# ਬੰਦੀਛੋੜ ਦਿਵਸ ਦੀ ਕੋਟਾਨਿ ਕੋਟਿ ਵਧਾਈ

**ਬੰਦੀਛੋੜ ਦਿਵਸ ਮੌਕੇ 1 ਨਵੰਬਰ 2024 (ਸ਼ੁੱਕਰਵਾਰ) ਨੂੰ ਸ਼ਾਮ 5 ਤੋਂ ਰਾਤ 8 ਵਜੇ ਤੱਕ ਵਿਸ਼ੇਸ਼ ਸਮਾਗਮ ਹੋਵੇਗਾ**

ਭਾਈ ਗੁਰਮੇਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਦਾ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ। ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸਭ ਨੂੰ ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਮੁਬਾਰਕ ਹੋਵੇ

*–ਸੰਗਤਾਂ ਦੇ ਦਾਸ–*

ਸਮੂਹ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ

## Sikh Temple Of Wisconsin

7512 South Howell Ave. Oak Creek, WI 53154
Ph. 414-764-7454 Web Site: sikhtempleofwisconsin.com





# ਧੰਨ ਧੰਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ, ਬੰਦੀਛੋੜ ਦਿਵਸ ਤੇ ਦੀਵਾਲੀ ਦੇ ਤਿਓਹਾਰ ਦੀ

# ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

## PCO Members



| Kulwant Singh Dhillon | Satwinder Singh Pompi | Pavanjit Singh Hothi | Harvinder Singh Lally Sidhu | Gurpreet Singh Bratty Gill |
|---|---|---|---|---|
| 414-248-2792 | 414-406-9016 | 414-333-2902 | 414-788-9813 | 414-334-0047 |


# ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ

## ਮਿਲਵਾਕੀ (ਵਿਸਕਾਨਸਿਨ)

# ਬ੍ਰਿਟਿਸ਼ ਕੋਲੰਬੀਆ ਦੀਆਂ ਚੋਣਾਂ ‘ਚ ਪੰਜਾਬੀਆਂ ਦੀ ਚੜ੍ਹਤ

**ਨਵਜੋਤ ਕੌਰ**

## *ਐਨ.ਡੀ.ਪੀ. ਨੇ 46 ਸੀਟਾਂ ਅਤੇ ਕੰਜ਼ਰਵੇਟਿਵਜ਼ ਪਾਰਟੀ ਨੇ 45 ਸੀਟਾਂ ਜਿੱਤੀਆਂ


ਰਾਜ ਚੌਹਾਨ


ਹਰਵਿੰਦਰ ਕੌਰ


ਜਗਰੂਪ ਸਿੰਘ ਬਰਾੜ


ਨਿੱਕੀ ਸ਼ਰਮਾ


ਸੁਨੀਤਾ ਧੀਰ


ਜੋਡੀ ਸਿੰਘ

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈਆਂ ਵਿਧਾਨ ਸਭਾ ਚੋਣ ਨਤੀਜਿਆਂ ਨੇ ਲੋਕਾਂ ਦਾ ਧਿਆਨ ਖਿਚਿਆ ਹੈ, ਕਿਉਂਕਿ ਪਹਿਲੀ ਵਾਰ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿੱਚ ਦਰਜਨਾਂ ਪੰਜਾਬੀ ਵਿਧਾਇਕ ਬਣੇ ਹਨ। ਇਨ੍ਹਾਂ ਚੋਣਾਂ ਵਿੱਚ 14 ਪੰਜਾਬੀ ਵਿਧਾਇਕ ਬਣੇ ਹਨ। ਨਿਊ ਡੇਮੋਕ੍ਰੈਟਿਕ ਪਾਰਟੀ ਦੇ 9 ਅਤੇ ਕੰਜ਼ਰਵੇਟਿਵ ਪਾਰਟੀ ਦੇ 5 ਪੰਜਾਬੀ ਉਮੀਦਵਾਰ ਜੇਤੂ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੀਆਂ ਕੁੱਲ 93 ਸੀਟਾਂ ਹਨ, ਜਿਨ੍ਹਾਂ ਵਿੱਚੋਂ 14 ਉੱਤੇ ਪੰਜਾਬੀਆਂ ਨੇ ਦਬਦਬਾ ਕਾਇਮ ਕੀਤਾ ਹੈ, ਹਾਲਾਂਕਿ ਕੁਲ 37 ਪੰਜਾਬੀ ਉਮੀਦਵਾਰ ਚੋਣ ਮੈਦਾਨ ਵਿੱਚ ਉੱਤਰੇ ਸਨ। ਜ਼ਿਕਰਯੋਗ ਹੈ ਕਿ 19 ਅਕਤੂਬਰ ਨੂੰ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਲਈ ਵੋਟਾਂ ਪਈਆਂ ਸਨ। ਇਨ੍ਹਾਂ ਚੋਣਾਂ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨੇ 46 ਸੀਟਾਂ ਜਿੱਤੀਆਂ ਜਦਕਿ ਕੰਜ਼ਰਵੇਟਿਵਜ਼ ਪਾਰਟੀ ਨੇ ਕੁਲ 45 ਸੀਟਾਂ ਜਿੱਤੀਆਂ ਹਨ। ਗ੍ਰੀਨ ਪਾਰਟੀ ਨੇ ਦੋ ਸੀਟਾਂ ਜਿੱਤੀਆਂ। ਗ੍ਰੀਨ ਪਾਰਟੀ ਦੇ ਚੁਣੇ ਗਏ ਵਿਧਾਇਕ ਕਿਹੜੀ ਪਾਰਟੀ ਵੱਲ ਜਾਂਦੇ ਹਨ, ਇਹੀ ਫ਼ੈਸਲਾ ਤੈਅ ਕਰੇਗਾ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਅਗਲੀ ਸਰਕਾਰ ਕਿਸ ਪਾਰਟੀ ਦੀ ਬਣੇਗੀ।

ਜੇਤੂਆਂ ਵਿੱਚੋਂ ਬਹੁਤ ਨਾਮ ਅਜਿਹੇ ਹਨ, ਜਿਹੜੇ ਕਈ ਸਾਲਾਂ ਤੋਂ ਲਗਾਤਾਰ ਵਿਧਾਇਕ ਦੀਆਂ ਚੋਣਾਂ ਜਿੱਤਦੇ ਆ ਰਹੇ ਹਨ। ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼ ਤੋਂ ਦੂਜੀ ਵਾਰ ਵਿਧਾਇਕ ਚੁਣੇ ਗਏ ਹਨ। ਇਸ ਤੋਂ ਪਹਿਲਾਂ ਉਹ 2020 ਵਿੱਚ ਇੱਥੋਂ ਵਿਧਾਇਕ ਬਣੇ ਸਨ ਅਤੇ ਅਟਾਰਨੀ ਜਨਰਲ ਵੀ ਰਹੇ ਹਨ। ਨਿੱਕੀ ਪੇਸ਼ੇ ਵਜੋਂ ਇੱਕ ਵਕੀਲ ਹਨ। ਨਿੱਕੀ ਨੇ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਜਲਵਾਯੂ ਨੀਤੀ ਉੱਤੇ ਕੰਮ ਕੀਤਾ ਹੈ। ਨਸਲਵਾਦ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਦੇ ਕੰਮ ਨੂੰ ਮਾਨਤਾ ਵੀ ਦਿੱਤੀ ਗਈ। ਨਿੱਕੀ ਨੂੰ ਵੈਨਸੀਟੀ ਕ੍ਰੈਡਿਟ ਯੂਨੀਅਨ ਦੇ ਬੋਰਡ ਲਈ ਚੁਣਿਆ ਗਿਆ ਸੀ, ਜਿੱਥੇ ਉਨ੍ਹਾਂ ਨੇ ਵਾਈਸ-ਚੇਅਰ ਵਜੋਂ ਸੇਵਾ ਕੀਤੀ ਅਤੇ ਜਲਵਾਯੂ ਨਿਆਂ ਕਾਰਜ ਸਮੂਹ ਦੀ ਪ੍ਰਧਾਨਗੀ ਕੀਤੀ। 2017 ਵਿੱਚ ਨਿੱਕੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਬੱਚਿਆਂ ਦੀ ਦੇਖਭਾਲ ਲਈ ਸੀਨੀਅਰ ਸਹਾਇਕ ਮੰਤਰੀ ਵਜੋਂ ਕੰਮ ਕੀਤਾ। ਨਿੱਕੀ ਦਾ ਪਾਲਣ ਪੋਸ਼ਣ ਸਪਾਰਵੁੱਡ ਬੀ.ਸੀ. ਵਿੱਚ ਹੋਇਆ ਸੀ। ਉਹ 15 ਸਾਲਾਂ ਤੋਂ ਪੂਰਬੀ ਵੈਨਕੂਵਰ ਵਿੱਚ ਰਹਿ ਰਹੇ ਹਨ।

ਵਰਨੋਨ ਮੋਨਾਸ਼ੀ ਤੋਂ ਵਿਧਾਇਕ ਬਣੇ ਹਰਵਿੰਦਰ ਕੌਰ ਸੰਧੂ ਨੇ ਇੱਥੋਂ ਦੂਜੀ ਵਾਰ ਚੋਣ ਜਿੱਤੀ ਹੈ। ਇਸਤੋਂ ਪਹਿਲਾਂ ਉਹ 2020 ਵਿੱਚ ਇਥੋਂ ਵਿਧਾਇਕ ਬਣੇ ਸਨ। ਉਨ੍ਹਾਂ ਨੇ ਸੀਨੀਅਰਜ਼ ਸੇਵਾਵਾਂ ਲਈ ਸੰਸਦੀ ਸਕੱਤਰ ਵਜੋਂ ਸੇਵਾ ਵੀ ਨਿਭਾਈ ਹੈ। ਹਰਵਿੰਦਰ ਕੌਰ ਆਪਣੀ ਪਹਿਲੀ ਚੋਣ ਦੌਰਾਨ ਜੁਬਲੀ ਹਸਪਤਾਲ ਵਿੱਚ ਇੱਕ ਰਜਿਸਟਰਡ ਨਰਸ ਵਜੋਂ ਕੰਮ ਕਰਦੇ ਸਨ। ਉਨ੍ਹਾਂ ਨੇ ਬੀ.ਸੀ. ਨਰਸਜ਼ ਯੂਨੀਅਨ ਦੇ ਹਿੱਸੇ ਵਜੋਂ ਅਤੇ ਇੱਕ ਵਿਅਕਤੀਗਤ ਤੌਰ ‘ਤੇ ਕਈ ਚੈਰੀਟੇਬਲ ਪਹਿਲਕਦਮੀਆਂ ‘ਤੇ ਕੰਮ ਕੀਤਾ।

ਇਸੇ ਤਰ੍ਹਾਂ ਰਾਜ ਚੌਹਾਨ ਨੇ ਬਰਨਬੀ-ਐਡਮੰਡਜ਼ ਤੋਂ ਨਿਊ ਡੇਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਵੱਜੋਂ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਦਾ ਪਿਛੋਕੜ ਲੁਧਿਆਣਾ ਦੇ ਪਿੰਡ ਗਹੌਰ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਦੀਪਕ ਸੂਰੀ ਨੂੰ ਹਰਾਇਆ ਹੈ। ਰਾਜ ਚੌਹਾਨ ਛੇਵੀਂ ਵਾਰ ਬ੍ਰਿਟਿਸ਼ ਕੋਲੰਬੀਆ ਦੇ ਵਿਧਾਇਕ ਚੁਣੇ ਗਏ ਹਨ। ਉਹ 2005 ਵਿੱਚ ਪਹਿਲੀ ਵਾਰ ਬਰਨਬੀ-ਐਡਮੰਡਜ਼ ਤੋਂ ਵਿਧਾਇਕ ਚੁਣੇ ਗਏ ਸਨ। ਰਾਜ ਚੌਹਾਨ 1973 ਵਿੱਚ ਕੈਨੇਡਾ ਆਏ ਸਨ। ਉਹ ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ ਦੇ ਸੰਸਥਾਪਕ ਪ੍ਰਧਾਨ ਹਨ। ਉਨ੍ਹਾਂ ਨੇ 18 ਸਾਲ ਹਸਪਤਾਲ ਕਰਮਚਾਰੀ ਯੂਨੀਅਨ ਵਿੱਚ ਡਾਇਰੈਕਟਰ ਆਫ਼ ਬਰਗੇਨਿੰਗ ਵਜੋਂ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਨੇ 2003 ਤੋਂ ਬ੍ਰਿਟਿਸ਼ ਕੋਲੰਬੀਆ ਹਿਊਮਨ ਰਾਈਟ ਡਿਫੈਂਡਰ ਦੇ ਉਪ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ ਹੈ। ਉਹ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੇ ਸਪੀਕਰ ਸਨ, ਜਦਕਿ 2017 ਤੋਂ 2020 ਦੌਰਾਨ ਉਹ ਡਿਪਟੀ ਸਪੀਕਰ ਵੀ ਰਹੇ ਹਨ।

ਸਾਬਕਾ ਖਿਡਾਰੀ ਜਗਰੂਪ ਸਿੰਘ ਬਰਾੜ ਲਗਾਤਾਰ ਛੇਵੀਂ ਵਾਰ ਸਰੀ-ਫਲੀਟਵੁੱਡ ਹਲਕੇ ਤੋਂ ਨਿਊ ਡੇਮੋਕ੍ਰੈਟਿਕ ਪਾਰਟੀ ਦੇ ਵਿਧਾਇਕ ਬਣੇ ਹਨ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ ਨੂੰ ਹਰਾਇਆ ਹੈ। ਜਗਰੂਪ ਸਿੰਘ ਬਰਾੜ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਉਣ ਦੇ ਜੰਮਪਲ ਹਨ, ਜਦਕਿ ਅਵਤਾਰ ਸਿੰਘ ਗਿੱਲ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕੇ ਨਾਲ ਸੰਬੰਧਤ ਹਨ। ਜਗਰੂਪ ਬਰਾੜ ਪਹਿਲੀ ਵਾਰ 2004 ਵਿੱਚ ਸਰੀ ਤੋਂ ਵਿਧਾਇਕ ਚੁਣੇ ਗਏ ਸਨ ਅਤੇ 2005 ਤੇ 2009 ਵਿੱਚ ਵੀ ਵਿਧਾਇਕ ਰਹੇ। ਇਸਤੋਂ ਬਾਅਦ ਉਹ 2017 ਅਤੇ 2020 ਵਿੱਚ ਸਰੀ-ਫਲੀਟਵੁੱਡ ਤੋਂ ਮੁੜ ਵਿਧਾਇਕ ਚੁਣੇ ਗਏ। ਭਾਰਤ ਵਿੱਚ ਰਹਿੰਦਿਆਂ ਜਗਰੂਪ ਸਿੰਘ ਭਾਰਤੀ ਰਾਸ਼ਟਰੀ ਬਾਸਕਟਬਾਲ ਟੀਮ ਦੇ ਮੈਂਬਰ ਸਨ।

ਸਾਬਕਾ ਕਬੱਡੀ ਖਿਡਾਰੀ ਮਨਦੀਪ ਧਾਲੀਵਾਲ ਦੀ ਜਿੱਤ ਨੇ ਸਭ ਨੂੰ ਹੈਰਾਨ ਕਰ ਦਿੱਤਾ, ਕਿਉਂਕਿ ਉਨ੍ਹਾਂ ਨੇ ਸਿੱਖਿਆ ਮੰਤਰੀ ਤੇ ਐਨ.ਡੀ.ਪੀ. ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਮਨਦੀਪ ਸਿੰਘ ਧਾਲੀਵਾਲ ਸਰੀ ਉੱਤਰੀ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਸਨ। ਸ. ਧਾਲੀਵਾਲ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਹਨ ਅਤੇ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਰਹੇ ਹਨ। ਡੈਲਟਾ ਨਾਰਥ ਵਿਧਾਨ ਸਭਾ ਹਲਕੇ ਤੋਂ ਜੇਤੂ ਰਹੇ ਐਨ.ਡੀ.ਪੀ. ਉਮੀਦਵਾਰ ਰਵਿੰਦਰ ਸਿੰਘ ਕਾਹਲੋਂ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਿਤ ਹਨ। ਉਨ੍ਹਾਂ ਦਾ ਪਿਛੋਕੜ ਪਿੰਡ ਭਾਗੋਵਾਲ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਨਿਊ ਡੇਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਜਿੱਤੀ ਹੈ। ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਸੁੰਨੜ ਕਲਾਂ ਨਾਲ ਸੰਬੰਧ ਰੱਖਦੇ ਹਨ। ਜੈਸੀ ਮਨੁੱਖੀ ਅਧਿਕਾਰਾਂ ਦੇ ਵਕੀਲ ਵੀ ਹਨ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਨੂੰ ਹਰਾਇਆ ਹੈ। ਤੇਗਜੋਤ ਬੱਲ ਬਟਾਲਾ ਦੇ ਪਿੰਡ ਸ਼ੇਖੂਪੁਰ ਨਾਲ ਸੰਬੰਧਿਤ ਹਨ।

ਬਰਨਬੀ ਈਸਟ ਤੋਂ ਰੀਆ ਅਰੋੜਾ ਨੇ ਜਿੱਤ ਹਾਸਲ ਕੀਤੀ। ਮੌਜੂਦਾ ਸਮੇਂ ਵਿੱਚ ਰੀਆ ਬੀ.ਸੀ. ਫੈਡਰੇਸ਼ਨ ਆਫ ਲੇਬਰ ਵਿੱਚ ਆਰਗੇਨਾਈਜ਼ਿੰਗ ਡਾਇਰੈਕਟਰ ਹਨ। ਸੁਨੀਤਾ ਧੀਰ ਵੈਨਕੂਵਰ-ਲੰਗਾਰਾ ਤੋਂ ਵਿਧਾਇਕ ਚੁਣੇ ਗਏ ਹਨ। ਉਨ੍ਹਾਂ ਨੇ ਨਿਊ ਡੇਮੋਕ੍ਰੇਟਿਕ ਪਾਰਟੀ ਵੱਲੋਂ ਜਿੱਤ ਦਰਜ ਕੀਤੀ ਹੈ। ਉਹ ਪੇਸ਼ੇ ਵੱਜੋਂ ਇੱਕ ਅਧਿਆਪਕ ਹਨ ਅਤੇ ਲਗਭਗ ਪਿੱਛਲੇ ਤੀਹ ਸਾਲਾਂ ਤੋਂ ਕੈਨੇਡਾ ‘ਚ ਰਹਿ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਸਭ ਤੋਂ ਘੱਟ ਉਮਰ ਦੇ ਵਿਧਾਇਕ ਬਣਨ ਵਾਲੇ ਰਵੀ ਪਰਮਾਰ ਹਨ। ਉਹ ਨਿਊ ਡੇਮੋਕ੍ਰੇਟਿਕ ਪਾਰਟੀ ਦਾ ਹਿੱਸਾ ਹਨ। ਉਨ੍ਹਾਂ ਨੇ ਲੈਂਗਫੋਰਡ-ਹਾਈਲੈਂਡਜ਼ ਸੀਟ ਤੋਂ ਜਿੱਤ ਹਾਸਲ ਕੀਤੀ ਹੈ। ਰਵੀ ਨੇ ਇੱਕ ਦਹਾਕੇ ਤੱਕ ਸੂਕੇ ਸਕੂਲ ਡਿਸਟ੍ਰਿਕਟ ਵਿੱਚ ਟਰੱਸਟੀ ਦੇ ਤੌਰ ‘ਤੇ ਛੇ ਸਾਲ ਨੌਕਰੀ ਕੀਤੀ। ਰਵੀ ਇਸ ਤੋਂ ਪਹਿਲਾਂ ਸਰਕਾਰ ਵਿੱਚ ਕਈ ਸਰਕਾਰੀ ਮੰਤਰੀਆਂ ਦੇ ਸਲਾਹਕਾਰ ਅਤੇ ਚੀਫ਼ ਆਫ਼ ਸਟਾਫ ਵਜੋਂ ਵੀ ਕੰਮ ਕਰ ਚੁੱਕੇ ਹਨ। ਰਵੀ ਦੇ ਮਾਤਾ ਪਿਤਾ 90 ਦੇ ਦਹਾਕੇ ਵਿੱਚ ਕੈਨੇਡਾ ਆ ਗਏ ਸਨ। ਉਨ੍ਹਾਂ ਦਾ ਪਾਲਣ ਪੋਸ਼ਣ ਲੈਂਗਫੋਰਡ ਵਿੱਚ ਹੀ ਹੋਇਆ ਹੈ।

ਕੰਜ਼ਰਵੇਟਿਵ ਪਾਰਟੀ ਵੱਲੋਂ ਰਿਚਮੰਡ-ਕੁਈਨਜ਼ਬਰੋ ਤੋਂ ਸਟੀਵ ਕੂਨਰ ਨੇ ਸੀਟ ਜਿੱਤੀ ਹੈ। ਕੂਨਰ ਦਾ ਜਨਮ ਵੈਨਕੂਵਰ ਵਿੱਚ ਹੋਇਆ ਸੀ। ਸਟੀਵ ਕੂਨਰ ਨੇ ਐਨ.ਡੀ.ਪੀ. ਦੇ ਉਮੀਦਵਾਰ ਅਮਨ ਸਿੰਘ ਨੂੰ ਹਰਾਇਆ ਹੈ। ਡਾ. ਜੋਡੀ ਤੂਰ ਨਿਊ ਡੇਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਹਨ, ਉਨ੍ਹਾਂ ਨੇ ਹਲਕਾ ਲੈਂਗਲੇ-ਵਿਲੋਬਰੂਕ ਤੋਂ ਜਿੱਤ ਹਾਸਲ ਕੀਤੀ ਹੈ। ਇਸਤੋਂ ਇਲਾਵਾ ਨਿਊ ਕੰਜ਼ਰਵੇਟਿਵ ਆਗੂ ਹਰਮਨ ਸਿੰਘ ਭੰਗੂ ਲੈਂਗਲੀ ਐਬਟਸਫੋਰਡ ਤੋਂ ਜੇਤੂ ਰਹੇ ਹਨ ਅਤੇ ਨਿਊ ਡੇਮੋਕ੍ਰੇਟਿਕ ਪਾਰਟੀ ਆਗੂ ਹੋਨਵੀਰ ਸਿੰਘ ਰੰਧਾਵਾ ਸਰੀ-ਗਿਲਡਫੋਰਡ ਤੋਂ ਜੇਤੂ ਰਹੇ ਹਨ।

# ‘ਵੀਚਿੱਲੀ ਇਵੈਂਟਸ’ ਨੇ ਮਨਾਈ ਬਾਲੀਵੁੱਡ ਸਟਾਇਲ ਦੀਵਾਲੀ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਹਾਫਮੈਨ ਅਸਟੇਟ ਦੇ ਬੈਲਵਰਕਸ ਸ਼ਿਕਾਗੋਲੈਂਡ ਵਿੱਚ ‘ਵੀਚਿੱਲੀ ਇਵੈਂਟਸ’ ਵੱਲੋਂ ਬਾਲੀਵੁੱਡ ਸਟਾਈਲ ਵਿੱਚ ਦੀਵਾਲੀ ਮਨਾਈ ਗਈ, ਪਰ ਰੈਂਪ ਉਤੇ ਪੰਜਾਬੀਆਂ ਦੇ ਢੋਲ ਅਤੇ ਰੀਮਿਕਸ ਭੰਗੜੇ ਨੇ ਰੰਗ ਬੰਨੇ। ਹਿੰਦੀ ਤੇ ਪੰਜਾਬੀ ਗੀਤਾਂ ਉਤੇ ਮਾਹੌਲ ਨੱਚਣ ਵਾਲਾ ਬਣਿਆ ਹੋਇਆ ਸੀ। ਇਸ ਮੌਕੇ ਵੱਖ ਵੱਖ ਡਾਂਸ ਗਰੁੱਪਾਂ ਵੱਲੋਂ ਪੇਸ਼ਕਾਰੀ ਕੀਤੀ ਗਈ ਅਤੇ ਪੰਜਾਬੀ ਗੀਤਾਂ ਉਤੇ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਇੱਕ ਗਰੁੱਪ ਵੱਲੋਂ ਡਾਂਸ ਪੇਸ਼ ਕੀਤੇ ਜਾਣ ਸਮੇਂ ਪ੍ਰੋਗਰਾਮ ਦੀ ਮੁੱਖ ਆਕਰਸ਼ਣ ਫਿਲਮੀ ਅਦਾਕਾਰਾ ਇਲੀਨਾ ਡੀ’ਕਰੂਜ਼ ਸਟੇਜ ’ਤੇ ਆਈ ਅਤੇ ਰੈਂਪ ’ਤੇ ਵਾਕ ਕਰ ਕੇ ਸਭ ਦੀਆਂ ਸ਼ੁਭਕਾਮਨਾਵਾਂ ਕਬੂਲੀਆਂ। ਨਾਮੀ ਫੈਸ਼ਨ ਡਿਜ਼ਾਈਨਰ ਰੋਹਿਤ ਵਰਮਾ ਦੀ ਦੇਖ-ਰੇਖ ਵਿੱਚ ਹੋਇਆ ਫੈਸ਼ਨ ਸ਼ੋਅ ਵੀ ਬੜਾ ਪ੍ਰਭਾਵਸ਼ਾਲੀ ਰਿਹਾ, ਜਿਸ ਵਿੱਚ ਭਾਰਤੀ ਪਹਿਰਾਵਿਆਂ ਦੀ ਪ੍ਰਦਰਸ਼ਨੀ ਕੀਤੀ ਗਈ। ਇਸ ਤੋਂ ਇਲਾਵਾ ਪੱਛਮੀ ਤਰਜ ‘ਤੇ ਤਿਆਰ ਕੀਤੇ ਪਹਿਰਾਵੇ ਵੀ ਝਲਕ ਵੀ ਫੈਸ਼ਨ ਸ਼ੋਅ ਵਿੱਚ ਰੈਂਪ ‘ਤੇ ਤੁਰਦੀਆਂ ਮਾਡਲ ਕੁੜੀਆਂ ਨੇ ਦਿਖਾਈ। ਬਾਲੀਵੁੱਡ-ਹਾਲੀਵੁੱਡ ਦੇ ਸੰਗੀਤ ਦੀਆਂ ਧੁਨਾਂ ਅਤੇ ਰੰਗ-ਬਰੰਗੀਆਂ ਲਾਈਟਾਂ ਦੀ ਚਕਾਚੌਂਧ ਵਿੱਚ ਦ੍ਰਿਸ਼ ਅੱਡੀ ਥਿਰਕਾਉਣ ਵਾਲਾ ਬਣਿਆ ਹੋਇਆ ਸੀ।



ਇਸ ਸਮਾਗਮ ਦੇ ਮੁੱਖ ਪ੍ਰਬੰਧਕ ਵੰਦਨਾ ਵਾਲੀਆ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਸਨ। ਦੀਵਾਲੀ ਪ੍ਰੋਗਰਾਮ ਮੌਕੇ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਅਤੇ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਮੁੱਖ ਮਹਿਮਾਨ ਸਨ, ਜਿਨ੍ਹਾਂ ਨੇ ਹੋਰਨਾਂ ਖਾਸ ਮਹਿਮਾਨਾਂ ਅਤੇ ਅਮਰੀਕੀ ਨੁਮਾਇੰਦਿਆਂ ਨਾਲ ਰਲ ਕੇ ਸ਼ਮਾਂ ਰੌਸ਼ਨ ਕੀਤੀ। ਇਸ ਮੌਕੇ ਬੋਲਦਿਆਂ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਦੀਵਾਲੀ ਸਮਾਗਮ ਲਈ ਵਧਾਈ ਦਿੰਦਿਆਂ ਦੋਹਾਂ ਦੇਸ਼ਾਂ (ਭਾਰਤ ਤੇ ਅਮਰੀਕਾ) ਦੇ ਭਾਈਚਾਰਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ। ਸਮਾਗਮ ਦੇ ਪ੍ਰਬੰਧਕਾਂ ਅਤੇ ਦਰਸ਼ਨ ਸਿੰਘ ਧਾਲੀਵਾਲ, ਵਿਸ਼ੇਸ਼ ਮਹਿਮਾਨ ਜੇ.ਪੀ. ਖਹਿਰਾ ਸਮੇਤ ਹੋਰਨਾਂ ਸ਼ਖਸੀਅਤਾਂ ਨੇ ਕੌਂਸਲ ਜਨਰਲ ਦਾ ਸ਼ਾਲ ਦੇ ਕੇ ਸਨਮਾਨ ਕੀਤਾ।

ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦੀਵਾਲੀ ਸਾਡੇ ਸੱਭਿਆਚਾਰ ਤੇ ਵਿਰਾਸਤ ਨੂੰ ਮਨਾਉਣ ਦਾ ਤਿਓਹਾਰ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਮਰਦਮਸ਼ੁਮਾਰੀ ਮੁਤਾਬਕ ਭਾਰਤੀ ਭਾਈਚਾਰਾ ਅਮਰੀਕਾ ਵਿੱਚ ਵਧ ਰਹੇ ਭਾਈਚਾਰਿਆਂ ਵਿੱਚੋਂ ਇੱਕ ਹੈ ਅਤੇ ਇਸ ਪੱਖੋਂ ਵੀ ਸਾਡੇ ਭਾਈਚਾਰਿਆਂ ਦੀ ਵੱਖਰੀ ਪਛਾਣ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ 7% ਡਾਕਟਰ ਦੇਸੀ ਹਨ ਤੇ ਹੋਟਲ ਕਾਰੋਬਾਰ ਵਿੱਚ ਤਾਂ ਦੇਸੀ ਭਾਈਚਾਰਾ 60% ਦੇ ਕਰੀਬ ਹੈ। ਇਸੇ ਦੌਰਾਨ ‘ਸੰਜੀਵਨੀ ਫਾਰ ਯੂ’ ਦੀ ਐਗਜ਼ੇਕਿਊਟਿਵ ਡਾਇਰੈਕਟਰ ਬੀਬੀ ਪ੍ਰੋਮਿਲਾ ਕੁਮਾਰ ਨੇ ਦੱਸਿਆ ਕਿ ਇਹ ਸੰਸਥਾ ਮੈਂਟਲ ਹੈਲਥ ਅਤੇ ਡੋਮੈਸਟਿਕ ਅਬਿਊਜ਼ ਮਾਮਲਿਆਂ ਵਿੱਚ ਮੁਫਤ ਸੇਵਾ ਪ੍ਰਦਾਨ ਕਰਦੀ ਹੈ ਅਤੇ ਪੀੜਤਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਆਪਣੇ ਹੱਕਾਂ ਪ੍ਰਤੀ ਕਿਵੇਂ ਜਾਗਰੂਕ ਹੋਣਾ ਹੈ, ਤਾਂ ਜੋ ਉਹ ਆਪਣੇ ਜੀਵਨ ਪ੍ਰਤੀ ਫੈਸਲਾ ਲੈ ਸਕਣ। ਉਨ੍ਹਾਂ ਦੱਸਿਆ ਕਿ ਸੰਸਥਾ ਨੇ ਸਤੰਬਰ 2024 ਤੱਕ 1200 ਦੇ ਕਰੀਬ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਪਿੱਛੇ ਜਿਹੇ ਸੰਸਥਾ ਨੇ ਸੇਵਾਵਾਂ ਦੇ 9 ਸਾਲ ਮੁਕੰਮਲ ਕੀਤੇ ਹਨ।

ਇਸ ਮੌਕੇ ਹੋਰਨਾਂ ਅਮਰੀਕੀ ਨੁਮਾਇੰਦਿਆਂ ਨੇ ਵੀ ਸੰਬੋਧਨ ਕੀਤਾ ਅਤੇ ਦੀਵਾਲੀ ਦੀ ਵਧਾਈ ਦਿੱਤੀ। ਦੀਵਾਲੀ ਸਮਾਗਮ ਵਿੱਚ ਪੰਜਾਬੀ ਭਾਈਚਾਰੇ ਸਮੇਤ ਭਾਰਤ ਦੀਆਂ ਹੋਰਨਾਂ ਸਟੇਟਾਂ ਨਾਲ ਸਬੰਧਤ ਭਾਈਚਾਰੇ ਦੇ ਲੋਕ ਵੀ ਹਾਜ਼ਰ ਸਨ। ਮਹਿਮਾਨਾਂ ਲਈ ਖਾਣੇ ਦਾ ਖਾਸ ਪ੍ਰਬੰਧ ਸੀ ਅਤੇ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਅਰਟੀਫਿਸ਼ਲ ਲਾਈਟ ਵਾਲਾ ਦੀਵਾ ਦੀਵਾਲੀ ਗਿਫਟ ਵਜੋਂ ਦਿੱਤਾ ਗਿਆ।








ਦੀਵਾਲੀ ਮੁਬਾਰਕ
ਦੀਵਿਆਂ ਦੀ ਰੌਸ਼ਨੀ ਵਾਂਗ ਤੁਹਾਡੀ ਜ਼ਿੰਦਗੀ ਜਗਮਗਾਉਂਦੀ ਰਹੇ
Happy Diwali
FESTIVAL OF LIGHTS
ਜਗਦੇ ਰਹਿਣ ਖੁਸ਼ੀਆਂ ਦੀ ਦੀਵੇ...
ਸਮੂਹ ਭਾਈਚਾਰੇ ਨੂੰ
ਬੰਦੀਛੋੜ ਦਿਵਸ
ਦੀ ਲੱਖ ਲੱਖ ਵਧਾਈ
ਰੌਨੀ ਕੁਲਾਰ
ਸਨੀ ਕੁਲਾਰ
ਅਤੇ ਸਮੂਹ ਕੁਲਾਰ ਪਰਿਵਾਰ (ਸ਼ਿਕਾਗੋ)

# ਗੁਰਦੁਆਰਾ ਪੈਲਾਟਾਈਨ ਨਗਰ ਕੀਰਤਨ 'ਚ ਸੰਗਤ ਹੁੰਮ ਹੁਮਾ ਕੇ ਜੁੜੀ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਵੱਲੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਵਿਚ ਸੰਗਤਾਂ ਹੁੰਮ ਹੁਮਾ ਕੇ ਸ਼ਾਮਲ ਹੋਈਆਂ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਰੰਭ ਹੋਇਆ। ਗੁਰੂ ਘਰ ਵੱਲੋਂ ਨਗਰ ਕੀਰਤਨ ਦਾ ਕੀਤਾ ਗਿਆ ਇਹ ਤੀਜਾ ਉਪਰਾਲਾ ਸੀ। ਇਸ ਤੋਂ ਪਹਿਲਾਂ ਸਰਬ-ਧਰਮ ਸੰਮੇਲਨ ਦੌਰਾਨ ਵੀ ਸ਼ਿਕਾਗੋ ਡਾਊਨਟਾਊਨ ਵਿੱਚ ਨਗਰ ਕੀਰਤਨ ਸਜਾਇਆ ਗਿਆ ਸੀ।



ਨਗਰ ਕੀਰਤਨ ਤੁਰਨ ਤੋਂ ਪਹਿਲਾਂ ਸੰਗਤ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਪਾਲਕੀ ਵਿੱਚ ਸੁਸ਼ੋਭਿਤ ਕਰਨ ਸਮੇਂ ਸੰਗਤ ਨੇ ਫੁੱਲ ਅਰਪਣ ਕੀਤੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਗੁਰੂ ਮਹਾਰਾਜ ਦੀ ਸਵਾਰੀ ਨੂੰ ਪਾਲਕੀ ਵਿੱਚ ਸੁਭਾਇਮਾਨ ਕੀਤਾ, ਜਦਕਿ ਹੋਰ ਕਮੇਟੀ ਮੈਂਬਰ ਆਪੋ-ਆਪਣੀਆਂ ਡਿਊਟੀਆਂ ਨਿਭਾਅ ਰਹੇ ਸਨ। ਗੁਰੂ ਮਹਾਰਾਜ ਦੀ ਪਾਲਕੀ ਵੀ ਫੁੱਲਾਂ ਨਾਲ ਸਜਾਈ ਗਈ ਸੀ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਵਾਲੇ ਫਲੋਟ 'ਤੇ ਸਾਂਝੀਵਾਲਤਾ ਦੇ ਸੁਨੇਹੇ ਸਮੇਤ ਗੁਰਬਾਣੀ ਦੀਆਂ ਪੰਕਤੀਆਂ ਲਿਖੀਆਂ ਹੋਈਆਂ ਸਨ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਲਖਵਿੰਦਰ ਸਿੰਘ ਚੌਰ ਝੁਲਾਉਣ ਦੀ ਸੇਵਾ ਕਰ ਰਹੇ ਸਨ ਅਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਤੇ ਭਾਈ ਅਨਮੋਲ ਸਿੰਘ ਦੇ ਜਥਿਆਂ ਨੇ ਨਗਰ ਕੀਰਤਨ ਦੇ ਪੈਂਡੇ ਦੌਰਾਨ ਇਲਾਹੀ ਬਾਣੀ ਦਾ ਗਾਇਨ ਕੀਤਾ। ਸੰਗਤ ਨੇ ਸ਼ਬਦ ਗੁਰੂ ਦਾ ਸਤਿਕਾਰ ਬਰਕਰਾਰ ਰੱਖਦਿਆਂ ਮੁੱਖ ਫਲੋਟ ਤੋਂ ਚੱਲ ਰਹੇ ਗੁਰਬਾਣੀ ਦੇ ਪਰਵਾਹ ਦੇ ਨਾਲ ਨਾਲ ਗਾਇਨ ਕੀਤਾ। ਰਸਤੇ 'ਚ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਵੀ ਕਰਦੀਆਂ ਰਹੀਆਂ। ਕੁਝ ਲੋਕ ਆਪੋ-ਆਪਣੀਆਂ ਗੱਲਾਂ ਵਿੱਚ ਵੀ ਰੁੱਝੇ ਹੋਏ ਸਨ। ਉਂਜ ਗੱਡੀ ਉਤੇ ਵੱਜਦੇ ਨਗਾਰੇ ਦਾ ਆਪਣਾ ਹੀ ਜਲੌਅ ਸੀ।





ਪ੍ਰਬੰਧਕਾਂ ਅਨੁਸਾਰ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਾਲੰਟੀਅਰ ਆਪੋ-ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਪਾਲਕੀ ਵਾਲੇ ਫਲੋਟ ਦੇ ਮੂਹਰੇ ਸੇਵਾਦਾਰ ਪਾਣੀ ਤ੍ਰੌਂਕ ਰਹੇ ਸਨ ਅਤੇ ਝਾੜੂਬਰਦਾਰ ਝਾੜੂ ਨਾਲ ਸੜਕ ਸਾਫ ਕਰਦੇ ਜਾ ਰਹੇ ਸਨ। ਇੱਕ ਜਥਾ ਬੈਨਰ ਫੜੀ ਜਾ ਰਿਹਾ ਸੀ ਅਤੇ ਨਾਲ ਨਾਲ ਨਿਸ਼ਾਨਚੀ ਸਿੱਖੀ ਦੇ ਨਿਸ਼ਾਨ ਝੰਡੇ ਲੈ ਕੇ ਚੱਲ ਰਹੇ ਸਨ। ਸੰਗਤ ਦੀ ਵਹੀਰ ਨੂੰ ਰਾਹਬੱਧ ਰੱਖਣ ਲਈ ਕੁਝ ਵਾਲੰਟੀਅਰ ਸੜਕ ਦੇ ਦੁਆਲੇ ਰੱਸੇ ਫੜ ਕੇ ਚੱਲ ਰਹੇ ਸਨ ਤਾਂ ਜੋ ਸੰਗਤ ਨਗਰ ਕੀਰਤਨ ਦੇ ਰਸਤੇ ਵਿੱਚ ਪੈਂਦੇ ਘਰਾਂ ਦੇ ਘਾਹ ਵਗੈਰਾ ਉਤੋਂ ਦੀ ਨਾ ਲੰਘੇ ਅਤੇ ਕਿਸੇ ਦੀ ਨਿੱਜੀ ਪ੍ਰਾਪਰਟੀ ਵਿੱਚੋਂ ਲੰਘਣ ਕਾਰਨ ਕਿਸੇ ਕਿਸਮ ਦੀ ਸ਼ਿਕਾਇਤ ਦਾ ਸਬੱਬ ਨਾ ਬਣੇ। ਸਿਕਿਉਰਿਟੀ ਦੇ ਮੱਦੇਨਜ਼ਰ ਪੁਲਿਸ ਵਿੱਚ ਸੇਵਾ ਨਿਭਾਅ ਰਹੇ ਭਾਈਚਾਰੇ ਦੇ ਪਰਦੀਪ ਸਿੰਘ (ਪੀਟ) ਦਿਓਲ ਅਤੇ ਪੈਲਾਟਾਈਨ ਪੁਲਿਸ ਦੇ ਮੁਲਾਜ਼ਮ ਤਾਇਨਾਤ ਸਨ। ਪੁਲਿਸ ਕਰਮਚਾਰੀਆਂ ਅਤੇ ਵਾਲੰਟੀਅਰਾਂ ਨੇ ਨਗਰ ਕੀਰਤਨ ਦੇ ਮਿਥੇ ਰੂਟ ਵਾਲੇ ਰਸਤੇ ਨਾਲ ਜੁੜਦੀਆਂ ਸੜਕਾਂ ਦੀ ਟਰੈਫਿਕ ਨੂੰ ਕੰਟਰੋਲ ਕਰਨ ਵਿੱਚ ਵੀ ਸਹਿਯੋਗ ਦਿੱਤਾ।

ਰਸਤੇ ਵਿੱਚ ਅਮਰੀਕਨ ਮੂਲ ਦਾ ਗੁਆਂਢੀ ਭਾਈਚਾਰਾ ਘਰਾਂ ਵਿੱਚੋਂ ਨਿਕਲ ਕੇ ਨਗਰ ਕੀਰਤਨ ਦਾ ਜਲੌਅ ਵੇਖ ਰਿਹਾ ਸੀ ਅਤੇ ਕੁਝ ਗੋਰੇ ਤਾਂ ਨਗਰ ਕੀਰਤਨ ਦੀਆਂ ਤਸਵੀਰਾਂ ਖਿੱਚ ਰਹੇ ਸਨ ਤੇ ਵੀਡੀਓ ਵਗੈਰਾ ਬਣਾ ਰਹੇ ਸਨ। ਨਾਲ ਨਾਲ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਤੇ ਵਾਲੰਟੀਅਰ ਦੂਜੇ ਭਾਈਚਾਰਿਆਂ ਦੇ ਲੋਕਾਂ ਨੂੰ ਨਗਰ ਕੀਰਤਨ ਬਾਰੇ ਦੱਸ ਰਹੇ ਸਨ ਅਤੇ ਸਿੱਖ ਧਰਮ ਬਾਰੇ ਸੰਖੇਪ ਜਾਣਕਾਰੀ ਵਾਲੇ ਛਪਵਾਏ ਗਏ ਪੈਂਫਲਟ ਵੀ ਵੰਡ ਰਹੇ ਸਨ। ਨਗਰ ਕੀਰਤਨ ਦੌਰਾਨ ਕੁਝ ਸੰਗਤ ਮੈਂਬਰਾਂ ਦਾ ਸੁਝਾਅ ਸੀ ਕਿ ਨਗਰ ਕੀਰਤਨ ਵਿੱਚ ਹੋਰ ਭਾਈਚਾਰਕ ਸ਼ਮੂਲੀਅਤ ਯਕੀਨੀ ਬਣਾਉਣ ਲਈ ਸਾਨੂੰ ਨੇੜੇ-ਤੇੜੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ।

ਕਾਰਸੇਵਕ ਕੁਲਬੀਰ ਸਿੰਘ ਦਿਓਲ ਦੇ ਰਸਤੇ ਵਿੱਚ ਪੈਂਦੇ ਘਰ ਮੂਹਰੇ ਨਗਰ ਕੀਰਤਨ ਦਾ ਠਹਿਰਾਅ ਕੀਤਾ ਗਿਆ, ਜਿਸ ਦੌਰਾਨ ਸੰਗਤ ਦੀ ਪਾਣੀ, ਜੂਸ, ਫਲਾਂ, ਚਾਕਲੇਟ, ਚਿਪਸ, ਸਨੈਕਸ ਵਗੈਰਾ ਨਾਲ ਸੇਵਾ ਕੀਤੀ ਗਈ। ਨਾਲੋ ਨਾਲ ਸਫਾਈ ਦਾ ਧਿਆਨ ਰੱਖਦਿਆਂ ਵਾਲੰਟੀਅਰ ਕੂੜਾ ਜਾਂ ਪਾਣੀ-ਜੂਸ ਦੀਆਂ ਖਾਲੀ ਬੋਤਲਾਂ ਗਾਰਬੇਜ ਬੈਗਾਂ ਵਿੱਚ ਸਮੇਟ ਰਹੇ ਸਨ।

ਇਸ ਵਾਰ ਵਿਸ਼ੇਸ਼ ਉਦਮ ਇਹ ਕੀਤਾ ਗਿਆ ਸੀ ਕਿ ਬਜ਼ੁਰਗਾਂ ਦੀ ਸਹੂਲਤ ਦਾ ਧਿਆਨ ਰੱਖਦਿਆਂ ਇੱਕ ਵੱਖਰਾ ਟਰਾਲਾ ਜੋੜਿਆ ਗਿਆ ਸੀ, ਜਿਸ ਉਤੇ ਉਹ ਸੰਗਤ ਮੈਂਬਰ ਬੈਠੇ ਸਨ, ਜਿਨ੍ਹਾਂ ਨੂੰ ਵਧੇਰੇ ਤੁਰਨ ਫਿਰਨ ਨਾਲ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਉਂਜ ਇਸ ਟਰਾਲੇ 'ਤੇ ਕੁਝ ਬੱਚੇ ਵੀ ਬੈਠੇ ਹੋਏ ਸਨ। ਇਸ ਸਹੂਲਤ ਲਈ ਬਜ਼ੁਰਗ ਸੰਗਤ ਮੈਂਬਰਾਂ ਨੇ ਪ੍ਰਬੰਧਕਾਂ ਦਾ ਉਚੇਚਾ ਧੰਨਵਾਦ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਸੇਵਾਦਾਰਾਂ ਨੇ ਤਿੰਨ-ਚਾਰ ਦਿਨ ਪਹਿਲਾਂ ਹੀ ਫਲੋਟ ਦੀ ਸਜਾਵਟ ਵਗੈਰਾ ਦੀ ਤਿਆਰੀ ਅਰੰਭ ਕਰ ਦਿੱਤੀ ਸੀ।



ਨਗਰ ਕੀਰਤਨ ਦੇ ਫਲੋਟਾਂ ਵਿੱਚ ਕਾਰਸੇਵਾ ਨਾਲ ਜੁੜੇ ਸੱਜਣਾਂ ਵੱਲੋਂ ਉਚੇਚਾ ਤਿਆਰ ਕੀਤਾ ਗਿਆ 'ਕਰਤਾਰ ਗੱਡਾ' ਵੀ ਸ਼ਾਮਲ ਕੀਤਾ ਗਿਆ ਸੀ। ਇਸ ਫਲੋਟ ਉਤੇ ਖੇਤੀ ਨਾਲ ਜੁੜੇ ਸੰਦ- ਹਲ, ਜੰਦਰਾ, ਕਹੀ, ਦਾਤੀ, ਖੁਰਪਾ ਵਗੈਰਾ ਰੱਖੇ ਹੋਏ ਸਨ ਅਤੇ ਬਾਬੇ ਨਾਨਕ ਦਾ 'ਕਿਰਤ ਕਰੋ' ਦਾ ਸੁਨੇਹਾ ਸੰਗਤਾਂ ਨੂੰ ਦਿੱਤਾ ਜਾ ਰਿਹਾ ਸੀ। ਰਸਤੇ ਵਿੱਚ ਸਿੰਘਾਂ ਨੇ ਗਤਕੇ ਦੇ ਜੌਹਰ ਵੀ ਦਿਖਾਏ। ਨਗਰ ਕੀਰਤਨ ਦੀ ਸਮਾਪਤੀ ਉਪਰੰਤ ਵੀ ਗਤਕਾ ਦਲ ਨੇ ਗਤਕਾ ਖੇਡਿਆ।

ਨਗਰ ਕੀਰਤਨ ਦੌਰਾਨ ਸੰਗਤ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੀ, ਜੋ ਕਿ ਬਾਹਰ ਗੁਰੂ ਘਰ ਦੇ ਅਹਾਤੇ ਵਿੱਚ ਟੈਂਟ ਲਗਾ ਕੇ ਵਰਤਾਇਆ ਜਾ ਰਿਹਾ ਸੀ। ਵੱਖ ਵੱਖ ਖਾਣ-ਪਦਾਰਥ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਸਨ। ਇਸ ਤੋਂ ਇਲਾਵਾ ਗੁਰੂ ਘਰ ਦੇ ਲੰਗਰ ਹਾਲ ਵਿੱਚ ਵੀ ਵੱਖਰੇ ਤੌਰ 'ਤੇ ਲੰਗਰ ਦੀ ਸੇਵਾ ਚੱਲਦੀ ਰਹੀ। ਮੈਡੀਕਲ ਸਬੰਧੀ ਕਿਸੇ ਤਰ੍ਹਾਂ ਦੀ ਸਹਾਇਤਾ ਲਈ ਡਾ. ਜਸਵਿੰਦਰ ਸਿੰਘ ਚਾਵਲਾ ਅਤੇ ਹੋਰ ਡਾਕਟਰ ਸਾਹਿਬਾਨ ਵੀ ਹਾਜ਼ਰ ਸਨ।

ਪ੍ਰਬੰਧਕਾਂ ਅਨੁਸਾਰ ਇਹ ਨਗਰ ਕੀਰਤਨ ਸਮੂਹ ਸੰਗਤਾਂ ਅਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਸਜਾਇਆ ਗਿਆ। ਜ਼ਿਕਰਯੋਗ ਹੈ ਕਿ ਪ੍ਰਬੰਧਕਾਂ ਵੱਲੋਂ ਨਗਰ ਕੀਰਤਨ ਦੇ ਪਰਵਾਹ ਨੂੰ ਤਰਤੀਬਬੱਧ ਤੇ ਅਨੁਸ਼ਾਸਨਬੱਧ ਚਲਾਉਣ ਲਈ ਕੁਝ ਸੂਚਨਾਵਾਂ ਤੇ ਬੇਨਤੀਆਂ ਕੀਤੀਆਂ ਗਈਆਂ ਸਨ। ਇਸੇ ਮੱਦੇਨਜ਼ਰ ਕੁਝ ਵਾਲੰਟੀਅਰਾਂ ਦੀ ਉਚੇਚੀ ਸੇਵਾ ਵੀ ਲਗਾਈ ਗਈ ਸੀ। ਸੰਗਤ ਨੂੰ ਬਸੰਤੀ ਜਾਂ ਨੀਲੀਆਂ ਦਸਤਾਰਾਂ ਤੇ ਚੁੰਨੀਆਂ ਸਜਾ ਕੇ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸੰਗਤ ਨੇ ਪਹਿਰਾਵਾ ਪਾਇਆ। ਇਸ ਨਾਲ ਸੰਗਤੀ ਦ੍ਰਿਸ਼ ਬੜਾ ਅਲੌਕਿਕ ਬਣ ਗਿਆ ਸੀ। ਸੰਗਤ ਨੂੰ ਜਾਬਤੇ ਵਿੱਚ ਚੱਲਣ ਦੀ ਹਦਾਇਤ ਵੀ ਕੀਤੀ ਗਈ ਸੀ, ਪਰ ਕੁਝ ਕੁ ਲੋਕਾਂ ਨੂੰ ਛੱਡ ਕੇ ਬਾਕੀ ਸੰਗਤ ਵਹੀਰ ਨਾਲ ਚੱਲਦੀ ਰਹੀ।



ਉਂਜ ਨਗਰ ਕੀਰਤਨ ਦੌਰਾਨ ਉਸ ਸਮੇਂ ਕੁਝ ਚਰਚਾ ਵਾਲਾ ਮਾਹੌਲ ਬਣ ਗਿਆ ਸੀ, ਜਦੋਂ ਇੱਕ ਖਾਲਿਸਤਾਨ ਪੱਖੀ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾ ਦਿੱਤੇ। ਖਾਲਿਸਤਾਨ ਦਾ ਝੰਡਾ ਲਾਏ ਜਾਣ ਨੂੰ ਲੈ ਕੇ ਵੀ ਕੁਝ ਲੋਕਾਂ ਵਿੱਚ ਚਰਚਾ ਛਿੜੀ, ਪਰ ਬਾਅਦ ਵਿੱਚ ਖਾਲਿਸਤਾਨ ਪੱਖੀ ਝੰਡਾ ਲਾਹ ਦਿੱਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਪੈਲਾਟਾਈਨ ਨਾਲ ਜੁੜੀ ਸੰਗਤ ਦੀ ਇੱਕ ਧਿਰ ਹੀ ਖਾਲਿਸਤਾਨ ਪੱਖੀ ਹੈ, ਜਦਕਿ ਬਾਕੀ ਸੰਗਤ 'ਕਥਿਤ ਖਾਲਿਸਤਾਨ' ਪ੍ਰਤੀ ਉੱਕਾ ਹੀ ਉਲਾਰ ਨਹੀਂ ਹੈ। ਸੰਗਤ ਦੇ ਇੱਕ ਹਿੱਸੇ ਵਿੱਚ ਚਰਚਾ ਸੀ ਕਿ ਨਗਰ ਕੀਰਤਨ ਸਾਂਝੀਵਾਲਤਾ ਦੇ ਸੁਨੇਹੇ ਤਹਿਤ ਧਾਰਮਿਕ ਤੌਰ 'ਤੇ ਸਜਾਇਆ ਗਿਆ ਸੀ, ਜਦਕਿ ਮੌਜੂਦਾ ਪ੍ਰਸਥਿਤੀਆਂ ਵਿੱਚ ਖਾਲਿਸਤਾਨ ਦੀ ਮੰਗ ਕਥਿਤ ਤੌਰ 'ਤੇ ਇੱਕ ਸਿਆਸੀ ਧਿਰ ਦੀਆਂ ਲੋੜਾਂ ਨਾਲ ਜੁੜੀ ਹੋਈ ਹੈ।

**ਤਸਵੀਰਾਂ: ਏਸ਼ੀਅਨ ਮੀਡੀਆ**

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

# ਸਮੂਹ ਸੰਗਤ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਦੇ ਤਿਓਹਾਰ ਦੀ



# ਲੱਖ ਲੱਖ ਵਧਾਈ




ਮਨਮਸਤਕ ਵਿੱਚ ਗੁਰਬਾਣੀ ਦੇ ਗਿਆਨ ਦੀ ਜੋਤ ਜਗਾਈਏ
ਅਤੇ ਅੰਧਵਿਸ਼ਵਾਸ ਦਾ ਹਨੇਰਾ ਦੂਰ ਕਰੀਏ

## ਬੰਦੀਛੋੜ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

**1 ਨਵੰਬਰ 2024 (ਸ਼ੁੱਕਰਵਾਰ)**

**ਸ਼ਾਮ 6 ਤੋਂ 7:30 ਵਜੇ ਤੱਕ**

ਲੰਗਰ ਦੀ ਸੇਵਾ ਬੀਬੀ ਹਰਦੀਪ ਕੌਰ ਤੂਰ (ਪਤਨੀ ਸਵਰਗੀ ਹਰਿੰਦਰ ਸਿੰਘ ਤੂਰ)
ਅਤੇ ਪਰਿਵਾਰ ਵੱਲੋਂ ਹੋਵੇਗੀ

**ਸਮੂਹ ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ**

ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਕਰਾਊਨ ਪੁਆਇੰਟ

## Sikh Religious Society of North West Indiana

10005 Colorado St, Crown Point, IN 46307, Ph: 219-793-9446

# ਬੰਦੀਛੋੜ ਦਿਵਸ ਦੀ ਆਪ ਸਭ ਨੂੰ ਲੱਖ ਲੱਖ ਵਧਾਈ



*Wishing your Diwali and Life to be filled with cheer, light, love & pleasure*

**Happy Diwali**

ਪਰਮਾਤਮਾ ਕਰੇ ਇਹ ਤਿਓਹਾਰ ਤੁਹਾਡੇ ਜੀਵਨ ਨੂੰ ਰੌਸ਼ਨ ਕਰੇ !



ਸੁਰਜੀਤ ਸਿੰਘ ਮਾਵੀ
ਅਨਮੋਲ ਸਿੰਘ ਮਾਵੀ
ਅਰਮਾਨ ਸਿੰਘ ਮਾਵੀ

## ਸਮੂਹ ਮਾਵੀ ਪਰਿਵਾਰ

# ਲੋਕਤੰਤਰ ਦੀ ਕਸੌਟੀ 'ਤੇ 'ਇੱਕ ਰਾਸ਼ਟਰ, ਇੱਕ ਚੋਣ'

**ਸ਼ਸ਼ੀ ਥਰੂਰ (ਐਮ.ਪੀ.)**

ਭਾਰਤ ਵਿੱਚ ਅਮਲੀ ਤੌਰ 'ਤੇ ਹਮੇਸ਼ਾ ਕੋਈ ਨਾ ਕੋਈ ਚੋਣ ਹੁੰਦੀ ਰਹਿੰਦੀ ਹੈ। ਇਸ ਲਈ ਜਿਵੇਂ ਕਿ ਪਿਛਲੀਆਂ ਆਮ ਚੋਣਾਂ ਦੀ ਗੂੰਜ ਖਤਮ ਹੋ ਗਈ ਹੈ, ਜਿਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਹੁਦੇ 'ਤੇ ਬਣਾਈ ਰੱਖਿਆ। ਜੰਮੂ ਅਤੇ ਕਸ਼ਮੀਰ ਲਈ ਵੋਟਿੰਗ ਹੋਈ, ਜਿਸ ਦੇ ਨਤੀਜਿਆਂ ਨੇ ਸਿਆਸਤਦਾਨਾਂ ਅਤੇ ਚੋਣ ਮਾਹਿਰਾਂ- ਦੋਹਾਂ ਨੂੰ ਹੈਰਾਨ ਕਰ ਦਿੱਤਾ ਸੀ। ਮੋਦੀ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਹਰਿਆਣਾ ਵਿੱਚ ਅਚਾਨਕ ਜਿੱਤ ਹਾਸਲ ਕੀਤੀ, ਜਿੱਥੇ ਉਸ ਦੇ ਹਾਰਨ ਦੀ ਉਮੀਦ ਸੀ। ਜੰਮੂ-ਕਸ਼ਮੀਰ 'ਚ ਵਿਰੋਧੀ ਕਾਂਗਰਸ ਪਾਰਟੀ ਨੇ ਆਪਣੀ ਖੇਤਰੀ ਸਹਿਯੋਗੀ ਨੈਸ਼ਨਲ ਕਾਨਫਰੰਸ ਦੇ ਨਾਲ ਜਿੱਤ ਹਾਸਲ ਕੀਤੀ, ਜਦਕਿ ਚੋਣਾਂ 'ਚ ਕਿਸੇ ਵੀ ਪਾਰਟੀ ਜਾਂ ਗਠਜੋੜ ਨੂੰ ਬਹੁਮਤ ਨਾ ਮਿਲਣ ਕਾਰਨ ਲਟਕਦੀ ਵਿਧਾਨ ਸਭਾ ਦੀ ਭਵਿੱਖਵਾਣੀ ਕੀਤੀ ਗਈ ਸੀ। ਜੂਨ ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਚੋਣ ਪੰਡਿਤ ਗਲਤ ਸਨ, ਉਨ੍ਹਾਂ ਨੇ ਭਾਜਪਾ ਲਈ ਸ਼ਾਨਦਾਰ ਜਿੱਤ ਦੀ ਭਵਿੱਖਵਾਣੀ ਕੀਤੀ ਸੀ।

ਭਾਰਤੀ ਵੋਟਰਾਂ ਨੂੰ ਛੇਤੀ ਹੀ ਉਮੀਦਾਂ 'ਤੇ ਖਰਾ ਉਤਰਨ ਦੇ ਹੋਰ ਮੌਕੇ ਮਿਲਣ ਵਾਲੇ ਹਨ। ਸਾਲ ਦੇ ਅੰਤ ਤੋਂ ਪਹਿਲਾਂ ਦੋ ਹੋਰ ਰਾਜਾਂ- ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਅੱਗੇ ਦਿੱਲੀ ਹੋਵੇਗੀ, ਜਿਸ ਦੇ ਮੁੱਖ ਮੰਤਰੀ ਨੇ ਹਾਲ ਹੀ ਵਿੱਚ ਅਸਤੀਫਾ ਦੇ ਦਿੱਤਾ ਹੈ ਅਤੇ ਛੇਤੀ ਚੋਣਾਂ (ਜੋ ਕਿ ਅਗਲੇ ਸਾਲ ਮਾਰਚ ਤੱਕ ਹੋਣੀਆਂ ਹਨ) ਦੀ ਮੰਗ ਕੀਤੀ ਹੈ। ਦੂਜੇ ਸ਼ਬਦਾਂ ਵਿਚ, ਚੋਣਾਂ ਇੱਕੋ ਸਮੇਂ ਹੋਣ ਦੀ ਬਜਾਏ ਭਾਰਤ ਦੇ 28 ਰਾਜਾਂ ਅਤੇ ਸੱਤ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਹਰੇਕ ਦੇ ਨਾਲ ਆਪਣੀਆਂ ਸਰਕਾਰਾਂ ਦੀ ਚੋਣ। ਭਾਰਤ ਦੇ ਚੋਣ ਕੈਲੰਡਰ ਨੂੰ ਹੁਣ ਬਦਲਣ ਦੀ ਗੱਲ ਕੀਤੀ ਜਾ ਰਹੀ ਹੈ।

ਮੋਦੀ ਸਰਕਾਰ ਲਈ ਇਹ ਸਾਰੀਆਂ ਚੋਣਾਂ ਸੰਬੰਧੀ ਅਨਿਸ਼ਚਿਤਤਾ ਬਹੁਤ ਦੂਰ ਹੋ ਗਈ ਹੈ। ਉਹ ਚਾਹੁੰਦਾ ਹੈ ਕਿ ਭਾਰਤ ਇੱਕ ਨਿਸ਼ਚਿਤ ਚੋਣ ਸਮਾਂ-ਸਾਰਣੀ ਸਥਾਪਤ ਕਰੇ, ਜਿਸ ਤਹਿਤ ਲੋਕ ਸਭਾ (ਸੰਸਦ ਦਾ ਹੇਠਲਾ ਸਦਨ), ਰਾਜ ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ ਹਰ ਪੰਜ ਸਾਲਾਂ ਵਿੱਚ ਇੱਕੋ ਤਾਰੀਖ ਨੂੰ ਚੋਣਾਂ ਹੋਣ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਾਲੀ ਉਚ ਪੱਧਰੀ ਕਮੇਟੀ ਨੇ ਹਾਲ ਹੀ ਵਿੱਚ ਇਸ ਪਹੁੰਚ ਦਾ ਸਮਰਥਨ ਕਰਨ ਵਾਲੀ ਇੱਕ ਵਿਆਪਕ ਰਿਪੋਰਟ ਤਿਆਰ ਕੀਤੀ ਹੈ, ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਨੇ 'ਇੱਕ ਰਾਸ਼ਟਰ, ਇੱਕ ਚੋਣ' ਕਰਾਰ ਦਿੱਤਾ ਹੈ।

ਚੋਣਾਂ ਦੀ ਬਾਰੰਬਰਤਾ ਅਸਲ ਵਿੱਚ ਕਿਸੇ ਵੀ ਰਾਸ਼ਟਰੀ ਸਰਕਾਰ ਲਈ ਇੱਕ ਚੁਣੌਤੀ ਹੁੰਦੀ ਹੈ। ਮਿਸਾਲ ਵਜੋਂ ਰਾਜ ਅਤੇ ਸਥਾਨਕ ਚੋਣਾਂ ਵਿੱਚ ਸਥਾਨਕ ਮੁੱਦਿਆਂ ਦਾ ਦਬਦਬਾ ਹੁੰਦਾ ਹੈ ਅਤੇ ਅਕਸਰ ਰਾਸ਼ਟਰੀ ਸਰਕਾਰ 'ਤੇ ਇੱਕ ਕਿਸਮ




ਦੀ ਰਾਇਸ਼ੁਮਾਰੀ ਵਜੋਂ ਦੇਖਿਆ ਜਾਂਦਾ ਹੈ। ਦੂਜੇ ਪਾਸੇ, ਸੁਤੰਤਰ ਚੋਣ ਕਮਿਸ਼ਨ ਦਾ ਆਦਰਸ਼ ਚੋਣ ਜਾਬਤਾ ਚੋਣਾਂ ਦੌਰਾਨ ਸ਼ਾਸਨ ਵਿੱਚ ਰੁਕਾਵਟ ਪੈਦਾ ਕਰਦਾ ਹੈ ਤਾਂ ਜੋ ਕਾਰਜਕਾਰੀ ਸਰਕਾਰ ਅਜਿਹੇ ਨੀਤੀਗਤ ਐਲਾਨ ਕਰਨ ਦੇ ਯੋਗ ਨਹੀਂ ਹੁੰਦੀ, ਜੋ ਵੋਟਰਾਂ ਨੂੰ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਰਾਸ਼ਟਰੀ ਨੇਤਾ ਚੋਣ-ਅਧੀਨ ਰਾਜਾਂ ਵਿੱਚ ਪ੍ਰਚਾਰ ਕਰਨ ਵਿੱਚ ਰੁੱਝੇ ਹੋਏ ਹਨ, ਜਿਨ੍ਹਾਂ ਵਿੱਚੋਂ ਹਰ ਇੱਕ ਦਾ ਆਪਣਾ ਸਿਆਸੀ ਇਤਿਹਾਸ ਹੈ ਅਤੇ ਆਪਣੀਆਂ ਪਾਰਟੀਆਂ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਬੇਅੰਤ ਚੋਣ ਮੁਹਿੰਮਾਂ ਵਿੱਚ ਰੁੱਝੇ ਰਹੇ ਅਤੇ ਆਪਣੀਆਂ ਸਰਕਾਰੀ ਡਿਊਟੀਆਂ ਲਈ ਬਹੁਤ ਘੱਟ ਸਮਾਂ ਛੱਡ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਦਲੀਲ ਦਿੰਦੇ ਹਨ ਕਿ ਵਾਰ-ਵਾਰ ਚੋਣਾਂ ਕਰਵਾਉਣ ਨਾਲ ਪੈਸਾ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਹਨ। ਉਨ੍ਹਾਂ ਨੇ ਇਹ ਵੀ ਸੋਚਿਆ ਹੋਵੇਗਾ ਕਿ ਨਾਲੋ-ਨਾਲ ਚੋਣਾਂ ਰਾਸ਼ਟਰੀ ਪਾਰਟੀਆਂ ਅਤੇ ਮੁੱਦਿਆਂ ਨੂੰ ਰਾਜ ਦੀਆਂ ਚੋਣਾਂ ਵਿੱਚ ਫਾਇਦਾ ਦੇਵੇਗੀ, ਜਿਸ ਨਾਲ ਦੇਸ਼ ਵਿਆਪੀ ਚੋਣ ਮੁਹਿੰਮ ਵਿੱਚ ਸਥਾਨਕ ਨੇਤਾਵਾਂ ਅਤੇ ਸਮੱਸਿਆਵਾਂ 'ਤੇ ਧਿਆਨ ਦੇਣ ਦੀ ਸੰਭਾਵਨਾ ਘੱਟ ਹੋਵੇਗੀ।

ਵਿਰੋਧੀ ਧਿਰ ਇਸ ਪ੍ਰਸਤਾਵਿਤ ਸੁਧਾਰ ਨੂੰ ਰੱਦ ਕਰਦੀ ਹੈ, ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਸਾਰੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਨਾਲ ਕੋਈ ਵੀ ਮਾਮੂਲੀ ਬੱਚਤ ਪ੍ਰਾਪਤ ਕੀਤੀ ਜਾ ਸਕਦੀ ਹੈ, ਕਿਉਂਕਿ ਚੋਣ ਮੁਹਿੰਮਾਂ ਵਿੱਚ ਜਿਸ ਤਰ੍ਹਾਂ ਨਾਲ ਵੱਡੀ ਰਕਮ ਖਰਚ ਕੀਤੀ ਜਾਂਦੀ ਹੈ, ਉਸ ਤੋਂ ਵਾਂਝੇ ਰਹਿਣ ਵਿੱਚ ਨੁਕਸਾਨ ਹੋਵੇਗਾ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਪ੍ਰਸਤਾਵ ਭਾਰਤ ਦੇ ਸੰਘੀ ਸੁਭਾਅ ਅਤੇ ਵਿਭਿੰਨਤਾ ਨੂੰ ਕੁਚਲਣ ਦੇ ਇਰਾਦੇ ਨੂੰ ਦਰਸਾਉਂਦਾ ਹੈ, ਮੋਦੀ ਦੀ ਏਕਤਾਵਾਦ ਦੀ ਸੋਚ ਨੂੰ ਕੁਸ਼ਲਤਾ ਵਜੋਂ ਪੇਸ਼ ਕਰਦਾ ਹੈ। 'ਵਨ ਨੇਸ਼ਨ, ਵਨ ਇਲੈਕਸ਼ਨ' ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਅਵਿਵਹਾਰਕ ਹੈ, ਜੋ ਅਸੀਂ ਆਪਣੇ ਤਜ਼ਰਬਿਆਂ ਤੋਂ ਜਾਣਦੇ ਹਾਂ। ਆਜ਼ਾਦੀ ਤੋਂ ਬਾਅਦ ਭਾਰਤ ਨੇ ਇੱਕ ਹੀ ਮਿਤੀ 'ਤੇ ਚੋਣਾਂ ਕਰਵਾਉਣ ਦੀ ਪ੍ਰਣਾਲੀ ਸਥਾਪਤ ਕੀਤੀ ਸੀ, ਪਰ ਇਹ ਵਿਵਸਥਾ 1952 ਤੋਂ 1967 ਤੱਕ ਪੰਦਰਾਂ ਸਾਲ ਹੀ ਚੱਲੀ। ਇਸ ਦਾ ਕਾਰਨ ਭਾਰਤ ਦੀ ਸੰਸਦੀ ਪ੍ਰਣਾਲੀ ਦੇ ਕੇਂਦਰ ਵਿੱਚ ਹੈ: ਸਰਕਾਰਾਂ ਨੂੰ ਵਿਧਾਨਕ ਬਹੁਮਤ ਕਾਇਮ ਰੱਖਣਾ ਚਾਹੀਦਾ ਹੈ। ਜੇਕਰ ਕੋਈ ਸਰਕਾਰ ਆਪਣੀ ਮਿਆਦ ਖਤਮ ਹੋਣ ਤੋਂ ਪਹਿਲਾਂ ਆਪਣਾ ਬਹੁਮਤ ਗੁਆ ਦਿੰਦੀ ਹੈ, ਤਾਂ ਨਵੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਇਹ ਸੰਭਵ ਹੈ ਕਿ ਕੋਈ ਸਰਕਾਰ, ਜੋ ਆਪਣਾ ਬਹੁਮਤ ਵਧਾਉਣ ਦੀ ਇੱਛਾ ਰੱਖਦੀ ਹੈ, ਛੇਤੀ ਚੋਣਾਂ ਦੀ ਮੰਗ ਕਰ ਸਕਦੀ ਹੈ।

ਅਜਿਹਾ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਸਮਿਆਂ 'ਤੇ ਹੋਇਆ ਹੈ ਅਤੇ ਰਾਸ਼ਟਰੀ ਪੱਧਰ 'ਤੇ ਵੀ ਕਈ ਵਾਰ ਹੋਇਆ ਹੈ ਤੇ ਭਵਿੱਖ ਵਿੱਚ ਵੀ ਹੁੰਦਾ ਰਹੇਗਾ, ਖਾਸ ਕਰਕੇ ਕਈ ਰਾਜਾਂ ਵਿੱਚ ਗਠਜੋੜ ਸਰਕਾਰਾਂ ਦੀ ਹੋਂਦ ਕਾਰਨ। ਭਾਰਤੀ ਰਾਜ ਆਪਣੀ ਹੀ ਤਾਲ ਦੀ ਪਾਲਣਾ ਕਰਦੇ ਹਨ, ਜੋ ਕਿ ਦਿੱਲੀ ਵਿੱਚ ਸੰਘੀ ਪ੍ਰਣਾਲੀ ਦੇ ਢੋਲ ਵਜਾਉਣ ਵਾਲਿਆਂ ਨਾਲੋਂ ਬਹੁਤ ਵੱਖਰੀ ਹੈ। ਇੱਕ ਰਾਸ਼ਟਰੀ ਗੱਠਜੋੜ ਸਰਕਾਰ, ਜਿਵੇਂ ਕਿ ਮੌਜੂਦਾ ਸਮੇਂ ਵਿੱਚ ਮੋਦੀ ਦੀ ਅਗਵਾਈ ਵਾਲੀ ਸਰਕਾਰ ਵੀ ਡਿੱਗ ਸਕਦੀ ਹੈ। ਫਿਰ ਕੀ? ਨਿਸ਼ਚਿਤ ਤੌਰ 'ਤੇ ਇੱਕ ਸਰਕਾਰ ਲਈ ਨਵੇਂ ਚੋਣ ਆਦੇਸ਼ ਪ੍ਰਾਪਤ ਕੀਤੇ ਬਿਨਾ ਸੱਤਾ ਵਿੱਚ ਬਣੇ ਰਹਿਣਾ ਗੈਰ-ਜਮਹੂਰੀ ਹੋਵੇਗਾ। 'ਇੱਕ ਰਾਸ਼ਟਰ, ਇੱਕ ਚੋਣ' ਦਾ ਵਿਚਾਰ ਉਦੋਂ ਹੀ ਅਰਥ ਰੱਖ ਸਕਦਾ ਹੈ, ਜਦੋਂ ਮੁੱਖ ਕਾਰਜਕਾਰੀ ਸਿੱਧੇ ਤੌਰ 'ਤੇ ਚੁਣਿਆ ਜਾਂਦਾ ਹੈ ਤਾਂ ਜੋ ਉਸ ਦਾ ਫਤਵਾ ਵਿਧਾਨਿਕ ਬਹੁਮਤ ''ਤੇ ਆਧਾਰਤ ਨਾ ਹੋਵੇ। ਦੂਜੇ ਸ਼ਬਦਾਂ ਵਿੱਚ ਰਾਸ਼ਟਰਪਤੀ ਪ੍ਰਣਾਲੀ। ਅਸਲ ਵਿੱਚ ਅਜਿਹੀ ਪ੍ਰਣਾਲੀ ਬਣਾਉਣ ਲਈ ਭਾਰਤ ਵਿੱਚ ਰਾਜ ਅਤੇ ਇੱਥੋਂ ਤੱਕ ਕਿ ਸੰਘੀ ਪੱਧਰ 'ਤੇ ਵੀ ਚਰਚਾ ਹੋ ਸਕਦੀ ਹੈ, ਪਰ ਮੋਦੀ ਅਜਿਹਾ ਨਹੀਂ ਕਰ ਰਹੇ ਹਨ।

ਭਾਰਤੀ ਲੋਕਤੰਤਰੀ ਲੰਬੇ ਸਮੇਂ ਤੋਂ ਇਹ ਮੰਨਦੇ ਰਹੇ ਹਨ ਕਿ ਰਾਸ਼ਟਰਪਤੀ ਪ੍ਰਣਾਲੀ ਤਾਨਾਸ਼ਾਹੀ ਵੱਲ ਲੈ ਜਾਂਦੀ ਹੈ ਅਤੇ ਇਸ ਲਈ ਇਸਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ; ਪਰ ਸੰਸਦੀ ਪ੍ਰਣਾਲੀ ਨੇ ਆਪਣੀ ਕਿਸਮ ਦੀ ਤਾਨਾਸ਼ਾਹੀ ਪੈਦਾ ਕੀਤੀ ਹੈ, ਕਿਉਂਕਿ ਇੱਕ ਅਤਿ-ਆਤਮਵਿਸ਼ਵਾਸੀ ਕਾਰਜਕਾਰਨੀ ਨੇ ਵਿਧਾਨਕ ਬਹੁਮਤ ਨੂੰ ਇੱਕ ਹਥਿਆਰ ਵਜੋਂ ਵਰਤਿਆ ਹੈ। ਰਾਸ਼ਟਰਪਤੀ ਪ੍ਰਣਾਲੀ ਵਿੱਚ ਕਾਰਜਕਾਰਨੀ ਇੱਕ ਸੁਤੰਤਰ ਵਿਧਾਨ ਸਭਾ ਨੂੰ ਜਵਾਬਦੇਹ ਹੋਵੇਗੀ ਅਤੇ ਵਿਧਾਨ ਸਭਾ ਨੂੰ ਨੋਟਿਸ ਬੋਰਡ ਅਤੇ ਰਬੜ ਸਟੈਂਪ ਵਜੋਂ ਨਹੀਂ ਵਰਤ ਸਕਦੀ, ਜਿਵੇਂ ਕਿ ਭਾਜਪਾ ਇੱਕ ਦਹਾਕੇ ਤੋਂ ਕਰਦੀ ਆ ਰਹੀ ਹੈ। ਪਰ ਇਹ ਵਿਚਾਰ ਅਜੇ ਵੀ ਮਹਿਜ਼ ਇੱਕ ਵਿਚਾਰ ਹੈ ਅਤੇ ਭਾਰਤ ਦੀ ਸੰਸਦੀ ਪ੍ਰਣਾਲੀ ਅਧੀਨ 'ਇੱਕ ਰਾਸ਼ਟਰ, ਇੱਕ ਚੋਣ' ਦਾ ਕੋਈ ਫਾਇਦਾ ਨਹੀਂ ਹੈ। ਕਿਸੇ ਵੀ ਹਾਲਤ ਵਿੱਚ ਭਾਰਤੀ ਜਮਹੂਰੀਅਤ ਨੂੰ ਆਖਰੀ ਚੀਜ਼ ਦੀ ਲੋੜ ਹੈ ਚੋਣਾਂ ਕਰਵਾਉਂਦੇ ਰਹਿਣ ਦੀ, ਇੱਕੋ ਇੱਕ ਵਿਧੀ ਜਿਸ ਰਾਹੀਂ ਅਸੀਂ, ਭਾਰਤੀ ਲੋਕ-ਸਰਕਾਰ ਦੀਆਂ ਬਹੁਤ ਜ਼ਿਆਦਾ ਇੱਛਾਵਾਂ ਦੇ ਵਿਰੁੱਧ ਆਪਣੀ ਵੋਟ ਪਾ ਸਕਦੇ ਹਾਂ। ਇਹ 'ਇੱਕ ਰਾਸ਼ਟਰ, ਇੱਕ ਚੋਣ' ਪ੍ਰਸਤਾਵ ਨੂੰ ਬੁਨਿਆਦੀ ਤੌਰ 'ਤੇ ਗੈਰ-ਜਮਹੂਰੀ ਬਣਾਉਂਦਾ ਹੈ। ਹਾਲਾਂਕਿ ਸਾਨੂੰ ਆਉਣ ਵਾਲੇ ਮਹੀਨਿਆਂ ਵਿੱਚ ਹੋਣ ਵਾਲੀਆਂ ਦੋ ਜਾਂ ਤਿੰਨ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਸ਼ਾਇਦ, ਭਾਰਤੀ ਵੋਟਰ ਆਪਣੇ 'ਸਿਆਸੀ ਆਕਾਵਾਂ' ਨੂੰ ਫਿਰ ਤੋਂ ਹੈਰਾਨ ਕਰ ਦੇਣਗੇ।

## ਈਰਾਨ-ਇਜ਼ਰਾਈਲ ਦੀ ਜੰਗ ਖ਼ਤਰਨਾਕ ਮੋੜ 'ਤੇ

ਜ਼ਿੰਮੇਵਾਰ ਠਹਿਰਾਇਆ ਹੈ।

ਗਾਜ਼ਾ 'ਚ ਇਜ਼ਰਾਇਲੀ ਹਮਲਿਆਂ 'ਚ ਐਤਵਾਰ ਨੂੰ 87 ਲੋਕ ਮਾਰੇ ਗਏ ਤੇ 40 ਜ਼ਖਮੀ ਹੋ ਗਏ। ਹਮਾਸ ਦੇ ਮੁਖੀ ਯਾਹੀਆ ਸਿਨਵਾਰ ਦੇ ਮਾਰੇ ਜਾਣ ਦੀ ਖ਼ਬਰ ਜਨਤਕ ਹੋਣ ਤੋਂ ਬਾਅਦ ਗਾਜ਼ਾ 'ਚ ਇਜ਼ਰਾਇਲੀ ਹਮਲੇ ਤੇਜ਼ ਹੋ ਗਏ ਹਨ। ਇਜ਼ਰਾਈਲ ਹਮਾਸ ਦੇ ਲੜਾਕਿਆਂ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤਾਜ਼ਾ ਹਮਲਿਆਂ 'ਚ ਮਾਰੇ ਗਏ ਲੋਕਾਂ 'ਚ ਕਈ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਗਾਜ਼ਾ ਦੇ ਸਿਹਤ ਵਿਭਾਗ ਦੇ ਡਾਇਰੈਕਟਰ ਜਨਰਲ ਮੁਨੀਰ ਅਲ-ਬਰਸ਼ ਨੇ ਇੱਕ ਮੀਡੀਆ ਇੰਜਣ 'ਤੇ ਕਿਹਾ ਕਿ ਹਸਪਤਾਲਾਂ 'ਚ ਇਲਾਜ ਲਈ ਜ਼ਰੂਰੀ ਵਸਤਾਂ ਦੀ ਕਮੀ ਦੇ ਵਿਚਕਾਰ ਵੱਡੀ ਗਿਣਤੀ 'ਚ ਜ਼ਖਮੀ ਲੋਕਾਂ ਨੂੰ ਲਿਆਂਦੇ ਜਾਣ ਨੇ ਡਰਾਉਣੀ ਸਥਿਤੀ ਪੈਦਾ ਕਰ ਦਿੱਤੀ ਹੈ।

ਰੂਸੀ ਰੱਖਿਆ ਮੰਤਰਾਲੇ ਦੀ ਸੂਚਨਾ ਅਨੁਸਾਰ 20 ਅਕਤੂਬਰ ਦੀ ਰਾਤ ਰੂਸ ਦੇ ਸੱਤ ਖੇਤਰਾਂ ਵੱਲ ਭੇਜੇ ਗਏ 110 ਡ੍ਰੋਨਾਂ ਨੂੰ ਰਸਤੇ ਵਿੱਚ ਹੀ ਤਬਾਹ ਕਰ ਦਿੱਤਾ ਗਿਆ ਹੈ। ਜ਼ਿਆਦਾਤਰ ਉਨ੍ਹਾਂ ਨੇ ਰੂਸ ਦੇ ਸਰਹੱਦੀ ਖੇਤਰ ਕੁਰਕਸ ਨੂੰ ਨਿਸ਼ਾਨਾ ਬਣਾਇਆ, ਜਿੱਥੇ 43 ਹੋਰ ਡ੍ਰੋਨਾਂ ਨੂੰ ਨਸ਼ਟ ਕੀਤਾ ਗਿਆ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਵੀਡੀਓ ਫੁਟੇਜ 'ਚ ਨਿਜ਼ਨੀ ਨੋਵਗੋਰੋਡ ਖੇਤਰ ਦੇ ਡਜ਼ਰਜਿਨਸਕ ਸ਼ਹਿਰ 'ਤੇ ਹਵਾਈ ਰੱਖਿਆ ਪ੍ਰਣਾਲੀਆਂ ਡ੍ਰੋਨਾਂ ਨੂੰ ਤਬਾਹ ਕਰਦੀਆਂ ਦਿਖਾਈ ਦੇ ਰਹੀਆਂ ਹਨ। ਸਥਾਨਕ ਗਵਰਨਰ ਗਲੇਬ ਨਿਕਿਤਨ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਡਜ਼ਰਜਿਨਸਕ ਉਦਯੋਗਿਕ ਖੇਤਰ 'ਤੇ ਡ੍ਰੋਨ ਹਮਲੇ ਨੂੰ ਨਾਕਾਮ ਕਰਦਿਆਂ 4 ਲੜਾਕੇ ਜਖਮੀ ਹੋ ਗਏ ਹਨ। ਹਾਲਾਂਕਿ ਉਨ੍ਹਾਂ ਨੇ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ। ਇਸ ਦਰਮਿਆਨ ਅਧਿਕਾਰੀਆਂ ਨੇ 20 ਅਕਤੂਬਰ ਨੂੰ ਦੱਸਿਆ ਕਿ ਕੀਵੀ ਸ਼ਹਿਰ 'ਤੋਂ ਰੂਸੀ ਬੈਲਿਸਟਿਕ ਮਿਜ਼ਾਈਲ ਹਮਲੇ 'ਚ 17 ਲੋਕ ਜ਼ਖਮੀ ਹੋ ਗਏ ਹਨ।

**ਕਮਲਾ ਹੈਰਿਸ ਦੀ ਤਾਰੀਫ਼:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਲਾਸ ਵੇਗਸ ਵਿੱਚ ਇੱਕ ਸਮਾਗਮ ਦੌਰਾਨ ਡੈਮੋਕਰੇਟਿਕ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਲਈ ਹੈਰਿਸ ਪੂਰੀ ਤਰ੍ਹਾਂ ਤਿਆਰ ਹਨ। ਓਬਾਮਾ ਨੇ ਕਿਹਾ ਕਿ ਅਮਰੀਕੀਆਂ ਕੋਲ ਹੈਰਿਸ ਨੂੰ ਚੁਣ ਕੇ ਦੇਸ਼ ਦਾ ਭਵਿੱਖ ਬਣਾਉਣ ਦਾ ਮੌਕਾ ਹੈ। ਲੋਕਾਂ ਦਾ ਇਹ ਕਦਮ ਇੱਕ ਬਿਹਤਰ, ਮਜ਼ਬੂਤ, ਨਿਰਪੱਖ ਤੇ ਵਧੇਰੇ ਸਾਮਾਨ ਅਮਰੀਕਾ ਦੇ ਨਿਰਮਾਣ 'ਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਪੰਨਾ ਪਲਟਣ ਲਈ ਤਿਆਰ ਹੈ। ਅਸੀਂ ਰਾਸ਼ਟਰਪਤੀ ਕਮਲਾ ਹੈਰਿਸ ਲਈ ਤਿਆਰ ਹਾਂ। ਚੰਗੀ ਖ਼ਬਰ ਇਹ ਹੈ ਕਿ ਹੈਰਿਸ ਕੰਮ ਲਈ ਤਿਆਰ ਹੈ। ਇਹ ਅਜਿਹੀ ਨੇਤਾ ਹੈ, ਜਿਸ ਨੇ ਆਪਣੀ ਪੂਰੀ ਜ਼ਿੰਦਗੀ ਉਨ੍ਹਾਂ ਲੋਕਾਂ ਵੱਲੋਂ ਲੜਦਿਆਂ ਬਿਤਾਈ ਹੈ, ਜਿਨ੍ਹਾਂ ਨੂੰ ਚੈਂਪੀਅਨ ਦੀ ਜ਼ਰੂਰਤ ਹੈ। ਕੋਈ ਵਿਅਕਤੀ ਜੋ ਉਨ੍ਹਾਂ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਰੱਖਦਾ ਹੈ, ਜਿਨ੍ਹਾਂ ਨੇ ਇਸ ਦੇਸ਼ ਨੂੰ ਬਣਾਇਆ ਹੈ। ਉਨ੍ਹਾਂ ਟਰੰਪ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਟਰੰਪ ਦੀ ਰਣਨੀਤੀ ਅਮਰੀਕੀਆਂ ਨੂੰ ਇਹ ਯਕੀਨ ਦਿਵਾਉਣ ਦੀ ਹੈ ਕਿ ਦੇਸ਼ ਡੂੰਘੀ ਤਰ੍ਹਾਂ ਵੰਡਿਆ ਹੋਇਆ ਹੈ। ਇਸ ਦੌਰਾਨ ਐਲੋਨ ਮਸਕ ਨੇ ਪੈਨਸਿਲਵੇਨੀਆ 'ਚ ਕਿਹਾ ਕਿ ਵੋਟਿੰਗ ਸਿਰਫ ਬੈਲਟ ਪੇਪਰ 'ਤੇ ਹੁੰਦੀ ਹੈ। ਵੋਟਿੰਗ ਮਸ਼ੀਨਾਂ ਘਪਲੇ ਕਰਦੀਆਂ ਹਨ।

ਸਹਾਇਤਾ ਦੀ ਲੋੜ ਹੈ
HELP WANTED
ਘਰ ਦੀ ਦੇਖ-ਭਾਲ ਲਈ ਸਹਾਇਤਾ ਦੀ ਲੋੜ ਹੈ
ਕੈਰੀ ਨੇੜੇ ਸਕੂਲ ਵਿੱਚ ਬੱਚੇ ਨੂੰ ਛੱਡਣ ਤੇ ਲੈ ਕੇ ਆਉਣ ਅਤੇ ਹਲਕੇ ਕੰਮਾਂ ਤੇ ਖਾਣਾ ਪਕਾਉਣ ਲਈ ਰੋਜ਼ਾਨਾ ਘਰੇਲੂ ਮਦਦ ਦੀ ਲੋੜ ਹੈ
*ਸਮਾਂ ਤੇ ਘੰਟੇ ਚਰਚਾ ਕੀਤੇ ਜਾਣਗੇ
*ਉਮੀਦਵਾਰ ਗੱਡੀ ਚਲਾ ਸਕਦਾ ਹੋਵੇ, ਵਾਹਨ ਹੋਣਾ ਜ਼ਰੂਰੀ ਹੈ
ਸੰਪਰਕ ਕਰੋ, ਫੋਨ: 847-287-3478

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

## ਜੁਗ ਜੁਗ ਜੀਓ... (19)

# ਅੰਮੜੀ ਦਾ ਤੋਹਫਾ ਜਾਂ...

***ਜ਼ਿਆਦਾਤਰ ਬਿਮਾਰੀਆਂ ਦੀ ਜੜ ਬੇਪ੍ਰਵਾਹੀਆਂ ਵਿੱਚ ਹੈ। ਸੁਚੇਤ ਹੋਣ ਦਾ ਹੋਕਾ ਸੁਜੱਗ ਲੋਕ ਹੀ ਲਾਉਂਦੇ ਹਨ। ਇੰਜ ਹੀ ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਇਸ ਲੇਖ ਵਿੱਚ ਉਨ੍ਹਾਂ ਨੇ ਗਠੀਏ ਦੀ ਸਮੱਸਿਆ ਦਰਪੇਸ਼ ਹੋਣ ਦੇ ਕਾਰਨ, ਲੱਛਣ ਤੇ ਇਸ ਤੋਂ ਬਚਾਅ ਲਈ ਉਪਾਅ ਕਰਨ ਦੇ ਨੁਕਤੇ ਸੁਝਾਏ ਹਨ। ਪੇਸ਼ ਹੈ, ਪਾਠਕਾਂ ਲਈ ਇਹ ਜਾਣਕਾਰੀ ਭਰਪੂਰ ਲੇਖ...***

**ਡਾ. ਹਰਬੰਸ ਕੌਰ ਦਿਓਲ**

"ਗਠੀਆ, ਗੰਠੀਆ। ਨਹੀਂ, ਗਠੀਆ ਗਠੀਆ...।"

"ਪ੍ਰੀਤ, ਇਹ ਕੀ ਟੁੱਟੇ ਰਿਕਾਰਡ ਵਾਂਗ ਲੱਗੀ ਏਂ?"


"ਦੀਦੀ, ਚਾਚੀ ਜੀ ਨੇ ਕਹਿ ਕੇ ਭੇਜਿਆ, ਮੈਂ ਭੁੱਲ ਨਾ ਜਾਵਾਂ ਤਾਂ ਘਰੋਂ ਹੀ ਇਸ ਨੂੰ ਦੁਹਰਾਉਂਦੀ ਆ ਰਹੀ ਹਾਂ। ਮੈਨੂੰ ਨ੍ਹੀਂ ਪਤਾ ਕਿਸ ਬਲਾ ਦਾ ਨਾਂ ਹੈ ਇਹ!"

"ਤੈਨੂੰ ਕੀ ਮੁਸੀਬਤ ਆ ਗਈ, ਇਹਦਾ ਪਾਠ ਕਰ ਰਹੀ ਐਂ!"

"ਮੈਨੂੰ ਭੇਜਿਆ ਗਿਐ ਤੁਹਾਡੇ ਕੋਲੋਂ ਇਸ ਬਾਰੇ ਜਾਣਕਾਰੀ ਲੈਣ ਲਈ।"

"ਪਰ ਕਿਉਂ?"

"ਸਾਡੇ ਚਾਚੀ ਜੀ ਦੀ ਭਤੀਜੀ, ਯਾਦ ਏ ਉਹ ਮ੍ਰਿਗ ਨੈਣੀਂ! ਉਸ ਨੂੰ ਉਹਦੇ ਡਾਕਟਰ ਦੇ ਦੱਸਣ ਮੁਤਾਬਕ ਨੂਰ



ਨੂੰ ਇਹੀ ਤਕਲੀਫ ਹੈ।"

"ਪ੍ਰੀਤ, ਇਹ ਤਾਂ ਬਹੁਤ ਹੀ ਮਾੜੀ ਖਬਰ ਹੈ। ਬੇਚਾਰੀ 16-17 ਸਾਲਾਂ ਦੀ ਤਾਂ ਹੈ ਸਾਰੀ। ਕਦੋਂ ਤੋਂ ਉਸ ਨੂੰ ਇਹ ਬਿਮਾਰੀ ਦੀ ਸ਼ਿਕਾਇਤ ਹੋਈ ਹੈ, ਕੁਝ ਪਤਾ ਏ ਤੈਨੂੰ?"

"ਇਹੀ ਕੋਈ ਮਹੀਨਾ ਜਾਂ ਦੋ ਮਹੀਨੇ ਤੋਂ, ਪਰ ਪੱਕਾ ਪਤਾ ਨਹੀਂ। ਕਹਿੰਦੇ ਸੀ, ਉਸ ਦੀਆਂ ਉਂਗਲਾਂ ਦੇ ਜੋੜਾਂ ਨੂੰ ਸੋਜਾ ਆਇਆ ਹੋਇਐ ਅਤੇ ਕਾਫੀ ਦੁਖਦੇ ਵੀ ਨੇ।"

"ਉਮਰ ਦੇ ਲਿਹਾਜ ਅਤੇ ਛੋਟੇ ਜੋੜਾਂ ਦੀ ਤਕਲੀਫ ਹੋਣ ਕਰਕੇ ਲੱਗਦੈ ਉਸ ਨੂੰ ਰਾਇਮੇਟਾਇਡ ਗਠੀਏ (rheumatoid arthritis) ਜਾਂ RA ਦੀ ਤਕਲੀਫ ਹੋ ਸਕਦੀ ਏ, ਪਰ ਕੁਝ ਹੋਰ ਜਾਣਕਾਰੀ ਲੈਣੀ ਪਏਗੀ। ਇਹ ਤਾਂ ਬਹੁਤ ਖਤਰਨਾਕ ਬਿਮਾਰੀ ਹੈ ਅਤੇ ਵਕਤ ਨਾਲ ਵਧਦੀ ਹੀ ਜਾਂਦੀ ਏ। ਇਹ ਔਟੋਇਮਿਊਨ (autoimmune) ਬਿਮਾਰੀਆਂ ਦੀ ਗਿਣਤੀ ਵਿੱਚ ਆਉਂਦੀ ਹੈ, ਜਿਸ ਵਿੱਚ ਬਹੁਤ ਔਕਸੀਡੇਟਿਵ ਸਟਰੈਸ (oxidative stress) ਕਾਰਨ ਜੋੜਾਂ ਅਤੇ ਹੋਰ ਅੰਗਾਂ ਵਿੱਚ ਸੋਜ (inflammation) ਹੋ ਜਾਂਦੀ ਏ।

ਸਰੀਰ ਦਾ ਇਮਿਊਨ ਸਿਸਟਮ (immune system) ਉਲਝਣ (confuse ਹੋਣ) ਕਰਕੇ ਆਪਣੇ ਹੀ ਸਰੀਰ ਦੇ ਜੋੜਾਂ ਅੰਦਰ ਵਾਲੀ ਝਿੱਲੀ (synovial lining) ਅਤੇ ਹੋਰ ਅੰਗਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦਾ ਏ, ਜਿਹੜਾ ਬਦਲਿਆ ਨਹੀਂ ਜਾ ਸਕਦਾ। ਕਈ ਵਾਰੀ ਤਾਂ ਇੰਨਾ ਖਰਾਬ ਹੋ ਜਾਂਦੈ ਕਿ ਜੋੜ ਦਾ ਓਪਰੇਸ਼ਨ ਕਰਨਾ ਪੈਂਦੈ। ਜੇ ਜੋੜਾਂ ਨੂੰ ਜ਼ਿਆਦਾ ਹੀ ਨੁਕਸਾਨ ਹੋ ਜਾਵੇ ਤਾਂ ਕਈ ਲੋਕਾਂ ਨੂੰ ਤਾਂ ਨੌਕਰੀ ਜਾਂ ਬਦਲਣੀ ਪੈਂਦੀ ਏ ਜਾਂ ਛੱਡਣੀ ਹੀ ਪੈ ਸਕਦੀ ਏ। ਜਿਵੇਂ ਬਿਮਰੀ ਵਧਦੀ ਏ ਤਾਂ ਦਵਾਈ ਦੀ ਜ਼ਰੂਰਤ ਵਧਦੀ ਜਾਂਦੀ ਏ। ਬਹੁਤ ਵਾਰ ਜ਼ਿਆਦਾ ਤੇਜ਼ ਦਵਾਈਆਂ ਦੇਣੀਆਂ ਪੈਂਦੀਆਂ ਨੇ; ਉਨ੍ਹਾਂ ਦੇ ਸਾਈਡ ਇਫੈਕਟ ਜ਼ਿਆਦਾ ਹੁੰਦੇ ਨੇ ਅਤੇ ਨੁਕਸਾਨ ਕਰਦੇ ਨੇ।"

"ਦੀਦੀ, ਇਹ ਨਾਮੁਰਾਦ ਬਿਮਾਰੀ ਹੁੰਦੀ ਕਿਉਂ ਏ?"

"ਇਸ ਦਾ ਕੋਈ ਇੱਕ ਕਾਰਨ ਨਹੀਂ, ਪਰ ਕਈ ਗੱਲਾਂ ਦੇ ਅਸਰ ਨਾਲ ਹੋ ਸਕਦੀ ਏ।

1. ਕਾਫੀ ਲੋਕਾਂ ਵਿੱਚ ਪਰਿਵਾਰਕ ਇਤਿਹਾਸ (genetic predisposition) ਹੁੰਦੈ, ਪਰ ਇਸ ਤੋਂ ਬਿਨਾ ਹੋਰ ਫੈਕਟਰਜ਼ ਵੀ ਹਨ।"

"ਦੀਦੀ, ਇਹ ਬਿਮਾਰੀ ਨੀਰੂ ਦੀ ਮਾਂ ਨੂੰ ਵੀ ਸੀ। ਚਲੋ ਬਾਕੀ ਦੱਸੋ।"

"2. ਬਹੁਤ ਅਰਸੇ ਲਈ ਐਂਟੀਬਾਇਓਟਿਕ ਦਾ ਇਸਤੇਮਾਲ ਕਰਨਾ

3. ਖੁਰਾਕ ਵਿੱਚ ਗਲਤ, ਸਿਹਤ ਲਈ ਹਾਨੀਕਾਰਨ ਚੀਜ਼ਾਂ ਵਰਤਣੀਆਂ; ਜਿਵੇਂ ਬਹੁਤ ਜ਼ਿਆਦਾ ਪ੍ਰੋਸੈਸ ਕੀਤਾ (ultra processed) ਕਾਰਬਜ ਅਤੇ ਮੀਟ, ਮਿੱਠਾ (ਚੀਨੀ, ਸ਼ੱਕਰ, ਗੁੜ), ਮਿਠਾਈਆਂ, ਤੇਲ, ਤਲੀ ਖੁਰਾਕ, ਐਨੀਮਲ ਫੂਡਜ਼ (ਚਿਕਨ, ਫਿਸ਼, ਡੇਅਰੀ) ਆਰਟੀਫਿਸ਼ਲ ਸਵੀਟਨਰਜ਼ ਅਤੇ ਖੁਰਾਕ ਵਿੱਚ ਪਾਏ ਹੋਏ preservatives, additives and colors, ਜੂਸ ਅਤੇ ਸੋਡਾ।

4. ਗੈਰ-ਸਟੀਰੌਇਡਲ ਐਂਟੀ ਇਨਫਲਾਮੇਟਰੀ ਦਵਾਈਆਂ (NSAIDS), ਜੋ ਲੰਮੇ ਅਰਸੇ ਲਈ ਇਸਤੇਮਾਲ ਕਰੋ।

Methotrexate, prednisolone ਅਤੇ ਐਂਟੀਐਸਿਡਜ਼।

ਇਹ 2, 3, 4 ਨੰਬਰ ਵਾਲੀਆਂ ਵਸਤਾਂ ਇੱਕੋ ਹੀ ਤਰੀਕੇ ਨਾਲ ਨੁਕਸਾਨ ਪਹੁੰਚਾਉਂਦੀਆਂ ਹਨ।

-ਇਹ ਤਿੰਨੇ ਆਪਣੀ ਖੁਰਾਕ ਦੀ ਨਾਲੀ ਵਾਲੇ ਚੰਗੇ ਕਿਟਾਣੂਆਂ ਦਾ ਸੰਤੁਲਨ ਖਰਾਬ ਕਰ ਦਿੰਦੇ ਨੇ। ਚੰਗੇ ਕਿਟਾਣੂ ਮਰ ਜਾਂਦੇ ਨੇ ਅਤੇ ਮਾੜੇ ਕਿਟਾਣੂ (bad ones) ਦਾ ਵਾਧਾ (overgrowth) ਹੋ ਜਾਂਦੈ।

-ਵਿਭਿੰਨਤਾ (diversity) ਵੀ ਘਟ ਜਾਂਦੀ ਏ

-Keystone species (ਜਿਹੜੇ ਆਪਣੇ ਲਈ ecosystem maintain ਕਰਨ ਲਈ ਬਹੁਤ ਮਦਦਗਾਰ ਹਨ) ਦਾ ਵੀ ਖਾਤਮਾ ਹੋ ਸਕਦੈ।

-ਚੰਗੇ ਜਰਮ SCFA (short chain fatty acid) ਬਣਾਉਂਦੇ ਨੇ

-ਇਹ yeast ਅਤੇ ਮਾੜੇ ਜਰਮ 'ਤੇ ਕਾਬੂ ਪਾ ਕੇ ਰੱਖਦੇ ਨੇ

-ਦਿਮਾਗੀ ਸਿਹਤ ਲਈ ਗੁਣਕਾਰੀ ਹਨ। Neurotransmitter ਜੋ ਦਿਮਾਗ ਨੂੰ ਸੁਨੇਹਾ ਪਹੁੰਚਾਉਂਦੇ ਨੇ, ਇਹ ਜਰਮ ਹੀ ਬਣਾਉਂਦੇ ਨੇ, ਜਿਵੇਂ-

Serotonin - ਖੁਸ਼ੀ ਦਾ ਹਾਰਮੋਨ

Dopamine - ਚੰਗਾ ਮਹਿਸੂਸ ਕਰਨ ਦਾ ਹਾਰਮੋਨ

GABA - ਸ਼ਾਂਤ ਰੱਖਣ ਵਾਲਾ

ਇਹ ਤਿੰਨੇ vagus nerve ਰਾਹੀਂ ਜਾਂ ਖੂਨ ਰਾਹੀਂ ਦਿਮਾਗ ਵਿੱਚ ਪਹੁੰਚ ਕੇ ਉਥੇ receptor ਨਾਲ ਜੁੜ ਕੇ ਸਾਨੂੰ ਸ਼ਾਂਤ, ਖੁਸ਼ ਤੇ ਚੰਗਾ ਮਹਿਸੂਸ ਕਰਵਾਉਂਦੇ ਹਨ ਅਤੇ ਚਿੰਤਾ, ਉਦਾਸੀ ਤੋਂ ਬਚਾਉਂਦੇ ਹਨ। ਇਸ ਕਰਕੇ ਇਸ ਰਗ ਨੂੰ ਦੂਜਾ ਬਰੇਨ ਵੀ ਕਿਹਾ ਜਾਂਦੈ।

-ਇਹ ਵਿਟਾਮਨ 'ਬੀ' ਅਤੇ 'ਕੇ' ਬਣਾਉਣ ਵਿੱਚ ਮਦਦ ਕਰਦੇ ਨੇ

-ਸਾਡੇ ਵਜ਼ਨ ਕੰਟਰੋਲ ਅਤੇ ਲੰਮੇ ਅਰਸੇ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਇਨ੍ਹਾਂ ਦਾ ਅਹਿਮ ਰੋਲ ਹੈ।

-80% ਆਪਣੇ ਸਰੀਰ ਦੀ ਇਮਿਉਨਿਟੀ ਸਿਸਟਮ ਆਪਣੀ ਅੰਤੜੀ (gut) ਵਿੱਚ ਹੈ।

Gut micro biome ਦੀ ਗੜਬੜ ਕਰਕੇ ਇਹ ਸਾਰੇ ਕੰਮ ਠੱਪ ਹੋ ਜਾਂਦੇ ਨੇ ਅਤੇ ਲੰਮੇ ਅਰਸੇ ਵਾਲੀਆਂ ਬਿਮਾਰੀਆਂ ਹੋ ਜਾਂਦੀਆਂ ਨੇ।

5. ਇਹ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ। ਸਭ ਤੋਂ ਛੋਟੇ ਬੱਚੇ ਜਿਸ ਨੂੰ ਇਹ ਬਿਮਾਰੀ ਹੋਈ ਸੀ, ਉਸ ਦੀ ਉਮਰ ਢਾਈ ਸਾਲ ਵੀ ਦੱਸੀ ਗਈ ਹੈ।"

"ਦੀਦੀ, ਕਿੰਨੀ ਦੁੱਖ ਦੀ ਗੱਲ ਏ! ਕੋਈ ਹੋਰ ਵੀ ਕਾਰਨ ਹਨ?"

"ਹਾਂ, ਕੁਝ ਕੁ ਕਾਰਨ ਹੋਰ ਵੀ ਹਨ, ਜਿਵੇਂ:

6. ਤਣਾਅ - stress

7. ਸ਼ਰਾਬ ਪੀਣਾ ਅਤੇ ਸਮੋਕ ਕਰਨਾ

8. ਨੀਂਦ ਦੀ ਘਾਟ

9. ਇਨ੍ਹਾਂ ਮਰੀਜ਼ਾਂ ਵਿੱਚ ਵਿਟਾਮਿਨ 'ਡੀ' ਦੀ ਘਾਟ ਵੀ ਦੇਖੀ ਗਈ ਹੈ

10. ਇਹ ਜ਼ਿਆਦਾ ਜਨਾਨੀਆਂ ਨੂੰ ਹੁੰਦੈ

11. ਹਾਰਮੋਨਜ਼ ਬਦਲਣ ਕਾਰਨ ਇਹ ਗਰਭ ਅਵਸਥਾ ਵਿੱਚ ਵੀ ਦੇਖਿਆ ਗਿਐ

12. ਵਾਤਾਵਰਣ ਦੀਆਂ ਜ਼ਹਿਰੀਲੀਆਂ ਵਸਤਾਂ- herbicides, pesticides ਵਗੈਰਾ।"

"ਦੀਦੀ, ਇਸ ਦਾ ਸਰੀਰ 'ਤੇ ਕੀ ਅਸਰ ਹੁੰਦੈ। ਮੈਨੂੰ ਤਾਂ ਇਹ ਬਿਮਾਰੀ ਬਿਲਕੁਲ ਪਸੰਦ ਨ੍ਹੀਂ। ਇਹ ਤਾਂ ਛੋਟੇ ਛੋਟੇ ਬੱਚਿਆਂ ਨੂੰ ਵੀ ਨਹੀਂ ਬਖਸ਼ਦੀ ਅਤੇ ਜਨਾਨੀਆਂ ਨੂੰ ਵੀ ਜ਼ਿਆਦਾ ਹੁੰਦੀ ਏ। ਕੋਈ ਗੱਲ ਬਣੀ ਭਲਾਂ!"

"1. ਇਹ ਸ਼ੁਰੂ ਵਿੱਚ ਛੋਟੇ ਜੋੜਾਂ- ਹੱਥਾਂ ਜਾਂ ਪੈਰਾਂ ਦੇ, ਉਤੇ ਅਸਰ ਕਰਦੀ ਏ। ਬਾਅਦ ਵਿੱਚ ਵੱਡੇ ਜੋੜ- ਗੋਡੇ ਤੇ ਮੋਢੇ ਵਗੈਰਾ ਅਤੇ ਸਰੀਰ ਦੇ ਹੋਰ ਅੰਗਾਂ 'ਤੇ ਵੀ ਅਸਰ ਕਰਦੀ ਏ। ਜਿਵੇਂ: ਅੱਖਾਂ ਤੇ ਮੂੰਹ ਦਾ ਖੁਸ਼ਕਪਨ

-ਚਮੜੀ 'ਤੇ ਰੈਸ਼, ਦਿਲ ਦੀ ਬਿਮਾਰੀ, ਫੇਫੜੇ ਅਤੇ ਗੁਰਦਿਆਂ 'ਤੇ ਵੀ ਮਾੜਾ ਅਸਰ ਹੁੰਦੈ।

-ਜੋੜ ਵਿੱਚ ਸੋਜ, ਅਕੜਾਅ, ਲਾਲੀ ਅਤੇ ਗਰਮੈਸ਼ ਹੁੰਦੀ ਏ, ਜ਼ਿਆਦਾ ਤੌਰ 'ਤੇ ਸਵੇਰੇ ਵੇਲੇ ਜਾਂ ਅਰਾਮ ਕਰਨ ਤੋਂ ਬਾਅਦ।

2. ਥਕਾਵਟ

3. ਬੁਖਾਰ

4. ਉਦਾਸੀ, ਚਿੰਤਾ

5. Allergies

6. ਭਾਰ ਘਟ ਜਾਂਦੈ

7. ਹੋਰ ਤਰ੍ਹਾਂ ਦੀਆਂ autoimmune ਬਿਮਾਰੀਆਂ ਦੀ ਸੰਭਾਵਨਾ ਵੀ ਜ਼ਿਆਦਾ ਹੋ ਜਾਂਦੀ ਏ।

ਕਈ ਵਾਰ ਆਰਾਮ ਆ ਜਾਂਦੈ, ਕਈ ਵਾਰੀ flare up ਵੀ ਹੋ ਜਾਂਦੈ, ਇਸ ਦੇ ਕੁਝ ਕਾਰਨ ਹਨ:

-ਸਟਰੈਸ

-ਮੌਸਮ ਦੀ ਤਬਦੀਲੀ

-ਕੋਈ ਖੁਰਾਕ ਵਿੱਚ ਤਬਦੀਲ।"

"ਦੀਦੀ, ਕਿਸ ਤਰੀਕੇ ਨਾਲ ਇਹ ਬਿਮਾਰੀ ਹੁੰਦੀ ਏ?"

"ਜਦੋਂ ਆਪਣੀ ਸਿਹਤ ਠੀਕ ਹੁੰਦੀ ਏ ਤਾਂ ਆਪਣੀ ਵੱਡੀ ਅੰਤੜੀ (large gut) ਵਿੱਚ barrier ਹੁੰਦੈ, ਬਾਹਰ ਸੈੱਲ ਇੱਕ layer - ਉਸ ਦੇ ਅੰਦਰ dense mucus layer - ਬਿਲਕੁਲ ਅੰਦਰ ਵੱਲ ਝਿੱਲੀ ਜਿਹੀ, mucus layer- ਇਹ ਸਾਰੇ ਮਿਲ ਕੇ gut barrier ਬਣਾਉਂਦੇ ਨੇ, ਤਾਂ ਕਿ ਕੋਈ toxin ਸਰੀਰ ਵਿੱਚ ਨਾ ਜਾ ਸਕੇ। ਜਦੋਂ ਪਿਛਲੇ ਦੱਸੇ ਕਾਰਨਾਂ ਕਰਕੇ ਆਪਣੇ gut biome ਵਿੱਚ ਗੜਬੜ ਹੁੰਦੀ ਏ, ਉਹ ਠੀਕ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਦੇ ਚਿੰਨ੍ਹ (signed) ਵੀ ਬਦਲ ਜਾਂਦੇ ਨੇ ਅਤੇ ਲੀਕੀ gut ਬਣ ਜਾਂਦੀ ਏ। ਕਈ ਪ੍ਰੋਟੀਨ ਜਿਹੜੇ ਪੂਰੀ ਤਰ੍ਹਾਂ digest ਨਹੀਂ ਹੋਏ ਹੁੰਦੇ, ਉਹ ਮਾੜੇ ਜਰਮਾਂ ਨਾਲ ਮਿਲ ਕੇ LPS (lipopolysaccharides) ਨਾਲ ਲੀਕ ਹੋ ਕੇ ਖੂਨ ਵਿੱਚ ਚਲੇ ਜਾਂਦੇ ਨੇ (endotoxin) ਜੋ ਲਿਵਰ ਵਿੱਚ ਵੱਖਰੇ ਵੱਖਰੇ ਸਰੀਰ ਦੇ ਹਿੱਸੇ ਅਤੇ ਦਿਮਾਗ ਵਿੱਚ ਚਲੇ ਜਾਂਦੇ ਨੇ। ਸਰੀਰ ਦਾ ਇਮਿਊਨ ਸਿਸਟਮ, ਵਿਦੇਸ਼ੀ ਹਮਲਾਵਰ ਸਮਝ ਕੇ ਉਨ੍ਹਾਂ 'ਤੇ ਹਮਲਾ ਕਰ ਦਿੰਦੈ। ਉਸ ਨੂੰ ਜੋੜਾਂ ਦੀ ਅੰਦਰਲੀ ਝਿੱਲੀ (synovial lining) ਦੇ ਪ੍ਰੋਟੀਨ ਦੀ ਵੱਖਰੀ ਪਛਾਣ ਨਹੀਂ ਰਹਿੰਦੀ ਅਤੇ ਉਸ 'ਤੇ ਵੀ ਧਾਵਾ ਬੋਲ ਦਿੰਦੈ- ਨਤੀਜਾ ਹੋਇਆ ਕਿ ਇਹ ਸੋਜ ਜੋੜਾਂ ਵਿੱਚ ਅਤੇ ਹੋਰ ਹਿੱਸਿਆਂ ਵਿੱਚ ਜਿੱਥੇ ਜਿੱਥੇ ਇਹ endotoxin ਪਹੁੰਚੀ, ਉਨ੍ਹਾਂ ਥਾਵਾਂ 'ਤੇ ਜਾਂਦੀ ਏ। ਜਿੰਨਾ ਜ਼ਿਆਦਾ ਦੇਰ ਇਹ ਸੋਜ ਰਹੇਗੀ, ਉਤਨਾ ਹੀ ਜ਼ਿਆਦਾ ਨੁਕਸਾਨ ਹੁੰਦੈ। Leaky gut ਕਰਕੇ ਹੀ ਲੰਮੇ ਅਰਸੇ ਵਾਲੀਆਂ ਬਿਮਾਰੀਆਂ ਦੀ ਬੁਨਿਆਦ ਸ਼ੁਰੂ ਹੁੰਦੀ ਏ।"

"RA ਦੇ ਇਲਾਜ ਤੋਂ ਪਹਿਲਾਂ ਕੁਝ ਟੈਸਟ ਕੀਤੇ ਜਾਂਦੇ ਨੇ, diagnosis ਪੱਕਾ ਕਰਨ ਲਈ ਅਤੇ ਸਰੀਰ ਦੀ ਸਿਹਤ ਦਾ ਅੰਦਾਜ਼ਾ ਲਾਉਣ ਲਈ:

-CBC, CRP

Ridger functions

ਜਿਗਰ functions

ਐਂਟੀ-CCP (Anti-cyclic citrullinated peptide) X-ray, MRI ਅਤੇ CT scan."

"ਚਲੋ ਇਸ ਦਾ ਇਲਾਜ ਵੀ ਦੱਸ ਦਿਓ।"

"ਆਪਾਂ genetic tendency ਬਾਰੇ ਤਾਂ ਕੁਝ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਨਵੀਂ research ਦੀ ਮਦਦ ਨਾਲ ਇਲਾਜ ਵਿੱਚ ਬਹੁਤ ਅੱਛੀ ਤਰੱਕੀ ਹੋਈ ਏ। ਇਸ ਕਰਕੇ ਪਹਿਲਾਂ ਮਰੀਜ਼ਾਂ ਨੂੰ ਹੱਲਾਸ਼ੇਰੀ ਦੇਵੋ ਕਿ ਉਸ ਦਾ ਇਲਾਜ ਬਹੁਤ ਅੱਛਾ ਹੋ ਸਕਦੈ ਅਤੇ ਸੰਭਵ ਹੈ ਕਿ ਬਿਲਕੁਲ ਛੁਟਕਾਰਾ ਵੀ ਮਿਲ ਜਾਵੇ।

-ਇਹ ਜੀਵਨ ਸ਼ੈਲੀ (life style) ਦੀ ਬਿਮਾਰੀ ਹੈ, ਜੋ ਬਦਲ ਕੇ ਉਸ 'ਤੇ ਕਾਬੂ ਪਾ ਸਕਦੇ ਹੋ।

-ਬਹੁਤ ਦ੍ਰਿੜਤਾ (tons of determination) ਚਾਹੀਦੈ, ਇਹ ਹੌਸਲਾ ਜਾਂ ਨਜ਼ਰੀਆ ਰੱਖੋ ਕਿ ਇਸ ਬਿਮਾਰੀ ਨਾਲ ਟੱਕਰ ਲਾ ਕੇ ਜਿੱਤਣਾ ਹੈ।

-ਇਸ ਵੱਲ ਜਲਦੀ ਤੋਂ ਜਲਦੀ ਪੂਰੀ ਤਵੱਜੋ ਦੇਣ ਦੀ ਜ਼ਰੂਰਤ ਹੈ ਤਾਂ ਕਿ ਜੋੜਾਂ ਨੂੰ permanent damage ਨਾ ਹੋਵੇ ਅਤੇ ਦਰਦ ਤੋਂ ਵੀ ਛੁਟਕਾਰਾ ਮਿਲੇ। ਦੇਖਿਆ ਗਿਐ ਕਿ ਜੇ ਖੁਰਾਕ ਨਾ ਖਾਵੋ ਤਾਂ ਦਰਦ ਨਹੀਂ ਹੁੰਦੀ, ਕਿਉਂਕਿ ਉਹ ਉਕਸਾਉਣ ਵਾਲੇ (triggers) ਸਰੀਰ ਵਿੱਚ ਨਹੀਂ ਗਏ, ਇਸ ਕਰਕੇ intermittent fasting ਦਾ ਬਹੁਤ ਮਹੱਤਵਪੂਰਨ ਰੋਲ ਹੈ, ਉਸ ਵੇਲੇ ਆਪਣੀ ਖੁਰਾਕ ਪਾਚਕ ਨਾਲੀ ਨੂੰ ਮੁਰੰਮਤ ਕਰਨ ਦਾ ਵਕਤ ਮਿਲ ਜਾਂਦੈ ਅਤੇ ਜਰਮਾਂ ਦੀ ਵੀ ਵਿਭਿੰਨਤਾ ਵਧ ਜਾਂਦੀ ਏ

-ਜ਼ਿਆਦਾ ਪਾਣੀ ਪੀਣ ਦੀ ਜ਼ਰੂਰਤ ਹੈ, RA ਮਰੀਜ਼ਾਂ ਨੂੰ

-ਤਕਲੀਫ ਦੇਣ ਵਾਲੀ ਖੁਰਾਕ ਖਾਣੀ ਬਿਲਕੁਲ ਬੰਦ ਕਰੋ, ਜਿਹੜੀ ਖੁਰਾਕ ਬਾਰੇ ਆਪਾਂ ਨੇ ਸ਼ੁਰੂ ਵਿੱਚ ਗੱਲਬਾਤ ਕੀਤੀ ਸੀ

-ਤੁਹਾਡੀ ਖੁਰਾਕ ਹੋਣੀ ਚਾਹੀਦੀ ਹੈ: ਗਲੂਟਨ, nightshade, ਅੰਡੇ ਅਤੇ ਤੇਲ ਤੋਂ ਰਹਿਤ। ਖੁਰਾਕ ਵਿੱਚ ਸ਼ਾਮਲ ਕਰੋ- ਪੱਤੇਦਾਰ ਹਰੀਆਂ ਸਬਜ਼ੀਆਂ, ਦਾਲਾਂ, whole foods ਆਦਿ। ਸ਼ੁਰੂ ਵਿੱਚ ਦੋ ਦਿਨ ਲਈ celery ਤੇ ਖੀਰੇ ਦਾ ਜੂਸ ਅਤੇ ਪਾਣੀ ਹੀ ਪੀਵੋ, ਸਰੀਰ ਨੂੰ detox ਕਰਨ ਲਈ।

(ਕੁਝ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰੋ)

ਉਸ ਤੋਂ ਬਾਅਦ ਜੇ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ- raw plant food ਦੋ ਹਫਤੇ ਲਈ, ਉਸ ਤੋਂ ਬਾਅਦ ਹੌਲੀ ਹੌਲੀ ਦੂਸਰੀ ਖੁਰਾਕ ਰਲਾਈ ਜਾਵੇ, ਜਿਸ ਤਰ੍ਹਾਂ ਚੌਲ, ਹਰਾ ਕੇਲਾ, ਸ਼ਕਰਕੰਦੀ, ਆਲੂ, Quinoa, ਸੇਬ, ਬਰੌਕਲੀ, ਬੈਰੀਜ਼, ਲੈਨਟਲਜ, buck wheat, amaranth, black beans, asparagus, artichokes, ਪਿਆਜ, ਲਸਣ। ਜ਼ਿਆਦਾ ਪੋਟਾਸ਼ੀਅਮ ਵਾਲੀ ਖੁਰਾਕ RA ਲਈ ਅੱਛੀ ਹੈ।

**ਪੋਟਾਸ਼ੀਅਮ ਭਰਪੂਰ ਖਾਣਾ (ਡੱਬੀ ਦੇਖੋ):**

| Food (amount) | Milligrams of potassium | Mill equivalents of potassium |
|---|---|---|
| Acorn squash, cooked (1 cup) | 896 | 23 |
| Potato with skin, baked (1 long) | 844 | 22 |
| Spinach, cooked (1 cup) | 838 | 21 |
| Lentils, cooked (1 cup) | 731 | 19 |
| Kidney beans, cooked (1 cup) | 713 | 18 |
| Split peas, cooked (1 cup) | 710 | 18 |
| White navy beans, cooked (1 cup) | 669 | 17 |
| Butternut squash, cooked (1 cup) | 583 | 15 |
| Watermelon (1/16) | 560 | 14 |

-Papaya, green tea, green smoothies, ਹਲਦੀ

-Cacao powder ਇਸ ਵਿੱਚ ਮੈਗਨੀਸ਼ੀਅਮ, ਪੋਟਾਸ਼ੀਅਮ ਹੁੰਦੈ। ਇਹ ਆਪਣੇ ਚੰਗੇ ਜਰਮਾਂ ਲਈ ਵਧੀਐ।

-ਫਰਮੈਂਟਡ ਖੁਰਾਕ ਜਿਵੇਂ Sauerkrant, Kimchi, Kombucha ਵਗੈਰਾ ਵੱਖਰੀ ਵੱਖਰੀ ਖੁਰਾਕ ਜਿੰਨਾ ਖਾ ਸਕੋ, ਅੱਛੀ ਹੈ। ਜੇ ਅੱਛੀ ਖੁਰਾਕ ਖਾਈਏ, ਬੇਸ਼ਕ vegan ਹੈ, ਬਾਹਰੋਂ ਪ੍ਰੋਟੀਨ ਪਾਊਡਰ ਲੈਣ ਦੀ ਜ਼ਰੂਰਤ ਨਹੀਂ। ਜੇ ਲੈਣਾ ਹੀ ਹੈ ਤਾਂ sunwarrior classic protein (sprouted, fermented-raw veggies super food) ਅੱਛਾ ਹੈ ਜਾਂ ਇਸ ਤਰ੍ਹਾਂ ਦੀ ਕੋਈ ਹੋਰ brand. Whey protein (cow protein) ਨਹੀਂ ਲੈਣਾ ਚਾਹੀਦਾ RA ਮਰੀਜ਼ਾਂ ਨੂੰ।

**ਪ੍ਰੋਟੀਨ ਖੁਰਾਕ ਦੀ ਲਿਸਟ ਇਸ ਤਰ੍ਹਾਂ ਹੈ:**

| Vegan | Diet | Protein |
|---|---|---|
| Lentils | 1 TBS | 1.1 gm |
| Tofu | ½C | 10 gm |
| Hemp | 4 TBS | 12 gm |
| Chia | 1 oz | 5 gm |
| Nuts | ½C | 14 gm |
| Tempeh | ½C | 15 gm |
| Quinoa | ½C | 8 gm |
| Sun flower seed | ½ C | 6 gm |
| Pumpkin seed | ½C | 6 gm |
| Almond bytter | 1 TBS | 3.4 gm |
| Almond | 1 oz | 6 gm |
| Humus | 1 TBS | 1.2 gm |
| Urad Dal | 1 C | 15 gm |
| Green Moong | 1 C | 14 gm |
| Bhuna Chana | 100 gm | 22 gm |

ਸਪਲੀਮੈਂਟ: 1. ਵਿਟਾਮਿਨ 'ਡੀ'

2. ਓਮੇਗਾ3 - ਮੈਗਾ ਓਮੇਗਾ

ਜੇ ਬਾਕੀ ਸਭ ਮਦਦ ਪੂਰੀ ਤਰ੍ਹਾਂ ਨਾ ਕਰੇ ਤਾਂ Boswellia ਜਾਂ MSM (methylsulfonyl methane) ਫਾਇਦੇਮੰਦ ਹਨ।"

"ਦੀਦੀ, ਖੁਰਾਕ ਦੀ ਹਜ਼ਮ ਸਿਸਟਮ ਨੂੰ ਕਿਵੇਂ ਮੁੜ ਕੇ ਪਟੜੀ 'ਤੇ ਲਿਆਉਣੈ?"

"ਖੁਰਾਕ ਤੋਂ ਬਾਅਦ, ਇਸ ਵਿਸ਼ੇ 'ਤੇ ਬਹੁਤ ਹੀ

⇒ ਬਾਕੀ ਸਫਾ 23 ਉਤੇ ਪੜ੍ਹੋ

*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਪਾਕਿਸਤਾਨ ਹਾਕੀ ਦੇ ਲਿਵਿੰਗ ਲੀਜੈਂਡ ਸਮੀਉੱਲਾ ਦੇ ਖੇਡ ਕਰੀਅਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਪਾਕਿਸਤਾਨ ਹਾਕੀ ਦੇ ਸਿਤਾਰਿਆਂ ਵਿੱਚੋਂ ਉਸ ਦਾ ਸਿਖਰਲਾ ਨਾਂ ਹੈ, ਜਿਸ ਨੇ ਇੱਕ ਦਹਾਕਾ ਵਿਸ਼ਵ ਹਾਕੀ ਵਿੱਚ ਆਪਣੀ ਧਾਕ ਜਮਾਈ ਰੱਖੀ। ਉਸ ਨੇ ਪਾਕਿਸਤਾਨ ਲਈ 155 ਕੌਮਾਂਤਰੀ ਮੈਚ ਖੇਡੇ। ਪਾਕਿਸਤਾਨ ਸਰਕਾਰ ਨੇ ਸਮੀ ਨੂੰ 'ਪ੍ਰਾਈਡ ਆਫ਼ ਪਰਫ਼ਾਰਮੈਂਸ' ਅਤੇ 'ਸਿਤਾਰ-ਆਈ-ਇਮਤਿਆਜ਼' ਦੇ ਵੱਕਾਰੀ ਪੁਰਸਕਾਰਾਂ ਨਾਲ ਵੀ ਸਨਮਾਨਿਆ। ਪੰਜਾਬੀ ਖਿਡਾਰੀਆਂ ਨਾਲ ਉਸ ਦੀ ਬਹੁਤ ਬਣਦੀ ਸੀ; ਪਰ ਆਪਣੇ ਅਸੂਲਾਂ ਕਰਕੇ ਪਾਕਿਸਤਾਨ ਹਾਕੀ ਫੈਡਰੇਸ਼ਨ ਨਾਲ ਉਸ ਦਾ ਟਕਰਾਅ ਵੀ ਹੁੰਦਾ ਰਿਹਾ, ਜਿਸ ਕਾਰਨ ਉਸ ਦੇ ਫੈਡਰੇਸ਼ਨ ਨਾਲ ਸਬੰਧ ਸੁਖਾਵੇਂ ਨਾ ਰਹੇ।*

# ਪਾਕਿਸਤਾਨ ਹਾਕੀ ਦਾ 'ਉੱਡਣਾ ਘੋੜਾ'

# ਸਮੀਉੱਲਾ ਖਾਨ

**ਖਿਡਾਰੀ ਪੰਜ-ਆਬ ਦੇ (27)**

**ਨਵਦੀਪ ਸਿੰਘ ਗਿੱਲ**
ਫੋਨ: +91-9780036216







(ਖੱਬੇ) ਸਮੀਉੱਲਾ ਆਪਣੀ ਪੁਰਾਣੀ ਹਾਕੀ ਪ੍ਰਦਰਸ਼ਿਤ ਕਰਦੇ ਹੋਏ, ਜਿਸ ਨੂੰ ਉਨ੍ਹਾਂ ਯਾਦਗਾਰ ਵਜੋਂ ਸਾਂਭ ਕੇ ਰੱਖਿਆ ਅਤੇ (ਉਪਰ) ਜਵਾਨੀ ਵੇਲੇ

ਵਿਸ਼ਵ ਹਾਕੀ ਵਿੱਚ ਭਾਰਤ ਤੇ ਪਾਕਿਸਤਾਨ ਨੇ ਲੰਬਾ ਸਮਾਂ ਰਾਜ ਕੀਤਾ ਹੈ। ਦੋਹਾਂ ਮੁਲਕਾਂ ਦੀ ਚੜ੍ਹਾਈ ਵਿੱਚ ਦੋਵੇਂ ਪੰਜਾਬਾਂ ਦਾ ਵੱਡਾ ਯੋਗਦਾਨ ਰਿਹਾ ਹੈ। ਚੜ੍ਹਦੇ ਪੰਜਾਬ ਦੀ ਬਦਲੌਤ ਭਾਰਤ ਅਤੇ ਲਹਿੰਦੇ ਪੰਜਾਬ ਦੇ ਸਿਰ ਉਤੇ ਪਾਕਿਸਤਾਨ ਨੇ ਆਲਮੀ ਹਾਕੀ ਉਤੇ ਸਰਦਾਰੀ ਕਾਇਮ ਕੀਤੀ। ਦੋਹਾਂ ਪੰਜਾਬਾਂ ਨੇ ਅਜਿਹੇ ਖਿਡਾਰੀ ਵੀ ਪੈਦਾ ਕੀਤੇ, ਜਿਹੜੇ ਵਿਸ਼ਵ ਦੇ ਅੱਵਲਤਰੀਨ ਖਿਡਾਰੀਆਂ ਦੀ ਸੂਚੀ ਵਿੱਚ ਸ਼ੁਮਾਰ ਹਨ। ਅਜਿਹਾ ਹੀ ਇੱਕ ਪਾਕਿਸਤਾਨ ਦੇ ਲਹਿੰਦੇ ਪੰਜਾਬ ਦਾ ਸਮੀਉੱਲਾ ਖ਼ਾਨ ਹੋਇਆ ਹੈ, ਜਿਸ ਨੂੰ ਦੁਨੀਆਂ 'ਫਲਾਇੰਗ ਹੌਰਸ' (ਉੱਡਣਾ ਘੋੜਾ) ਦੇ ਨਾਂ ਨਾਲ ਜਾਣਦੀ ਹੈ। ਪਾਕਿਸਤਾਨ ਹਾਕੀ ਦੇ ਸਿਤਾਰਿਆਂ ਵਿੱਚੋਂ ਸਮੀਉੱਲਾ ਸਿਖਰਲਾ ਨਾਂ ਹੈ, ਜਿਸ ਨੇ ਇੱਕ ਦਹਾਕਾ ਵਿਸ਼ਵ ਹਾਕੀ ਵਿੱਚ ਆਪਣੀ ਧਾਕ ਜਮਾਈ ਰੱਖੀ। ਸੀਮਉੱਲਾ ਨੇ ਆਪਣੇ ਸ਼ਾਨਾਂਮੱਤੇ ਖੇਡ ਕਰੀਅਰ ਵਿੱਚ ਪਾਕਿਸਤਾਨ ਲਈ ਦੋ ਵਾਰ ਵਿਸ਼ਵ ਕੱਪ, ਤਿੰਨ ਵਾਰ ਏਸ਼ਿਆਈ ਖੇਡਾਂ ਤੇ ਇੱਕ ਵਾਰ ਚੈਂਪੀਅਨਜ਼ ਟਰਾਫੀ ਵਿੱਚ ਸੋਨ ਤਮਗ਼ਾ ਅਤੇ ਓਲੰਪਿਕ ਖੇਡਾਂ ਵਿੱਚ ਇੱਕ ਕਾਂਸੀ ਦਾ ਤਮਗ਼ਾ ਤੇ ਵਿਸ਼ਵ ਕੱਪ ਵਿੱਚ ਇੱਕ ਚਾਂਦੀ ਦਾ ਤਮਗ਼ਾ ਜਿੱਤਿਆ। ਪਾਕਿਸਤਾਨ ਹਾਕੀ ਦਾ ਇਹ ਕਪਤਾਨ ਗੇਂਦ ਨੂੰ ਲੈ ਕੇ ਤੇਜ਼ ਦੌੜਨ, ਜ਼ਬਰਦਸਤ ਡਰਿਬਲਿੰਗ ਸਕਿੱਲ ਅਤੇ ਸ਼ਾਨਦਾਰ ਪਾਸ ਦੇਣ ਲਈ ਜਾਣਿਆ ਜਾਂਦਾ ਸੀ। ਸਮੀਉੱਲਾ ਨੇ ਪਾਕਿਸਤਾਨ ਲਈ 155 ਕੌਮਾਂਤਰੀ ਮੈਚ ਖੇਡੇ ਅਤੇ 68 ਗੋਲ ਵੀ ਕੀਤੇ। ਪਾਕਿਸਤਾਨ ਸਰਕਾਰ ਨੇ ਆਪਣੇ ਇਸ ਮਾਣਮੱਤੇ ਖਿਡਾਰੀ ਨੂੰ 'ਪ੍ਰਾਈਡ ਆਫ਼ ਪਰਫ਼ਾਰਮੈਂਸ' ਅਤੇ 'ਸਿਤਾਰ-ਆਈ-ਇਮਤਿਆਜ਼' ਦੇ ਵੱਕਾਰੀ ਪੁਰਸਕਾਰਾਂ ਨਾਲ ਵੀ ਸਨਮਾਨਿਆ।

ਸਮੀਉੱਲਾ ਖਾਨ ਦਾ ਜਨਮ 6 ਸਤੰਬਰ 1951 ਨੂੰ ਪਾਕਿਸਤਾਨ ਵਿਚਲੇ ਪੰਜਾਬ ਸੂਬੇ ਦੇ ਬਹਾਵਲਪੁਰ ਸ਼ਹਿਰ ਵਿੱਚ ਹੋਇਆ। ਸਮੀਉੱਲਾ ਦੇ ਪਿਤਾ ਸਰਕਾਰੀ ਨੌਕਰੀ ਕਰਦੇ ਸਨ, ਜਦੋਂ ਕਿ ਉਸ ਦੇ ਚਾਚਾ ਮੋਤੀਉੱਲਾ ਖਾਨ ਪਾਕਿਸਤਾਨ ਹਾਕੀ ਦੇ ਵੱਡੇ ਖਿਡਾਰੀ ਸਨ, ਜਿਨ੍ਹਾਂ ਨੇ ਲਗਾਤਾਰ ਤਿੰਨ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਅਤੇ 1960 ਵਿੱਚ ਰੋਮ ਵਿਖੇ ਸੋਨ ਤਮਗ਼ਾ ਤੇ 1956 ਵਿੱਚ ਮੈਲਬਰਨ ਅਤੇ 1964 ਵਿੱਚ ਟੋਕੀਓ ਵਿਖੇ ਚਾਂਦੀ ਦਾ ਤਮਗ਼ਾ ਜਿੱਤਿਆ। 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਵਿੱਚ ਵੀ ਸੋਨ ਤਮਗ਼ਾ ਜਿੱਤਿਆ। ਸਮੀਉੱਲਾ ਹੁਰੀਂ ਸੱਤ ਭੈਣ-ਭਰਾ ਸਨ, ਜਿਨ੍ਹਾਂ ਵਿੱਚੋਂ ਇੱਕ ਭਰਾ ਦੀ ਬਚਪਨ ਵਿੱਚ ਮੌਤ ਹੋ ਗਈ ਸੀ। ਪਰਿਵਾਰ ਦੀ ਖੇਡ ਵਿਰਾਸਤ ਨੂੰ ਅੱਗੇ ਤੋਰਦਿਆਂ ਸਮੀਉੱਲਾ ਹੁਰੀਂ ਚਾਰ ਭਰਾਵਾਂ ਵਿੱਚੋਂ ਤਿੰਨ ਭਰਾ ਪਾਕਿਸਤਾਨ ਹਾਕੀ ਲਈ ਖੇਡੇ। ਸਮੀਉੱਲਾ ਤੋਂ ਛੋਟਾ ਕਲੀਮਉੱਲਾ ਖਾਨ ਵੀ ਪਾਕਿਸਤਾਨ ਹਾਕੀ ਦਾ ਵੱਡਾ ਖਿਡਾਰੀ ਹੋਇਆ, ਜਿਸ ਨੇ 1984 ਵਿੱਚ ਲਾਸ ਏਂਜਲਸ ਓਲੰਪਿਕ ਖੇਡਾਂ 'ਚ ਸੋਨ ਤਮਗ਼ਾ, 1982 'ਚ ਵਿਸ਼ਵ ਕੱਪ ਅਤੇ ਏਸ਼ਿਆਈ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ ਹੈ।

ਸਮੀ ਛੋਟੇ ਨਾਂ ਨਾਲ ਪੁਕਾਰੇ ਜਾਂਦੇ ਸਮੀਉੱਲਾ ਨੇ ਆਪਣੇ ਚਾਚੇ ਮੋਤੀਉੱਲਾ ਨੂੰ ਹਾਕੀ ਖੇਡਦਿਆਂ ਦੇਖ ਕੇ ਹਾਕੀ ਸਟਿੱਕ ਫੜ ਲਈ। ਉਹ ਪੜ੍ਹਾਈ ਅਤੇ ਖੇਡਾਂ- ਦੋਹਾਂ ਵਿੱਚ ਹੀ ਹੁਸ਼ਿਆਰ ਸੀ। ਸਰਕਾਰੀ ਸਾਦਿਕ ਈਗਰਟੈਨ ਕਾਲਜ ਬਹਾਵਲਪੁਰ ਤੇ ਸਰਕਾਰੀ ਇਸਲਾਮੀਆ ਕਾਲਜ ਲਾਹੌਰ ਤੋਂ ਉੱਚ ਸਿੱਖਿਆ ਹਾਸਲ ਕੀਤੀ। ਬੀ.ਐਸਸੀ. ਪਾਸ ਸਮੀਉੱਲਾ ਵੀਰ ਵਰ੍ਹਿਆਂ ਦੀ ਉਮਰੇ 1971 ਵਿੱਚ ਪਾਕਿਸਤਾਨ ਹਾਕੀ ਟੀਮ ਵਿੱਚ ਬਤੌਰ ਅਬਜ਼ਰਵਰ ਚੁਣਿਆ ਗਿਆ, ਪਰ ਹਾਲੇ ਉਹ ਕੌਮੀ ਟੀਮ ਦਾ ਪੱਕਾ ਖਿਡਾਰੀ ਨਹੀਂ ਬਣਿਆ ਸੀ। 1972 ਵਿੱਚ ਉਹ ਟੀਮ ਦੇ ਅੰਦਰ-ਬਾਹਰ ਹੁੰਦਾ ਰਿਹਾ। 1972 ਵਿੱਚ ਮਿਊਨਿਖ ਓਲੰਪਿਕ ਖੇਡਾਂ ਦੇ ਫ਼ਾਈਨਲ ਵਿੱਚ ਅਜਿਹੀ ਘਟਨਾ ਵਾਪਰੀ ਕਿ ਪਾਕਿਸਤਾਨ ਹਾਕੀ ਟੀਮ ਪੂਰੀ ਹੀ ਬਦਲਣੀ ਪਈ, ਜਿਸ ਨਾਲ ਸਮੀਉੱਲਾ ਖਾਨ ਟੀਮ ਦਾ ਪੱਕਾ ਖਿਡਾਰੀ ਬਣ ਗਿਆ। ਮਿਊਨਿਖ ਓਲੰਪਿਕਸ ਦੇ ਫ਼ਾਈਨਲ ਵਿੱਚ ਪਾਕਿਸਤਾਨ ਨੂੰ ਪੱਛਮੀ ਜਰਮਨੀ ਹੱਥੋਂ ਹਾਰ ਮਿਲੀ, ਜਿਸ ਕਾਰਨ 1920 ਤੋਂ ਬਾਅਦ ਪਹਿਲੀ ਵਾਰ ਪਾਕਿਸਤਾਨ ਜਾਂ ਭਾਰਤ ਨੂੰ ਛੱਡ ਕੇ ਕੋਈ ਨਵਾਂ ਮੁਲਕ ਓਲੰਪਿਕ ਚੈਂਪੀਅਨ ਬਣਿਆ। ਉਸ ਵੇਲੇ ਪਾਕਿਸਤਾਨ 1968 ਮੈਕਸੀਕੋ ਓਲੰਪਿਕ ਖੇਡਾਂ ਤੇ 1971 ਵਿੱਚ ਹੋਏ ਪਹਿਲੇ ਵਿਸ਼ਵ ਕੱਪ ਦਾ ਜੇਤੂ ਸੀ ਅਤੇ ਪਾਕਿਸਤਾਨੀ ਖਿਡਾਰੀਆਂ ਨੇ ਮੇਜ਼ਬਾਨ ਜਰਮਨੀ ਟੀਮ ਦੇ ਹੱਕ ਵਿੱਚ ਕੀਤੀ ਅੰਪਾਇਰਿੰਗ ਦੇ ਵਿਰੋਧ ਵਿੱਚ ਤਮਗ਼ਾ ਸੈਰੇਮਨੀ ਦੌਰਾਨ ਗਲਿਆਂ ਵਿੱਚ ਤਮਗ਼ੇ ਨਹੀਂ ਪਾਏ, ਸਗੋਂ ਕੁਝ ਖਿਡਾਰੀਆਂ ਨੇ ਪੈਰਾਂ ਵਿੱਚ ਤਮਗ਼ਾ ਪਾ ਕੇ ਸਖਤ ਵਿਰੋਧ ਦਰਜ ਕਰਵਾਇਆ। ਕੌਮਾਂਤਰੀ ਹਾਕੀ ਫੈਡਰੇਸ਼ਨ ਵੱਲੋਂ ਇਸ ਵਿਹਾਰ ਕਾਰਨ 13 ਪਾਕਿਸਤਾਨੀ ਖਿਡਾਰੀਆਂ ਅਤੇ ਮੈਨੇਜਰ ਉਤੇ ਇੱਕ ਸਾਲ ਲਈ ਪਾਬੰਦੀ ਲਗਾ ਦਿੱਤੀ ਸੀ, ਜਿਸ ਕਾਰਨ 1972 ਵਿੱਚ ਪੂਰੀ ਪਾਕਿਸਤਾਨ ਟੀਮ ਬਦਲਣੀ ਪਈ।

1972 ਵਿੱਚ ਸਮੀਉੱਲਾ ਪਾਕਿਸਤਾਨ ਹਾਕੀ ਦਾ ਪੱਕਾ ਖਿਡਾਰੀ ਬਣ ਗਿਆ। ਉਹ ਫਾਰਵਰਡ ਲਾਈਨ ਵਿੱਚ ਲੈਫ਼ਟ ਇਨ ਖੇਡਦਾ ਸੀ, ਪਰ ਉਸ ਦੀ ਸਪੀਡ, ਬਿਹਤਰ ਪਾਸ ਦੇਣ ਦੀ ਕਲਾ ਅਤੇ ਬਾਲ ਕੰਟਰੋਲ ਨੂੰ ਦੇਖਦਿਆਂ ਉਸ ਨੂੰ ਸ਼ਾਹਨਾਜ਼ ਸ਼ੇਖ ਦੀ ਥਾਂ ਲੈਫਟ ਆਊਟ ਦੀ ਪੁਜੀਸ਼ਨ ਉਤੇ ਖਿਡਾਉਣਾ ਸ਼ੁਰੂ ਕੀਤਾ। 1973 ਵਿਸ਼ਵ ਕੱਪ ਵਿੱਚ ਪਾਕਿਸਤਾਨ ਟੀਮ ਨਵੇਂ ਖਿਡਾਰੀਆਂ ਨਾਲ ਉਤਰੀ ਅਤੇ ਫੇਰ ਵੀ ਚੰਗਾ ਪ੍ਰਦਰਸ਼ਨ ਕਰਦਿਆਂ ਸੈਮੀ ਫ਼ਾਈਨਲ ਤੱਕ ਪੁੱਜੀ। ਟੀਮ ਵਿੱਚ ਸਿਰਫ ਤਜ਼ਰਬੇਕਾਰ ਖਿਡਾਰੀ ਤਨਵੀਰ ਦਾਰ ਹੀ ਸੀ, ਜੋ ਕਿ 1972 ਮਿਊਨਿਖ ਓਲੰਪਿਕਸ ਦੌਰਾਨ ਸੱਟ ਲੱਗਣ ਕਾਰਨ ਫ਼ਾਈਨਲ ਨਹੀਂ ਖੇਡਿਆ ਸੀ ਅਤੇ ਪਾਬੰਦੀ ਤੋਂ ਬਚ ਗਿਆ ਸੀ। ਪਾਕਿਸਤਾਨੀ ਟੀਮ ਸੈਮੀ ਫ਼ਾਈਨਲ ਵਿੱਚ ਭਾਰਤ ਅਤੇ ਕਾਂਸੀ ਦੇ ਤਮਗ਼ੇ ਦੇ ਮੈਚ ਵਿੱਚ ਪੱਛਮੀ ਜਰਮਨੀ ਹੱਥੋਂ ਇੱਕ ਗੋਲ ਨਾਲ ਹਾਰਨ ਕਰਕੇ ਚੌਥੇ ਸਥਾਨ ਉਤੇ ਰਹਿ ਗਿਆ। ਨਵੇਂ ਖਿਡਾਰੀਆਂ ਨਾਲ ਉਤਰੀ ਪਾਕਿਸਤਾਨ ਟੀਮ ਦੀ ਇਹ ਵੱਡੀ ਪ੍ਰਾਪਤੀ ਸੀ, ਜਿਸ ਨੇ ਭਵਿੱਖ ਦੀਆਂ ਵੱਡੀਆਂ ਜਿੱਤਾਂ ਦਾ ਮੁੱਢ ਬੱਝਿਆ। ਉਧਰ ਸਮੀਉੱਲਾ ਵੀ ਟੀਮ ਦਾ ਅਹਿਮ ਖਿਡਾਰੀ ਬਣ ਗਿਆ, ਜਿਹੜਾ ਲੈਫਟ ਆਊਟ ਦੀ ਪੁਜੀਸ਼ਨ ਉਤੇ ਅਜਿਹਾ ਜੰਮਿਆ ਕਿ ਫੇਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਇੱਕ ਦਹਾਕਾ ਉਹ ਪਾਕਿਸਤਾਨ ਟੀਮ ਦੀ ਰੂਹ-ਏ-ਰਵਾਂ ਰਿਹਾ। ਇਹ ਇੱਕ ਦਹਾਕਾ ਪਾਕਿਸਤਾਨ ਹਾਕੀ ਦਾ ਸੁਨਹਿਰੀ ਸਮਾਂ ਸੀ, ਜਦੋਂ ਉਸ ਨੇ ਹਾਕੀ ਦਾ ਹਰ ਵੱਡਾ ਮੁਕਾਬਲਾ ਜਿੱਤਿਆ।

1974 ਵਿੱਚ ਤਹਿਰਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਨੇ ਸੋਨ ਤਮਗ਼ਾ ਜਿੱਤਿਆ। ਪਾਕਿਸਤਾਨ ਨੇ ਫ਼ਾਈਨਲ ਵਿੱਚ ਭਾਰਤ ਨੂੰ 2-0 ਨਾਲ ਹਰਾਇਆ। 1975 ਵਿੱਚ ਕੁਆਲਾ ਲੰਪੁਰ ਵਿਖੇ ਤੀਜਾ ਵਿਸ਼ਵ ਕੱਪ ਖੇਡਿਆ ਗਿਆ। ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਇੱਕ ਦਹਾਕੇ ਬਾਅਦ ਵਿਸ਼ਵ ਦੇ ਵੱਡੇ ਮੁਕਾਬਲੇ ਦੇ ਫ਼ਾਈਨਲ ਵਿੱਚ ਪੁੱਜੀਆਂ। ਇਸ ਤੋਂ ਪਹਿਲਾਂ ਦੋਹਾਂ ਮੁਲਕਾਂ ਵਿਚਕਾਰ 1964 ਦੀਆਂ ਟੋਕੀਓ ਓਲੰਪਿਕ ਖੇਡਾਂ ਦਾ ਫ਼ਾਈਨਲ ਖੇਡਿਆ ਗਿਆ ਸੀ। ਫ਼ਸਵੇਂ ਫ਼ਾਈਨਲ ਮੁਕਾਬਲੇ ਵਿੱਚ ਅਜੀਤ ਪਾਲ ਸਿੰਘ ਕਪਤਾਨੀ ਹੇਠ ਭਾਰਤ ਨੇ 2-1 ਨਾਲ ਜਿੱਤ ਹਾਸਲ ਕਰਕੇ ਪਲੇਠਾ ਵਿਸ਼ਵ ਕੱਪ ਜਿੱਤਿਆ। ਪਾਕਿਸਤਾਨ ਨੇ ਚਾਂਦੀ ਦਾ ਕੱਪ ਜਿੱਤਿਆ। ਫ਼ਾਈਨਲ ਮੈਚ ਵਿੱਚ ਸਮੀਉੱਲਾ ਦੇ 15ਵੇਂ ਮਿੰਟ ਵਿੱਚ ਮੋਢੇ ਉਤੇ ਸੱਟ ਲੱਗਣ ਕਾਰਨ ਬਾਹਰ ਬੈਠਣਾ ਪਿਆ। ਸਮੀਉੱਲਾ ਦੱਸਦਾ ਹੈ ਕਿ ਭਾਰਤੀ ਮਿਡਫੀਲਡਰ ਵਰਿੰਦਰ ਸਿੰਘ ਵੱਲੋਂ ਬੌਡੀ ਡੌਜ਼ ਦਿੱਤੇ ਜਾਣ ਕਾਰਨ ਉਸ ਦੇ ਸੱਟ ਲੱਗੀ ਸੀ, ਪਰ ਇਸ ਸੱਟ ਲਈ ਵਰਿੰਦਰ ਦਾ ਕੋਈ ਕਸੂਰ ਨਹੀਂ, ਕਿਉਂਕਿ ਉਸ ਨੇ ਜਾਣ-ਬੁੱਝ ਕੇ ਸੱਟ ਨਹੀਂ ਮਾਰੀ ਸੀ। ਫ਼ਾਈਨਲ ਤੋਂ ਪਹਿਲਾਂ ਵਿਸ਼ਵ ਕੱਪ ਵਿੱਚ ਸਮੀਉੱਲਾ ਦੀ ਖੇਡ ਬਹੁਤ ਸਲਾਹੀ ਗਈ ਸੀ, ਖਾਸ ਕਰਕੇ ਸੈਮੀ ਫ਼ਾਈਨਲ ਮੈਚ ਵਿੱਚ। ਸਮੀਉੱਲਾ ਨੂੰ ਇਸੇ ਵਿਸ਼ਵ ਕੱਪ ਵਿੱਚ 'ਫਲਾਇੰਗ ਹੌਰਸ' ਦਾ ਖਿਤਾਬ ਮਿਲਿਆ। ਵਿਸ਼ਵ ਕੱਪ ਦੇ ਸੈਮੀ ਫ਼ਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਨੇ ਪੱਛਮੀ ਜਰਮਨੀ ਨੂੰ 5-1 ਨਾਲ ਦਰੜ ਕੇ 1972 ਮਿਊਨਿਖ ਓਲੰਪਿਕ ਦੀ ਫ਼ਾਈਨਲ ਦੇ ਅੱਲ੍ਹੇ ਜ਼ਖ਼ਮਾਂ ਉਤੇ ਮੱਲ੍ਹਮ ਲਾਈ। ਸਮੀਉੱਲਾ ਨੇ ਜਿੱਥੇ ਇੱਕ ਗੋਲ ਕੀਤਾ, ਉਥੇ ਬਾਕੀ ਗੋਲਾਂ ਵਿੱਚ ਸਾਥੀ ਖਿਡਾਰੀਆਂ ਦੀ ਮੱਦਦ ਕੀਤੀ। ਸਮੀਉੱਲਾ ਪੂਰੇ ਮੈਚ ਵਿੱਚ ਛਾਇਆ ਰਿਹਾ। ਮੈਚ ਉਪਰੰਤ ਜਰਮਨੀ ਕੋਚ ਨੇ ਆਖਿਆ ਕਿ ਸਮੀਉੱਲਾ ਉੱਡਣਾ ਘੋੜਾ ਸੀ, ਜਿਸ ਨੇ ਉਨ੍ਹਾਂ ਦੀ ਟੀਮ ਤਬਾਹ ਕਰ ਦਿੱਤੀ। ਅਗਲੀ ਸਵੇਰ ਅਖਬਾਰਾਂ ਵਿੱਚ 'ਫਲਾਇੰਗ ਹੌਰਸ' ਦੇ ਸਿਰਲੇਖ ਹੇਠ ਸਮੀਉੱਲਾ ਦੀਆਂ ਖਬਰਾਂ ਲੱਗੀਆਂ ਅਤੇ ਅਖ਼ਤਰ ਰਸੂਲ ਸਮੀਉੱਲਾ ਕੋਲ ਅਖਬਾਰ ਦੀ ਕਾਪੀ ਲੈ ਕੇ ਗਿਆ। ਇਸ ਤੋਂ ਬਾਅਦ ਸਮੀਉੱਲਾ ਦੇ ਨਾਂ ਨਾਲ 'ਫਲਾਇੰਗ ਹੌਰਸ' ਪੱਕਾ ਜੁੜ ਗਿਆ।

ਵਿਸ਼ਵ ਕੱਪ ਤੋਂ ਬਾਅਦ ਅਗਲੇ ਸਾਲ 1976 ਵਿੱਚ ਮਾਂਟਰੀਅਲ ਵਿਖੇ ਓਲੰਪਿਕ ਖੇਡਾਂ ਦੌਰਾਨ ਪਹਿਲੀ ਵਾਰ ਹਾਕੀ ਮੁਕਾਬਲੇ ਘਾਹ ਦੇ ਰਵਾਇਤੀ ਮੈਦਾਨ ਦੀ ਬਜਾਏ ਐਸਟੋਟਰਫ (ਮਸਨੂਈ ਘਾਹ) ਉਪਰ ਖੇਡੇ ਗਏ। 1928 ਤੋਂ 1972 ਤੱਕ ਲਗਾਤਾਰ 10 ਓਲੰਪਿਕ ਖੇਡਾਂ ਵਿੱਚ ਤਮਗ਼ਾ ਜਿੱਤਣ ਵਾਲੀ ਭਾਰਤੀ ਟੀਮ ਮਾੜੀ ਗੋਲ ਔਸਤ ਕਾਰਨ ਲੀਗ ਸਟੇਜ ਵਿੱਚੋਂ ਹੀ ਬਾਹਰ ਹੋ ਗਈ। ਦੂਜੇ ਗਰੁੱਪ ਵਿੱਚੋਂ ਪਾਕਿਸਤਾਨ ਨੇ ਸਿਖਰਲਾ ਸਥਾਨ ਮੱਲਦਿਆਂ ਸੈਮੀ ਫ਼ਾਈਨਲ ਵਿੱਚ ਦਾਖਲਾ ਪਾਇਆ। ਸੈਮੀ ਫ਼ਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਟੀਮ ਪਹਿਲੇ ਮਿੰਟ ਵਿੱਚ ਅਖ਼ਤਰ ਰਸੂਲ ਦੇ ਗੋਲ ਨਾਲ ਹਾਸਲ ਕੀਤੀ ਲੀਡ ਤੋਂ ਬਾਅਦ 1-2 ਨਾਲ ਹਾਰ ਗਈ। ਪਾਕਿਸਤਾਨ ਟੀਮ ਲਈ ਇਹ ਵੱਡਾ ਝਟਕਾ ਹੈ। ਉਸ ਵੇਲੇ ਪਾਕਿਸਤਾਨ ਸਰਕਾਰ ਨੇ ਟੀਮ ਦਾ ਮਨੋਬਲ ਵਧਾਉਣ ਲਈ ਟੀਮ ਪ੍ਰਬੰਧਕਾਂ ਨੂੰ ਆਖਿਆ ਕਿ ਪਾਕਿਸਤਾਨ ਟੀਮ ਨੂੰ ਰਾਤ ਦੇ ਖਾਣੇ ਉਤੇ ਕਿਸੇ ਹੋਟਲ ਲਿਜਾਇਆ ਜਾਵੇ। ਪ੍ਰਤੀ ਖਿਡਾਰੀ 40-40 ਡਾਲਰ ਦਿੱਤੇ ਗਏ। ਪਾਕਿਸਤਾਨ ਹਕੂਮਤ ਕਿਸੇ ਵੀ ਕੀਮਤ ਉਤੇ ਕਾਂਸੀ ਦਾ ਤਮਗ਼ਾ ਨਹੀਂ ਗਵਾਉਣਾ ਚਾਹੁੰਦੀ ਸੀ, ਜਿਸ ਕਾਰਨ ਉਹ ਖਿਡਾਰੀਆਂ ਦੇ ਹੌਸਲੇ ਬੁਲੰਦ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ। ਪਾਕਿਸਤਾਨ ਟੀਮ ਨੇ ਇਸ ਹਾਰ ਤੋਂ ਉਭਰਦਿਆਂ ਕਾਂਸੀ ਦੇ ਤਮਗ਼ੇ ਵਾਲੇ ਮੈਚ ਵਿੱਚ ਹਾਲੈਂਡ ਨੂੰ 3-2 ਨਾਲ ਹਰਾ ਕੇ ਏਸ਼ੀਅਨ ਟੀਮਾਂ ਦੀ ਲਾਜ ਰੱਖੀ। ਮਾਂਟਰੀਅਲ ਵਿਖੇ ਸੋਨ ਤਮਗ਼ਾ ਜਿੱਤਣ ਵਾਲੀ ਨਿਊਜ਼ੀਲੈਂਡ ਟੀਮ ਨੂੰ ਪਾਕਿਸਤਾਨ ਨੇ ਲੀਗ ਸਟੇਜ ਵਿੱਚ 5-2 ਨਾਲ ਹਰਾਇਆ ਸੀ। ਸਮੀਉੱਲਾ ਦਾ ਇਹ ਪਹਿਲਾ ਓਲੰਪਿਕਸ ਤਮਗ਼ਾ ਸੀ।

1978 ਵਿੱਚ ਬਿਊਨਸ ਆਇਰਸ ਵਿਖੇ ਖੇਡੇ ਗਏ ਵਿਸ਼ਵ ਕੱਪ ਵਿੱਚ ਪਾਕਿਸਤਾਨ ਟੀਮ ਪੂਰੇ ਸ਼ਬਾਬ ਉਤੇ ਸੀ। ਸਮੀਉੱਲਾ, ਅਖ਼ਤਰ ਰਸੂਲ, ਮਨਜ਼ੂਰ ਹੁਸੈਨ (ਜੂਨੀਅਰ), ਸਈਅਦ ਅਨਵਰ, ਇਸਲਾਹੂਦੀਨ, ਸ਼ਾਹਨਾਜ਼ ਸ਼ੇਖ, ਹਨੀਫ਼ ਖ਼ਾਨ ਜਿਹੇ ਖਿਡਾਰੀਆਂ ਨਾਲ ਸਜੀ ਪਾਕਿਸਤਾਨ ਟੀਮ ਅੱਗੇ ਕੋਈ ਟੀਮ ਨਹੀਂ ਟਿਕੀ। ਗਰੁੱਪ ਸਟੇਜ ਵਿੱਚ ਪਾਕਿਸਤਾਨ ਨੇ ਖੇਡੇ ਸਾਰੇ ਛੇ ਲੀਗ ਮੈਚ ਜਿੱਤੇ। ਸੈਮੀ ਫ਼ਾਈਨਲ ਵਿੱਚ ਪੱਛਮੀ ਜਰਮਨੀ ਨੂੰ ਵਾਧੂ ਸਮੇਂ ਵਿੱਚ ਗਏ ਮੈਚ ਵਿੱਚ 1-0 ਨਾਲ ਪਛਾੜਿਆ। ਮਿਊਨਿਖ ਓਲੰਪਿਕਸ ਤੋਂ ਬਾਅਦ ਜਰਮਨੀ ਦੀ ਟੀਮ ਨਾਲ ਮੈਚ ਵੀ ਪਾਕਿਸਤਾਨ ਦੀ ਟੀਮ ਭਾਰਤ ਵਾਲੇ ਮੈਚਾਂ ਵਾਂਗ ਖੇਡਦੀ ਸੀ। ਫ਼ਾਈਨਲ ਵਿੱਚ ਪਾਕਿਸਤਾਨ ਨੇ ਹਾਲੈਂਡ ਨੂੰ 3-2 ਨਾਲ ਹਰਾ ਕੇ ਸੱਤ ਵਰ੍ਹਿਆਂ ਬਾਅਦ ਵਿਸ਼ਵ ਕੱਪ ਜਿੱਤ ਲਿਆ। ਆਲਮੀ ਹਾਕੀ ਵਿੱਚ ਪਾਕਿਸਤਾਨ ਉਸ ਵੇਲੇ ਸਭ



■ ਪਾਕਿਸਤਾਨ ਦਾ ਸੈਂਟਰ ਫਾਰਵਰਡ ਤੇ ਕਪਤਾਨ ਇਸਲਾਹੂਦੀਨ ਸਿੱਦੀਕੀ ਗੋਲ ਲਈ ਜਾ ਰਿਹਾ ਹੈ। ਲੈਫਟ ਆਊਟ ਸਮੀਉੱਲਾ ਵੀ ਟੀਚੇ ਦੇ ਨੇੜੇ ਪਹੁੰਚਦਾ ਨਜ਼ਰ ਆ ਰਿਹਾ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਪਾਕਿਸਤਾਨ ਹਾਕੀ ਦਾ 'ਉੱਡਣਾ ਘੋੜਾ' ਸਮੀਉੱਲਾ ਖਾਨ

ਤੋਂ ਤਾਕਤਵਰ ਟੀਮ ਵਜੋਂ ਜਾਣੀ ਜਾਂਦੀ ਸੀ। ਡੱਚ ਟੀਮ ਵਿੱਚ ਪਾਲ ਲਿਟਜ਼ਨ ਤੇ ਟਾਈਸ ਕਰੂਜ਼ ਜਿਹੇ ਖਿਡਾਰੀ ਮੌਜੂਦ ਸਨ। ਇਸੇ ਸਾਲ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਟੀਮ ਦਾਅਵੇਦਾਰ ਵਜੋਂ ਉਤਰੀ ਅਤੇ ਲੀਗ ਸਟੇਜ ਵਿੱਚ ਅਜੇਤੂ ਰਹਿਣ ਤੋਂ ਬਾਅਦ ਸੈਮੀ ਫ਼ਾਈਨਲ ਵਿੱਚ ਮਲੇਸ਼ੀਆ ਨੂੰ 5-2 ਅਤੇ ਫ਼ਾਈਨਲ ਵਿੱਚ ਭਾਰਤ ਨੂੰ 1-0 ਨਾਲ ਹਰਾ ਕੇ ਸੋਨ ਤਮਗ਼ਾ ਝੋਲੀ ਪਾਇਆ।

1979 ਵਿੱਚ ਪਰਥ ਵਿਖੇ ਖੇਡੇ ਅਸਾਂਡਾ ਕੱਪ ਵਿੱਚ ਪਾਕਿਸਤਾਨ ਜੇਤੂ ਰਹੇ। ਇਸ ਟੂਰਨਾਮੈਂਟ ਵਿੱਚ ਸਮੀਉੱਲਾ ਤੇ ਕਲੀਮਉੱਲਾ ਭਰਾਵਾਂ ਨੇ ਬਹੁਤ ਸ਼ਾਨਦਾਰ ਖੇਡ ਦਿਖਾਈ। 1980 ਵਿੱਚ ਕਰਾਚੀ ਵਿਖੇ ਚੈਂਪੀਅਨਜ਼ ਟਰਾਫੀ ਖੇਡੀ ਗਈ। ਵਿਸ਼ਵ ਕੱਪ ਤੇ ਓਲੰਪਿਕ ਖੇਡਾਂ ਤੋਂ ਬਾਅਦ ਇਹ ਟੂਰਨਾਮੈਂਟ ਵਿਸ਼ਵ ਹਾਕੀ ਦਾ ਸਭ ਤੋਂ ਅਹਿਮ ਤੇ ਵੱਕਾਰੀ ਮੁਕਾਬਲਾ ਸੀ। ਹਾਕੀ ਵਿਸ਼ਵ ਕੱਪ ਵਾਂਗ ਚੈਂਪੀਅਨਜ਼ ਟਰਾਫ਼ੀ ਵੀ ਪਾਕਿਸਤਾਨ ਹਾਕੀ ਦੇ ਵੱਡੇ ਪ੍ਰਬੰਧਕ ਏਅਰ ਮਾਰਸ਼ਲ ਮਲਿਕ ਨੂਰ ਖਾਨ ਅਵਾਨ ਦੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਈ ਸੀ। 1978 ਵਿੱਚ ਪਹਿਲੀ ਚੈਂਪੀਅਨਜ਼ ਟਰਾਫ਼ੀ ਲਾਹੌਰ ਵਿਖੇ ਖੇਡੀ ਗਈ, ਜੋ ਪਾਕਿਸਤਾਨ ਨੇ ਜਿੱਤੀ। ਕਰਾਚੀ ਵਿਖੇ ਦੂਜੇ ਮੁਕਾਬਲੇ ਵਿੱਚ ਪਾਕਿਸਤਾਨ ਟੀਮ ਨੇ ਲੀਗ ਆਧਾਰਤ ਇਸ ਟੂਰਨਾਮੈਂਟ ਦੇ ਸਾਰੇ ਛੇ ਮੈਚ ਜਿੱਤ ਕੇ ਦੂਜੀ ਵਾਰ ਸੋਨ ਤਮਗ਼ਾ ਜਿੱਤਿਆ। ਸਪੇਨ ਖਿਲਾਫ 5-1 ਦੀ ਜਿੱਤ ਵਿੱਚ ਸਮੀਉੱਲਾ ਨੇ ਦੋ ਗੋਲ ਕੀਤੇ, ਜਦੋਂ ਕਿ ਆਸਟਰੇਲੀਆ ਖਿਲਾਫ 7-1 ਦੀ ਇਤਿਹਾਸਕ ਜਿੱਤ ਵਿੱਚ ਸਮੀਉੱਲਾ ਨੇ ਹੈਟ੍ਰਿਕ ਜੜਦਿਆਂ ਤਿੰਨ ਸ਼ਾਨਦਾਰ ਗੋਲਾਂ ਦਾ ਯੋਗਦਾਨ ਪਾਇਆ।

1981 ਤੇ 1982 ਵਿੱਚ ਪਾਕਿਸਤਾਨ ਹਾਕੀ ਲਈ ਦੋ ਅਹਿਮ ਮੁਕਾਬਲੇ ਸਨ, ਜੋ ਕਿ ਦੋਵੇਂ ਭਾਰਤ ਵਿੱਚ ਖੇਡੇ ਜਾਣ ਵਾਲੇ ਸਨ। 1981-82 ਵਿੱਚ ਬੰਬਈ ਵਿਖੇ ਖੇਡੇ ਗਏ ਪੰਜਵੇਂ ਵਿਸ਼ਵ ਕੱਪ ਵਿੱਚ ਪਾਕਿਸਤਾਨ ਟੀਮ ਖਿਤਾਬ ਬਚਾਉਣ ਲਈ ਉਤਰ ਰਹੀ ਸੀ। ਭਾਰਤੀ ਟੀਮ ਆਪਣੇ ਪੂਲ ਵਿੱਚ ਇੱਕ ਅੰਕ ਨਾਲ ਤੀਜੇ ਸਥਾਨ ਉਤੇ ਰਹਿੰਦੀ ਖਿਤਾਬ ਦੀ ਦੌੜ ਵਿੱਚੋਂ ਬਾਹਰ ਹੋ ਗਈ। ਪਾਕਿਸਤਾਨ ਨੇ ਆਪਣੇ ਗਰੁੱਪ ਵਿੱਚ ਖੇਡੇ ਪੰਜੇ ਮੈਚ ਜਿੱਤੇ। ਪਾਕਿਸਤਾਨ ਨੇ ਸੈਮੀ ਫ਼ਾਈਨਲ ਵਿੱਚ ਪੱਛਮੀ ਜਰਮਨੀ ਨੂੰ 3-1 ਅਤੇ ਫ਼ਾਈਨਲ ਵਿੱਚ ਹਾਲੈਂਡ ਨੂੰ 4-2 ਨਾਲ ਹਰਾ ਕੇ ਆਪਣਾ ਤੀਜਾ ਵਿਸ਼ਵ ਕੱਪ ਖਿਤਾਬ ਜਿੱਤਿਆ। ਸਮੀਉੱਲਾ ਦਾ ਇਹ ਦੂਜਾ ਵਿਸ਼ਵ ਕੱਪ ਖਿਤਾਬ ਸੀ। 1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਸਮੀਉੱਲਾ ਨੂੰ ਪਾਕਿਸਤਾਨ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ। ਪਾਕਿਸਤਾਨ ਨੇ ਮਲੇਸ਼ੀਆ ਨੂੰ 5-2 ਤੇ ਦੱਖਣੀ ਕੋਰੀਆ ਨੂੰ 6-1 ਨਾਲ ਹਰਾ ਕੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ। ਫ਼ਾਈਨਲ ਮੁਕਾਬਲਾ ਭਾਰਤ ਤੇ ਪਾਕਿਸਤਾਨ ਵਿਚਾਲੇ ਸੀ, ਜਿਸ ਨੂੰ ਵੇਖਣ ਲਈ ਸ਼ਿਵਾਜੀ ਸਟੇਡੀਅਮ ਸਮਰੱਥਾ ਤੋਂ ਵੱਧ ਭਰਿਆ ਹੋਇਆ ਸੀ। ਭਾਰਤ ਦੀ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਸਣੇ ਵੱਡੀਆ ਸ਼ਖਸੀਅਤਾਂ ਸਟੇਡੀਅਮ ਵਿੱਚ ਮੌਜੂਦ ਸਨ। ਇਸ ਫ਼ਾਈਨਲ ਮੁਕਾਬਲੇ ਨੂੰ ਸਮੀਉੱਲਾ ਆਪਣੇ ਖੇਡ ਕਰੀਅਰ ਦਾ ਸਭ ਤੋਂ ਅਹਿਮ ਅਤੇ ਯਾਦਗਾਰੀ ਮੈਚ ਦੱਸਦਾ ਹੈ। ਪਾਕਿਸਤਾਨ ਹਾਕੀ ਦੇ ਸਕੱਤਰ ਰਹੇ ਸਾਬਕਾ ਓਲੰਪਿਕ ਤੇ ਏਸ਼ਿਆਈ ਖੇਡਾਂ ਦੇ ਸੋਨ ਤਮਗ਼ਾ ਜੇਤੂ ਬ੍ਰਿਗੇਡੀਅਰ ਮਨਜ਼ੂਰ ਹੁਸੈਨ ਆਤਿਫ਼ ਮੈਚ ਦੌਰਾਨ ਗਰਾਊਂਡ ਦੇ ਨਾਲ ਲੈਫਟ ਆਊਟ ਦੀ ਪੁਜੀਸ਼ਨ ਕੋਲ ਹੀ ਤਣਾਅ ਦੇ ਪਲਾਂ ਵਿੱਚ ਬੈਠੇ ਸਮੀਉੱਲਾ ਤੋਂ ਮੈਚ ਦੇ ਸੰਭਾਵੀ ਨਤੀਜੇ ਬਾਰੇ ਫਿਕਰਮੰਦੀ ਵਿੱਚ ਸਵਾਲ ਪੁੱਛ ਰਹੇ ਸਨ ਕਿ ਚੰਗਾ ਖੇਡ ਲਵੋਂਗੇ? ਸ਼ੁਰੂਆਤੀ ਪਲਾਂ ਵਿੱਚ ਭਾਰਤ ਵੱਲੋਂ ਗੋਲ ਕੀਤੇ ਜਾਣ ਤੋਂ ਬਾਅਦ ਬ੍ਰਿਗੇਡੀਅਰ ਆਤਿਫ਼ ਨੇ ਤਿਲਮਿਲਾਉਂਦਿਆਂ ਫੇਰ ਸਮੀਉੱਲਾ ਨੂੰ ਪੁੱਛਿਆ ਕਿ ਟੀਮ ਨੂੰ ਕੀ ਹੋ ਗਿਆ? ਸਮੀਉੱਲਾ ਅਨੁਸਾਰ ਉਹ ਟੂਰਨਾਮੈਂਟ ਤੋਂ ਪਹਿਲਾਂ ਹੀ ਬਹੁਤ ਆਤਮ-ਵਿਸ਼ਵਾਸ ਵਿੱਚ ਸਨ ਅਤੇ ਅਖ਼ਤਰ ਰਸੂਲ ਨੂੰ ਛੱਡ ਕੇ ਬਾਕੀ ਸਾਰੀ ਟੀਮ ਦੇ ਖਿਡਾਰੀ ਉਹੀ ਖੇਡ ਰਹੇ ਸਨ, ਜਿਨ੍ਹਾਂ ਪਿਛਲੇ ਕਈ ਸਾਲਾਂ ਤੋਂ ਵੱਡੀਆਂ ਜਿੱਤਾਂ ਵਿੱਚ ਯੋਗਦਾਨ ਪਾਇਆ ਸੀ। ਸਮੀਉੱਲਾ ਨੇ ਬ੍ਰਿਗੇਡੀਅਰ ਆਤਿਫ਼ ਨੂੰ ਸ਼ਾਂਤ ਕੀਤਾ ਅਤੇ ਉਧਰ ਪਾਕਿਸਤਾਨੀ ਟੀਮ ਨੇ ਵਾਪਸੀ ਕਰਦਿਆਂ ਉਤੋਥਲੀ ਗੋਲ ਕਰਨੇ ਸ਼ੁਰੂ ਕਰ ਦਿੱਤੇ। ਹਰ ਗੋਲ ਬਾਅਦ ਸਮੀਉੱਲਾ ਬ੍ਰਿਗੇਡੀਅਰ ਆਤਿਫ਼ ਨੂੰ ਆਖਦੇ ਕਿ ਹੁਣ ਠੀਕ ਹੋ! ਅੱਧੇ ਸਮੇਂ ਤੱਕ ਪਾਕਿਸਤਾਨ ਨੇ 5-1 ਦੀ ਲੀਡ ਬਣਾ ਲਈ। ਦੇਖਦਿਆਂ ਹੀ ਸਟੇਡੀਅਮ ਵਿੱਚ ਸੰਨਾਟਾ ਛਾ ਗਿਆ ਅਤੇ ਅੰਤ ਪਾਕਿਸਤਾਨ ਨੇ 7-1 ਦੀ ਵੱਡੀ ਜਿੱਤ ਨਾਲ ਸੋਨ ਤਮਗ਼ਾ ਜਿੱਤ ਲਿਆ। ਸਮੀਉੱਲਾ ਦਾ ਇਹ ਆਖਰੀ ਵੱਡਾ ਕੌਮਾਂਤਰੀ ਮੁਕਾਬਲਾ ਸੀ, ਜਿਸ ਵਿੱਚ ਪਾਕਿਸਤਾਨ ਨੇ ਉਸ ਦੀ ਕਪਤਾਨੀ ਵਿੱਚ ਵੱਡੀ ਜਿੱਤ ਹਾਸਲ ਕੀਤੀ। ਇਸ ਦੇ ਨਾਲ ਹੀ ਸਮੀਉੱਲਾ ਦੀ ਏਸ਼ਿਆਈ ਖੇਡਾਂ ਵਿੱਚ ਗੋਲਡਨ ਹੈਟ੍ਰਿਕ ਪੂਰੀ ਹੋਈ।

1983 ਵਿੱਚ ਸਮੀਉੱਲਾ 32 ਵਰ੍ਹਿਆਂ ਦਾ ਸੀ ਅਤੇ ਪੂਰੀ ਤਰ੍ਹਾਂ ਫਿੱਟ ਸੀ। ਆਪਣੇ ਅਸੂਲਾਂ ਕਰਕੇ ਪਾਕਿਸਤਾਨ ਹਾਕੀ ਫੈਡਰੇਸ਼ਨ ਨਾਲ ਉਸ ਦਾ ਟਕਰਾਅ ਵੀ ਹੁੰਦਾ ਰਿਹਾ, ਜਿਸ ਕਾਰਨ ਉਸ ਦੇ ਫੈਡਰੇਸ਼ਨ ਨਾਲ ਸਬੰਧ ਸੁਖਾਵੇਂ ਨਾ ਰਹੇ। ਇਸ ਦੌਰਾਨ ਉਸ ਨੇ ਭਲਾਈ ਫੰਡ ਇਕੱਠਾ ਕਰਨ ਲਈ ਮੈਚ ਵੀ ਕਰਵਾਇਆ। ਪਾਕਿਸਤਾਨ ਹਾਕੀ ਫੈਡੇਰਸ਼ਨ ਨੇ ਸਮੀਉੱਲਾ ਨੂੰ 1983 ਵਿੱਚ ਚੈਂਪੀਅਨਜ਼ ਟਰਾਫੀ ਖੇਡਣ ਬਦਲੇ ਮੈਚ ਦੇ ਪੈਸੇ ਫੈਡਰੇਸ਼ਨ ਕੋਲ ਜਮ੍ਹਾਂ ਕਰਵਾਉਣ ਦੀ ਸ਼ਰਤ ਰੱਖੀ, ਜਿਸ ਨੂੰ ਉਸ ਨੇ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਸਮੀਉੱਲਾ ਨੇ ਸ਼ਾਨਦਾਰ ਖੇਡ ਕਰੀਅਰ ਤੋਂ ਬਾਅਦ ਅਲਵਿਦਾ ਆਖ ਦਿੱਤੀ। 1980 ਵਿੱਚ ਮਾਸਕੋ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਅਮਰੀਕਾ ਪੱਖੀ ਮੁਲਕਾਂ ਦੇ ਬਾਈਕਾਟ ਦੇ ਚੱਲਦਿਆਂ ਪਾਕਿਸਤਾਨ ਵੱਲੋਂ ਨਾ ਹਿੱਸਾ ਲੈਣ ਤੋਂ ਬਾਅਦ ਪਾਕਿਸਤਾਨ ਨੇ 1984 ਵਿੱਚ ਲਾਸ ਏਂਜਲਸ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਅਤੇ ਸੋਨੇ ਦਾ ਤਮਗ਼ਾ ਜਿੱਤਿਆ। ਹਾਲਾਂਕਿ ਸਮੀਉੱਲਾ ਓਲੰਪਿਕਸ ਲਈ ਫਿੱਟ ਸੀ, ਪਰ ਉਹ ਟੀਮ ਦਾ ਹਿੱਸਾ ਨਹੀਂ ਬਣ ਸਕਿਆ। ਸਮੀਉੱਲਾ ਦੇ ਖੇਡ ਕਰੀਅਰ ਵਿੱਚ ਸਿਰਫ ਓਲੰਪਿਕ ਖੇਡਾਂ ਦੇ ਸੋਨ ਤਮਗ਼ੇ ਦੀ ਕਮੀ ਹੈ।

ਸਮੀਉੱਲਾ ਨੇ ਬਤੌਰ ਖਿਡਾਰੀ ਤੇ ਕਪਤਾਨ ਵਿੱਚੋਂ ਸੰਨਿਆਸ ਲੈਣ ਤੋਂ ਬਾਅਦ ਪਾਕਿਸਤਾਨ ਹਾਕੀ ਦੀ ਕਰੀਬ ਦੋ ਦਹਾਕੇ ਟੀਮ ਮੈਨੇਜਰ ਵਜੋਂ ਸੇਵਾ ਕੀਤੀ। ਇਸ ਦੌਰਾਨ ਉਹ ਪਾਕਿਸਤਾਨ ਦੀਆਂ ਜੂਨੀਅਰ ਤੇ ਸੀਨੀਅਰ ਟੀਮਾਂ ਨਾਲ ਜੁੜੇ ਰਹੇ। ਆਪਣੀ ਖੇਡ ਦੌਰਾਨ ਵੱਡੇ ਟੂਰਨਾਮੈਂਟ ਜਿੱਤਣ ਉਤੇ ਸਮੀਉੱਲਾ ਨੂੰ ਮੌਕੇ ਦੀਆਂ ਸਰਕਾਰਾਂ ਤੋਂ ਪਲਾਟ ਇਨਾਮ ਵਿੱਚ ਮਿਲੇ। ਕਸਟਮ ਵਿਭਾਗ ਵਿੱਚ ਸਮੇਂ ਤੋਂ ਪਹਿਲਾਂ ਆਊਟ ਆਫ਼ ਟਰਨ ਪ੍ਰਮੋਸ਼ਨਾਂ ਮਿਲੀਆਂ। ਸਮੀਉੱਲਾ ਦੀ ਹਾਕੀ ਖੇਡ ਨੂੰ ਦੇਣ ਬਦਲੇ ਪਾਕਿਸਤਾਨ ਸਰਕਾਰ ਨੇ 1983 ਵਿੱਚ ਉਸ ਨੂੰ ਤੀਜੇ ਸਰਵਉੱਚ ਲਿਟਰੇਰੀ ਸਨਮਾਨ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਅਤੇ 2014 ਵਿੱਚ ਤੀਜੇ ਸਰਵਉੱਚ ਨਾਗਰਿਕ ਸਨਮਾਨ 'ਸਿਤਾਰ-ਏ-ਇਮਤਿਆਜ਼' ਨਾਲ ਸਨਮਾਨਤ ਕੀਤਾ। ਬਹਾਵਲਪੁਰ ਵਿੱਚ ਛਾਉਣੀ ਖੇਤਰ ਵਿੱਚ ਸਮੀਉੱਲਾ ਦਾ ਵੱਡਾ ਬੁੱਤ ਸਥਾਪਤ ਕੀਤਾ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇੱਕ ਵਾਰ ਬੁੱਤ ਤੋਂ ਹਾਕੀ ਅਤੇ ਗੇਂਦ ਚੁਰਾ ਲਈ ਗਈ ਸੀ ਅਤੇ ਪੁਲਿਸ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਸਮੀਉੱਲਾ ਇਸ ਘਟਨਾ ਤੋਂ ਬਹੁਤ ਆਹਤ ਹੋਏ ਸਨ। ਬਹਾਵਲਪੁਰ ਵਿਖੇ ਉਸ ਦੇ ਚਾਚਾ ਓਲੰਪੀਅਨ ਮੋਤੀਉੱਲਾ ਦੀ ਯਾਦ ਵਿੱਚ ਸਟੇਡੀਅਮ ਬਣਿਆ ਹੋਇਆ ਹੈ।

ਸਮੀਉੱਲਾ ਦੁਨੀਆਂ ਦੇ ਸਿਖਰਲੇ ਲੈਫਟ ਵਿੰਗਰਾਂ ਵਿੱਚੋਂ ਇੱਕ ਹੈ, ਜਿਸ ਦੀ ਗੋਲੀ ਦੀ ਰਫ਼ਤਾਰ ਵਰਗੀ ਸਪੀਡ, ਡਰਿਬਲਿੰਗ, ਵਿਰੋਧੀ ਡਿਫੈਂਡਰਾਂ ਨੂੰ ਝਕਾਨੀ ਦੇਣ ਲਈ ਬੌਡੀ ਡਾਜ਼ ਦੀ ਕਲਾ, ਲੰਬੀਆਂ ਪੁਲਾਂਘਾਂ ਭਰਦਿਆਂ ਬਾਲ ਕੰਟਰੋਲ ਨਾਲ ਅੱਗੇ ਵਧਣ ਦੀ ਸ਼ਕਤੀ, ਤੇਜ਼ ਤਰਾਰ ਤੇ ਸਟੀਕ ਹਿੱਟ ਅਤੇ ਡੀ ਅੰਦਰ ਖਿਡਾਰੀ ਨੂੰ ਨਾਪ-ਤੋਲ ਕੇ ਮਿਣਵਾਂ ਪਾਸ ਦੇਣ ਦੀ ਕਲਾ ਬਾਕੀ ਖਿਡਾਰੀਆਂ ਨੂੰ ਵੱਖਰਾ ਬਣਾਉਂਦੀ ਹੈ। ਅਖ਼ਤਰ ਰਸੂਲ ਉਸ ਦੀ ਖੇਡ ਦਾ ਬਹੁਤ ਵੱਡਾ ਮੁਰੀਦ ਸੀ। ਇੱਕ ਵਾਰ ਸਮੀਉੱਲਾ ਦੀ ਕਿਸੇ ਫੇਸਬੁੱਕ ਪੋਸਟ ਉਤੇ ਅਖ਼ਤਰ ਰਸੂਲ ਨੇ ਕੁਮੈਂਟ ਕਰਦਿਆਂ ਲਿਖਿਆ, "ਸਮੀਉੱਲਾ ਨੇ ਹਾਕੀ ਮੈਚ ਦੌਰਾਨ 10 ਲੱਖ ਪਾਸ ਦਿੱਤੇ ਹੋਣ, ਕਦੇ ਵੀ ਪਾਸ ਬੇਕਾਰ ਨਹੀਂ ਗਿਆ। (ਬਾਲ ਸਿੱਧਾ ਸਾਥੀ ਖਿਡਾਰੀ ਕੋਲ ਜਾਂਦੀ ਸੀ)"

ਹਾਕੀ ਖੇਡ ਵਿੱਚ ਸਮੀਉੱਲਾ ਲੈਫਟ ਵਿੰਗ ਅਤੇ ਉਸ ਦਾ ਛੋਟਾ ਭਰਾ ਕਲੀਮਉੱਲਾ ਰਾਈਟ ਵਿੰਗ ਤੋਂ ਪਾਕਿਸਤਾਨੀ ਹਮਲਿਆਂ ਦੀ ਅਗਵਾਈ ਕਰਦੇ। ਬਹੁਤੇ ਮੈਚਾਂ ਵਿੱਚ ਦੋਵੇਂ ਖਿਡਾਰੀਆਂ ਦੀ ਜੁਗਲਬੰਦੀ ਇੰਨੀ ਕਮਾਲ ਦੀ ਹੁੰਦੀ ਕਿ ਕੁਮੈਂਟੇਟਰ ਦੇ ਮੂੰਹੋ ਨਿਰੰਤਰ ਦੋਹਾਂ ਭਰਾਵਾਂ ਦੇ ਗੁਣਗਾਨ ਹੀ ਸੁਣਨ ਨੂੰ ਮਿਲਦੇ। ਦੋਹਾਂ ਭਰਾਵਾਂ ਵਿਚਾਲੇ ਜਦੋਂ ਬਾਲ ਇੱਧਰੋਂ-ਉਧਰ ਪਾਸ ਦਿੱਤੀ ਜਾਂਦੀ ਤਾਂ ਸੁਣਨ ਵਾਲੇ ਨੂੰ ਲੱਗਦਾ ਜਿਵੇਂ ਇਹ ਬਹਾਵਲਪੁਰੀਏ ਭਰਾਵਾਂ ਦਾ ਕੋਈ ਘਰੇਲੂ ਮੈਚ ਚੱਲ ਰਿਹਾ ਹੋਵੇ।

1974 ਦੀਆਂ ਤਹਿਰਾਨ ਏਸ਼ਿਆਈ ਖੇਡਾਂ ਤੋਂ ਪਹਿਲਾਂ ਜਦੋਂ ਹਸਨ ਅਬਦਾਲ ਵਿਖੇ ਪਾਕਿਸਤਾਨ ਹਾਕੀ ਟੀਮ ਸਣੇ ਸਮੁੱਚੇ ਪਾਕਿਸਤਾਨੀ ਖੇਡ ਦਲ ਦਾ ਕੈਂਪ ਲੱਗਿਆ ਹੋਇਆ ਸੀ ਤਾਂ ਉਸ ਵੇਲੇ ਦੇ ਖੇਡ ਮੰਤਰੀ ਨੇ ਉਸ ਸਮੇਂ ਦੇ ਵਜ਼ੀਰ-ਏ-ਆਜ਼ਮ (ਪ੍ਰਧਾਨ ਮੰਤਰੀ) ਜ਼ੁਲਫੀਕਾਰ ਅਲੀ ਭੁੱਟੋ ਨੂੰ ਸ਼ਿਕਾਇਤ ਲਗਾਈ ਕਿ ਸਮੀਉੱਲਾ ਆਪਣੇ ਭਰਾ ਕਲੀਮਉੱਲਾ ਨੂੰ ਸਿਫਾਰਸ਼ ਨਾਲ ਟੀਮ ਵਿੱਚ ਰੱਖ ਰਿਹਾ ਹੈ, ਜਿਸ ਕਾਰਨ ਸਫਦਾਰ ਅੱਬਾਸ ਖਿਡਾਰੀ ਦਾ ਹੱਕ ਮਾਰਿਆ ਜਾ ਰਿਹਾ ਹੈ। ਜ਼ੁਲਫੀਕਾਰ ਭੁੱਟੋ ਨੇ ਮੌਕੇ ਉਤੇ ਹੀ ਕੈਂਪ ਦਾ ਨਿਰੀਖਣ ਕਰਨ ਦਾ ਫੈਸਲਾ ਕਰ ਲਿਆ। ਭੁੱਟੋ ਕੈਂਪ ਵਿੱਚ ਪਹੁੰਚ ਗਏ ਅਤੇ ਉਨ੍ਹਾਂ ਜਾਂਦਿਆਂ ਹੀ ਪੁੱਛਿਆ ਕਿ ਬਹਾਵਲਪੁਰੀਏ ਭਰਾ ਕੌਣ ਹਨ? ਸਮੀਉੱਲਾ ਤੇ ਕਲੀਮਉੱਲਾ ਨੂੰ ਮਿਲਣ ਤੋਂ ਬਾਅਦ ਜਦੋਂ ਭੁੱਟੋ ਨੇ ਦੋਹਾਂ ਨੂੰ ਕੈਂਪ ਦੌਰਾਨ ਖੇਡਦਿਆਂ ਦੇਖਿਆ ਤਾਂ ਉਹ ਦੋਹਾਂ ਭਰਾਵਾਂ ਦੀ ਖੇਡ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਮੌਕੇ 'ਤੇ ਹੀ ਖੇਡ ਮੰਤਰੀ ਦੀ ਖਿਚਾਈ ਕਰ ਦਿੱਤੀ। ਸਮੀਉੱਲਾ ਹੁਰਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਕੀ ਹੋ ਰਿਹਾ ਹੈ? ਭੁੱਟੋ ਦੇ ਜਾਣ ਤੋਂ ਬਾਅਦ ਟੀਮ ਦੇ ਸਾਂਝੇ ਭਾਰਤ ਵੱਲੋਂ ਓਲੰਪਿਕ ਚੈਂਪੀਅਨ ਰਹੇ ਅਲੀ ਇਕਤਦਾਰ ਸ਼ਾਹ (ਏ.ਆਈ.ਐਸ.) ਦਾਰਾ ਜੋ ਟੀਮ ਦੇ ਮੈਨੇਜਰ ਸਨ, ਨੇ ਸਮੀਉੱਲਾ ਤੇ ਕਲੀਮਉੱਲਾ ਨੂੰ ਘੁੱਟ ਕੇ ਜੱਫੀ ਪਾ ਲਈ। ਫੇਰ ਦੋਹਾਂ ਭਰਾਵਾਂ ਨੂੰ ਸਾਰੀ ਗੱਲ ਸਮਝ ਆਈ।

ਭਾਰਤੀ ਟੀਮ ਨਾਲ ਮੈਚ ਦੌਰਾਨ ਖੁੰਦਕ ਵਿੱਚ ਖੇਡਣ ਵਾਲਾ ਸਮੀਉੱਲਾ ਮੈਦਾਨ ਤੋਂ ਬਾਹਰ ਭਾਰਤੀ ਖਿਡਾਰੀਆਂ ਦਾ ਗੂੜ੍ਹਾ ਮਿੱਤਰ ਸੀ। ਪੰਜਾਬੀ ਖਿਡਾਰੀਆਂ ਨਾਲ ਉਸ ਦੀ ਬਹੁਤ ਬਣਦੀ ਸੀ। ਵਰਿੰਦਰ ਉਸ ਦਾ ਚੰਗਾ ਦੋਸਤ ਸੀ। ਵਰਿੰਦਰ ਰਾਈਟ ਹਾਫ਼ ਹੋਣ ਕਰਕੇ ਦੋਹਾਂ ਦੀ ਸਾਈਡ ਇੱਕੋ ਹੋਣ ਕਰਕੇ ਦੋਵੇਂ ਗਰਾਊਂਡ ਵਿੱਚ ਧੁਰ ਵਿਰੋਧੀ ਹੁੰਦੇ ਸਨ। ਅਜੀਤ ਪਾਲ ਸਿੰਘ, ਸੁਰਜੀਤ ਸਿੰਘ, ਹਰਚਰਨ ਸਿੰਘ ਤੇ ਅਸ਼ੋਕ ਕੁਮਾਰ ਨਾਲ ਬਹੁਤ ਬਣਦੀ ਸੀ। ਹਰਚਰਨ ਸਿੰਘ ਵੀ ਲੈਫ਼ਟ ਵਿੰਗਰ ਸੀ ਅਤੇ ਉਸ ਨੂੰ ਭਾਰਤੀ ਹਾਕੀ ਦਾ ਫਲਾਇੰਗ ਹੌਰਸ ਕਿਹਾ ਜਾਂਦਾ ਸੀ। ਦੋਵੇਂ ਗੂੜ੍ਹੇ ਮਿੱਤਰ ਸਨ। 2004 ਵਿੱਚ ਜਦੋਂ ਪਾਕਿਸਤਾਨ ਹਾਕੀ ਟੀਮ ਅੰਮ੍ਰਿਤਸਰ ਵਿਖੇ ਭਾਰਤ ਵਿਰੁੱਧ ਟੈਸਟ ਲੜੀ ਦਾ ਮੈਚ ਖੇਡਣ ਆਈ ਤਾਂ ਸਮੀਉੱਲਾ ਤੇ ਹਰਚਰਨ ਸਿੰਘ ਤਪਾਕ ਨਾਲ ਮਿਲੇ।

ਸਮੀਉੱਲਾ 1996 ਐਟਲਾਂਟਾ ਓਲੰਪਿਕਸ ਵਿੱਚ ਜਦੋਂ ਪਾਕਿਸਤਾਨ ਹਾਕੀ ਦਾ ਮੈਨੇਜਰ ਸੀ ਤਾਂ ਉਹ ਟੀਮ ਦੇ ਖਿਡਾਰੀਆਂ ਦੇ ਆਲਸੀ ਰਵੱਈਏ ਤੋਂ ਬਹੁਤ ਨਾਰਾਜ਼ ਹੋਇਆ। ਉਸ ਵੇਲੇ ਫਾਰਮ ਤੋਂ ਬਾਹਰ ਚੱਲ ਰਹੇ ਅਤੇ ਉਮਰਦਰਾਜ਼ ਹੋਏ ਸ਼ਾਹਬਾਜ਼ ਅਹਿਮਦ (ਸੀਨੀਅਰ) ਵੱਲੋਂ ਸਿੱਧਾ ਟੀਮ ਵਿੱਚ ਚੁਣੇ ਜਾਣ ਉਤੇ ਵੀ ਸਮੀਉੱਲਾ ਵੱਲੋਂ ਨਾਰਾਜ਼ਗੀ ਜਤਾਈ ਗਈ। ਉਸ ਨੇ ਸ਼ਾਹਬਾਜ਼ ਨੂੰ ਇਹ ਵੀ ਪੁੱਛਿਆ, ਕੀ ਉਹ ਪ੍ਰੈਕਟਿਸ ਕਰਦਾ ਹੈ? ਸ਼ਾਹਬਾਜ਼ ਦੀ ਓਲੰਪਿਕਸ ਦੌਰਾਨ ਨੀਰਸ ਖੇਡ ਨੇ ਸਮੀਉੱਲਾ ਦਾ ਤੌਖਲਾ ਸਹੀ ਸਿੱਧ ਕੀਤਾ। ਉਸ ਵੇਲੇ ਉਹ ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਸਕੱਤਰ ਕਰਨਲ ਮੁਦੱਸਰ ਦੇ ਟੀਮ ਦੇ ਮੈਨੇਜਰ ਬਣਨ ਉਤੇ ਵੀ ਨਾਰਾਜ਼ ਹੋਇਆ ਸੀ। ਉਸ ਦਾ ਮੰਨਣਾ ਸੀ ਕਿ ਸਕੱਤਰ ਨੂੰ ਮੈਨੇਜਰ ਨਹੀਂ ਬਣਨਾ ਚਾਹੀਦਾ। ਸਮੀਉੱਲਾ ਪਾਕਿਸਤਾਨ ਹਾਕੀ ਨਾਲ ਬਤੌਰ ਮੈਨੇਜਰ 2005 ਤੱਕ ਜੁੜਿਆ ਰਿਹਾ। ਉਹ ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਸਲਾਹਕਾਰ ਪੈਨਲ ਦਾ ਮੈਂਬਰ ਵੀ ਰਿਹਾ। ਟੀਮ ਦੇ ਮੈਨੇਜਰ ਵਜੋਂ ਅਸਤੀਫਾ ਦਿੰਦਿਆਂ ਉਸ ਨੇ ਲਿਖਿਆ ਸੀ ਕਿ ਟੀਮ ਦੇ ਕੋਚ ਦੀ ਚੋਣ ਸਮੇਂ ਉਸ ਦੀ ਸਲਾਹ ਨਹੀਂ ਲਈ ਜਾਂਦੀ, ਜਦੋਂ ਕਿ ਇਸ ਤੋਂ ਪਹਿਲਾਂ ਇਹ ਰਵਾਇਤ ਰਹੀ ਹੈ ਕਿ ਮੈਨੇਜਰ ਨਾਲ ਸਲਾਹ-ਮਸ਼ਵਰਾ ਕਰਕੇ ਕੋਚ ਚੁਣਿਆ ਜਾਂਦਾ ਰਿਹਾ ਹੈ। ਸਮੀਉੱਲਾ ਆਪਣੀ ਗੱਲ ਜੁਰੱਅਤ ਅਤੇ ਸਾਫ਼ਗੋਈ ਨਾਲ ਰੱਖਣ ਵਿੱਚ ਵਿਸ਼ਵਾਸ ਕਰਦਾ ਸੀ।

ਪਾਕਿਸਤਾਨ ਕਸਟਮ ਵਿੱਚ ਨੌਕਰੀ ਦੌਰਾਨ ਸਮੀਉੱਲਾ ਨੇ ਆਪਣਾ ਟਿਕਾਣਾ ਕਰਾਚੀ ਰੱਖਿਆ ਅਤੇ ਉਸ ਨੂੰ ਕਰਾਚੀ ਸ਼ਹਿਰ ਬਹੁਤ ਪਸੰਦ ਸੀ। ਕਸਟਮ ਵਿੱਚ ਰਿਟਾਇਰਮੈਂਟ ਤੋਂ ਬਾਅਦ ਉਹ ਬਹਾਵਲਪੁਰ ਪੱਕੇ ਤੌਰ ਉਤੇ ਰਹਿੰਦਾ ਹੈ, ਜਿੱਥੇ ਉਹ ਟਰੱਸਟ ਬਣਾ ਕੇ ਚੈਰੀਟੇਬਲ ਅੱਖਾਂ ਦਾ ਹਸਪਤਾਲ ਚਲਾ ਰਿਹਾ ਹੈ। ਹਸਪਤਾਲ ਹੁਣ ਤੱਕ ਲੱਖਾਂ ਮਰੀਜ਼ਾਂ ਨੂੰ ਦੇਖ ਚੁੱਕਾ ਹੈ ਅਤੇ ਹਜ਼ਾਰਾਂ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਤੇ ਐਨਕਾਂ ਦਾ ਪ੍ਰਬੰਧ ਕਰ ਚੁੱਕਾ ਹੈ। ਸਮੀਉੱਲਾ ਆਲੇ-ਦੁਆਲੇ ਦੀ ਸਾਂਭ ਸੰਭਾਲ, ਪਾਰਕਾਂ ਦਾ ਰੱਖ-ਰਖਾਓ ਸਮੇਤ ਹੋਰ ਸਮਾਜਿਕ ਕੰਮਾਂ ਵਿੱਚ ਆਪਣੇ-ਆਪ ਨੂੰ ਵਿਅਸਥ ਰੱਖਦਾ ਹੈ। ਅਜੋਕੇ ਸਮੇਂ ਪਾਕਿਸਤਾਨ ਹਾਕੀ ਦੇ ਮਾੜੇ ਹਾਲ ਤੋਂ ਚਿੰਤਤ ਸਮੀਉੱਲਾ ਦਾ ਕਹਿਣਾ ਹੈ ਕਿ ਪਾਕਿਸਤਾਨ ਹਾਕੀ ਨੇ ਯੂਰਪੀਅਨ ਟੀਮਾਂ ਵਾਂਗ ਆਪਣੇ-ਆਪ ਨੂੰ ਸਮੇਂ ਅਨੁਸਾਰ ਨਹੀਂ ਬਦਲਿਆ। ਸਮੀਉੱਲਾ ਪਾਕਿਸਤਾਨ ਹਾਕੀ ਦਾ ਲਿਵਿੰਗ ਲੀਜੈਂਡ ਹੈ, ਜਿਸ ਦਾ ਨਾਂ ਹਮੇਸ਼ਾ ਹੀ ਪਾਕਿਸਤਾਨ ਹਾਕੀ ਦੇ ਅੰਬਰ ਉਤੇ ਧਰੂ ਤਾਰੇ ਵਾਂਗ ਚਮਕਦਾ ਰਹੇਗਾ।

# ਬਰਿਕਸ ਸੰਮੇਲਨ 'ਤੇ ਲੱਗੀਆਂ ਸਾਰੀ ਦੁਨੀਆਂ ਦੀਆਂ ਨਜ਼ਰਾਂ

*ਸਫਾ ਇੱਕ ਦੀ ਬਾਕੀ ⇒*

ਸੰਬੰਧੀ ਲੋੜਾਂ ਪੂਰੀਆਂ ਕਰ ਸਕਦੇ ਹਨ? ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਮੁਲਕਾਂ ਵਿਚਕਾਰ ਆਪਸੀ ਵਿਸ਼ਵਾਸ ਜਿੰਨਾ ਗਹਿਰਾ ਹੋਵੇਗਾ, ਉਨਾ ਹੀ ਇਨ੍ਹਾਂ ਵਿਚਕਾਰ ਦੁਰਲੱਭ ਤਕਨੀਕ ਦੇ ਵਟਾਂਦਰੇ ਦਾ ਸਬੱਬ ਸੁਜਾਗਰ ਹੋਏਗਾ। ਭਾਰਤ ਦੇ ਰਾਜਨੀਤੀ ਵਿੱਚ ਰੁਚੀ ਰੱਖਣ ਵਾਲੇ ਲੋਕਾਂ ਅਤੇ ਅਮਰੀਕਾ ਸਮੇਤ ਪੱਛਮੀ ਮੁਲਕਾਂ ਦੇ ਹਾਕਮਾਂ ਲਈ ਇਹੋ ਚੀਜ਼ਾਂ ਮਹੱਤਵਪੂਰਨ ਹਨ।

ਸੰਮੇਲਨ ਤੋਂ ਦੋ ਦਿਨ ਪਹਿਲਾਂ ਨਿਕਲ ਕੇ ਆਈ ਇਸ ਖਬਰ ਕਿ ਭਾਰਤ ਅਤੇ ਚੀਨ ਸਰਹੱਦੀ ਮਾਮਲੇ ਨੂੰ ਸ਼ਾਂਤੀ ਨਾਲ ਨਜਿੱਠਣ ਲਈ ਰਾਜ਼ੀ ਹੋ ਗਏ ਹਨ, ਨੇ ਦੁਨੀਆਂ ਦੇ ਕਈ ਮੁਲਕਾਂ ਨੂੰ ਸਕਤੇ ਵਿੱਚ ਪਾ ਦਿੱਤਾ ਹੈ। ਕੁਝ ਦਿਨ ਪਹਿਲਾਂ ਅਮਰੀਕਾ ਅਤੇ ਕੈਨੇਡਾ ਵੱਲੋਂ ਗੁਰਪਤਵੰਤ ਸਿੰਘ ਪੰਨੂੰ ਅਤੇ ਨਿੱਝਰ ਕਤਲ ਕਾਂਡ ਦੇ ਮਾਮਲੇ ਵਿੱਚ ਕੀਤੀ ਗਈ ਉਚੀ ਸੁਰ ਨੂੰ ਜੇ ਅਸੀਂ ਉਪਰੋਕਤ ਘਟਨਾਵਾਂ ਦੇ ਪਰਿਪੇਖ ਵਿੱਚ ਵੇਖੀਏ ਤਾਂ ਕੌਮਾਂਤਰੀ ਰਾਜਨੀਤੀ ਦੀਆਂ ਗੁੰਝਲਾਂ ਵੀ ਵਧੇਰੇ ਸਪਸ਼ਟਤਾ ਨਾਲ ਸਮਝ ਆਉਣਗੀਆਂ।

ਇਸ ਸੱਚਾਈ ਤੋਂ ਤਾਂ ਹੁਣ ਸਾਧਾਰਨ ਬੰਦਾ ਵੀ ਮੁਨਕਰ ਨਹੀਂ ਹੋ ਸਕਦਾ ਕਿ ਆਰਥਿਕ ਤੌਰ 'ਤੇ ਦੁਨੀਆਂ ਇੱਕ ਪੀਡੇ ਜਾਲ ਵਿੱਚ ਬੱਝ ਗਈ ਹੈ। ਫਿਰ ਵੀ ਰਾਜਨੀਤੀ ਨੇ ਦੁਨੀਆਂ ਇੰਨੀ ਗਹਿਰੀ ਤਰ੍ਹਾਂ ਵੰਡੀ ਹੋਈ ਹੈ ਕਿ ਧਰਤੀ ਦੇ ਦੋ ਵੱਖ-ਵੱਖ ਖਿੱਤਿਆਂ ਵਿੱਚ ਲੱਗੀ ਜੰਗ ਤੀਜੀ ਸੰਸਾਰ ਜੰਗ ਦੀ ਦਸਤਕ ਸਮਝੀ ਜਾ ਰਹੀ ਹੈ। ਸੰਸਾਰ ਜੰਗ ਦੀ ਸੰਭਾਵਨਾ ਹਕੀਕਤ ਵਿੱਚ ਬਦਲਦੀ ਹੈ ਜਾਂ ਨਹੀਂ, ਇਸ ਖਤਰੇ ਦਾ ਫੈਸਲਾ ਦੁਨੀਆਂ ਦੇ ਕੁਝ ਵਿਕਸਤ ਅਤੇ ਵੱਡੇ ਮੁਲਕਾਂ ਦਾ ਵਤੀਰਾ ਕਰੇਗਾ।

ਭਾਰਤੀ ਜਨਤਾ ਪਾਰਟੀ ਦੀ ਦੇਸ਼ ਦੇ ਅੰਦਰਲੀ ਸਿਆਸਤ ਕਿਸ ਕਿਸਮ ਦੀ ਹੈ, ਇਸ ਨੂੰ ਜੇ ਪਾਸੇ ਛੱਡ ਦੇਇਏ ਤਾਂ ਕਿਹਾ ਜਾ ਸਕਦਾ ਹੈ ਕਿ ਭਾਰਤ ਨੇ ਮੱਧ ਏਸ਼ੀਆ ਅਤੇ ਰੂਸ ਤੇ ਯੂਕਰੇਨ ਜੰਗ ਦੇ ਮਾਮਲੇ ਵਿੱਚ ਕਾਫੀ ਸਹੀ ਪਜੀਸ਼ਨ ਅਖਤਿਆਰ ਕੀਤੀ ਹੈ। ਕੁੱਲ ਮਿਲਾ ਕੇ ਜੰਗ ਵਿੱਚ ਰੁੱਝੀਆਂ ਚਾਰੋਂ ਧਿਰਾਂ ਲਈ ਸ਼ਾਂਤੀ ਪੂਰਨ ਗੱਲਬਾਤ ਰਾਹੀਂ ਹੱਲ ਕੱਢਣ ਦੀ ਇਹ ਨੀਤੀ ਨਹਿਰੂ ਯੁੱਗ ਵਿੱਚ ਸ਼ੁਰੂ ਹੋਈ 'ਗੁੱਟ ਨਿਰਲੇਪ' ਨੀਤੀ ਨੂੰ ਹੀ ਅੱਗੇ ਵਧਾਉਂਦੀ ਹੈ। ਫਿਰ ਵੀ ਭਾਰਤ ਦਾ ਫਲਿਸਤੀਨ ਵਿੱਚ ਬੇਥਾਹ ਬਾਰੂਦ ਬਰਸਾਉਣ ਵਾਲੀ ਇਜ਼ਰਾਇਲ ਦੀ ਕਾਰਵਾਈ ਦੀ ਨਿੰਦਾ ਤੱਕ ਨਾ ਕਰਨਾ ਅਤੇ ਪਰੋਖ ਰੂਪ ਵਿੱਚ ਇਜ਼ਰਾਇਲ ਦੇ ਪੱਖ ਵਿੱਚ ਡੱਕਾ ਸੁੱਟਣਾ, ਤਕਰੀਬਨ ਦੋ ਤਿਹਾਈ ਦੁਨੀਆਂ ਨੂੰ ਰਾਸ ਨਹੀਂ ਆਵੇਗਾ, ਜਿਹੜੀ ਇਸ ਸੰਗਠਨ ਤੋਂ ਵੱਡੀਆਂ ਆਸਾਂ ਲਗਾਈ ਬੈਠੀ ਹੈ।

ਉਂਝ ਦੱਖਣੀ ਅਫਰੀਕਾ ਦੀ ਬਰਿਕਸ ਵਿੱਚ ਸ਼ਮੂਲੀਅਤ ਨੇ ਇਸ ਸੰਗਠਨ ਦਾ ਮਹੱਤਵ ਕਾਫੀ ਜ਼ਿਆਦਾ ਵਧਾ ਦਿੱਤਾ ਹੈ। ਦੱਖਣੀ ਅਫਰੀਕਾ, ਭਾਰਤ ਅਤੇ ਬ੍ਰਾਜ਼ੀਲ ਦੇ ਆਗੂ ਜਿਸ ਕਿਸਮ ਦੇ ਘੱਟ ਵਿਕਸਤ ਮੁਲਕਾਂ ਦੀ ਅਗਵਾਈ ਕਰਦੇ ਹਨ, ਉਨ੍ਹਾਂ ਨੂੰ ਖੇਤਰੀ ਜੰਗਾਂ ਕਾਰਨ ਸੰਸਾਰ ਦੀ ਉੱਖੜੀ ਹੋਈ ਤਰਤੀਬ ਅਤੇ ਸੰਭਾਵਿਤ ਤੀਜੀ ਸੰਸਾਰ ਜੰਗ ਦਾ ਖਤਰਾ ਕਿਸੇ ਵੀ ਤਰ੍ਹਾਂ ਸੂਤ ਨਹੀਂ ਬੈਠਦਾ। ਅਜਿਹੀਆਂ ਅੰਤਰਰਾਸ਼ਟਰੀ ਸਥਿਤੀਆਂ ਜਾਂ ਤੇ ਇਨ੍ਹਾਂ ਮੁਲਕਾਂ ਵਿੱਚ ਖੜੋਤ ਪੈਦਾ ਕਰਨਗੀਆਂ ਜਾਂ ਫਿਰ ਪਿਛਾਂਹ ਵੱਲ ਧੱਕ ਦੇਣਗੀਆਂ। ਸੰਸਾਰ ਵਿੱਚ ਅਮਨ ਅਮਾਨ ਦੀ ਸਥਿਤੀ ਹੀ ਇਨ੍ਹਾਂ ਮੁਲਕਾਂ ਦੇ ਆਰਥਕ ਵਿਕਾਸ ਦੀ ਜਾਮਨ ਬਣ ਸਕਦੀ ਹੈ। ਇਸ ਨਾਲ ਸੰਸਾਰ ਵਿੱਚ ਇਨ੍ਹਾਂ ਦਾ ਸਿਆਸੀ ਅਤੇ ਰਣਨੀਤਿਕ ਰੁਤਬਾ ਵੀ ਵਧੇਗਾ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਗੱਲਬਾਤ ਦੌਰਾਨ ਭਾਵੇਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਹਿਲੀ ਪੁਜ਼ੀਸ਼ਨ ਨੂੰ ਹੀ ਦੁਹਰਾਇਆ ਹੈ ਕਿ ਸਾਡਾ ਮੁਲਕ ਯੂਕਰੇਨ ਜੰਗ ਦਾ ਖਾਤਮਾ ਚਾਹੁੰਦਾ ਹੈ। ਇਸ ਮਕਸਦ ਦੀ ਦ੍ਰਿਸ਼ਟੀ ਤੋਂ ਪ੍ਰਧਾਨ ਮੰਤਰੀ ਦੀ ਪਿਛਲੇ ਤਿੰਨ ਮਹੀਨੇ ਵਿੱਚ ਇਹ ਦੂਜੀ ਰੂਸ ਫੇਰੀ ਹੈ। ਇਸ ਵਿਚਕਾਰ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੀ ਰੂਸ ਜਾ ਆਏ ਹਨ। ਬੀਤੇ ਅਗਸਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਕਰੇਨ ਦੀ ਯਾਤਰਾ ਵੀ ਕੀਤੀ ਸੀ ਅਤੇ ਯੂਕਰੇਨੀ ਸਦਰ ਯੇਲਵਿੰਸਕੀ ਨੂੰ ਜੰਗ ਦੇ ਖਾਤਮੇ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ਸੀ। ਇਸ ਤਰ੍ਹਾਂ ਸੰਸਾਰ ਅਮਨ, ਆਰਥਿਕ ਵਿਕਾਸ ਪਛੜੇ ਮੁਲਕਾਂ ਦੀ ਪੱਛਮ 'ਤੇ ਨਿਰਭਰਤਾ ਘਟਾਉਣ ਦੀ ਦ੍ਰਿਸ਼ਟੀ ਤੋਂ ਮੌਜੂਦਾ ਬਰਿਕਸ ਸੰਮੇਲਨ ਅਤੇ ਇਸ ਵਿੱਚ ਹੋਣ ਵਾਲੇ ਫੈਸਲੇ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਹ ਕਿਹਾ ਜਾਣਾ ਕਿਸੇ ਵੀ ਤਰ੍ਹਾਂ ਗਲਤ ਨਹੀਂ ਹੋਵੇਗਾ ਕਿ ਇਸ ਵੇਲੇ ਵਿਕਾਸਸ਼ੀਲ ਅਤੇ ਵਿਕਸਤ- ਦੋਨੋ ਕਿਸਮ ਦੇ ਮੁਲਕ ਕਿਸੇ ਰਾਹਤ ਭਰੀ ਖ਼ਬਰ ਲਈ 'ਬਰਿਕਸ ਸੰਮੇਲਨ' ਵੱਲ ਵੇਖ ਰਹੇ ਹਨ।

**ਬਰਿਕਸ ਸੰਮੇਲਨ ਦੀ ਅਹਿਮੀਅਤ:** ਜਦੋਂ ਵੀ ਬਰਿਕਸ ਸੰਮੇਲਨ ਹੁੰਦਾ ਹੈ ਤਾਂ ਉਸ ਵਿੱਚ ਪ੍ਰਾਥਮਿਕਤਾਵਾਂ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਫ਼ੈਸਲੇ ਲਏ ਜਾਂਦੇ ਹਨ। ਵੱਖ-ਵੱਖ ਮੈਂਬਰ ਦੇਸ਼ ਇੱਕ ਸਾਲ ਲਈ ਇਸ ਦੇ ਪ੍ਰਧਾਨ ਬਣਦੇ ਹਨ। ਹੁਣ ਜਦੋਂ ਕਿ ਇਸ ਸੰਸਥਾ ਦੇ ਕੁਝ ਚੋਣਵੇਂ ਮੈਂਬਰ ਨਹੀਂ ਰਹੇ ਤਾਂ ਇਸ ਦਾ ਕੀ ਨਾਮ ਹੋਵੇਗਾ, ਇਹ ਅਜੇ ਇਹ ਸਪੱਸ਼ਟ ਨਹੀਂ ਹੈ, ਪਰ ਫਿਲਹਾਲ ਇਸ ਨੂੰ ਬਰਿਕਸ ਪਲੱਸ ਕਿਹਾ ਜਾ ਰਿਹਾ ਹੈ। ਇਸ ਸਮੂਹ ਦੇ ਦੇਸ਼ਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਸੰਯੁਕਤ ਆਬਾਦੀ 3.5 ਅਰਬ ਹੈ, ਜੋ ਕਿ ਵਿਸ਼ਵ ਦੀ ਕੁੱਲ ਆਬਾਦੀ ਦਾ 45 ਫੀਸਦ ਹੈ। ਇਨ੍ਹਾਂ ਮੈਂਬਰ ਦੇਸ਼ਾਂ ਦੀ ਸੰਯੁਕਤ ਅਰਥਚਾਰੇ ਦੀ ਤਾਕਤ 28.5 ਲੱਖ ਕਰੋੜ ਡਾਲਰ ਹੈ, ਜੋ ਕਿ ਵਿਸ਼ਵ ਦੇ ਅਰਥਚਾਰੇ ਦਾ ਲਗਭਗ 28 ਫੀਸਦ ਹਿੱਸਾ ਹੈ।

ਜੇਕਰ ਈਰਾਨ, ਸਾਊਦੀ ਅਰਬ ਅਤੇ ਯੂ.ਏ.ਈ. ਦੀ ਗੱਲ ਕਰੀਏ ਤਾਂ ਬਰਿਕਸ ਦੇ ਇਹ ਮੈਂਬਰ ਦੁਨੀਆ ਦੇ ਕੁੱਲ ਕੱਚੇ ਤੇਲ ਦਾ 44 ਫੀਸਦੀ ਉਤਪਾਦਨ ਖ਼ੁਦ ਕਰਦੇ ਹਨ। ਇਹ ਸੰਸਥਾ ਇਹ ਵੀ ਦਲੀਲ ਦਿੰਦੀ ਹੈ ਕਿ ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ 'ਤੇ ਪੱਛਮੀ ਦੇਸ਼ਾਂ ਦਾ ਦਬਦਬਾ ਹੈ। ਸਾਲ 2014 ਵਿੱਚ ਬਰਿਕਸ ਦੇਸ਼ਾਂ ਨੇ ਨਿਊ ਡਵੈਲਪਮੈਂਟ ਬੈਂਕ ਸ਼ੁਰੂ ਕੀਤਾ ਸੀ, ਜੋ ਬੁਨਿਆਦੀ ਢਾਂਚੇ ਲਈ ਕਰਜ਼ਾ ਦਿੰਦਾ ਹੈ। 2022 ਦੇ ਅੰਤ ਤੱਕ ਇਸ ਨੇ ਉਭਰਦੇ ਦੇਸ਼ਾਂ ਨੂੰ ਨਵੀਆਂ ਸੜਕਾਂ, ਪੁਲਾਂ, ਰੇਲ ਅਤੇ ਜਲ ਸਪਲਾਈ ਪ੍ਰੋਜੈਕਟਾਂ ਲਈ ਲਗਭਗ 32 ਅਰਬ ਡਾਲਰ ਦਿੱਤੇ ਸਨ। ਮਾਹਰਾਂ ਦਾ ਮੰਨਣਾ ਹੈ ਕਿ ਚੀਨ ਦਾ ਬਰਿਕਸ ਲਈ ਇਹੀ ਮੁੱਖ ਟੀਚਾ ਹੈ।

# ਬੰਦੀਛੋੜ ਦਿਵਸ ਦੀ ਲੱਖ ਲੱਖ ਵਧਾਈ



Wishing you a Diwali filled with the warmth of love, the light of wisdom, and the laughter of togetherness

# Happy Diwali ਦੀਵਾਲੀ ਮੁਬਾਰਕ




## ਵੱਲੋਂ: ਨੰਦਰਾ ਪਰਿਵਾਰ (ਸ਼ਿਕਾਗੋ)

**ਡਾ. ਮੁਖਤਿਆਰ ਸਿੰਘ ਨੰਦਰਾ ਤੇ ਹਰਭਜਨ ਕੌਰ ਅਤੇ ਸਮੂਹ ਪਰਿਵਾਰ**

ਡਾ. ਗੁਰਇਕਬਾਲ ਸਿੰਘ ਨੰਦਰਾ (ਪੁੱਤਰ) ਅਤੇ ਡਾ. ਜਿਲ (ਨੂੰਹ); ਲੂਏਲਾ ਤੇ ਲਿਵ (ਪੋਤਰੀਆਂ)

ਡਾ. ਸੰਨੀ ਨੰਦਰਾ (ਪੁੱਤਰ) ਅਤੇ ਗੌਰੀਆ (ਨੂੰਹ)

# ਸਮੂਹ ਸੰਗਤ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਦੀ ਵਧਾਈ



ਪਰਮਾਤਮਾ ਕਰੇ ਇਹ ਤਿਓਹਾਰ ਆਪ ਸਭ ਦੇ ਜੀਵਨ ਨੂੰ ਰੌਸ਼ਨ-ਰੌਸ਼ਨ ਕਰੇ!



ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



ਰਘਵਿੰਦਰ ਸਿੰਘ ਮਾਹਲ
ਫੋਨ: 331-321-6304

ਵੱਲੋਂ: ਸਮੂਹ ਬਾਜਵਾ ਅਤੇ ਮਾਹਲ ਪਰਿਵਾਰ (ਸ਼ਿਕਾਗੋਲੈਂਡ)

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਦੀ ਆਖਰੀ ਕਿਸ਼ਤ ਹੈ...***

# ਸ਼ਾਹਸਵਾਰ

## ਨਾਵਲ

**ਜਸਵੀਰ ਸਿੰਘ ਸ਼ੀਰੀ**
**ਫੋਨ: +91-6280574657**

ਕੰਪਿਊਟਰ ਨਾਲ ਮੱਥਾ ਮਾਰ ਮਾਰ ਕੇ ਅੰਬੇ ਨੇ ਕਲਰਡ ਲੈਟਰ ਪੈਡ ਡਿਜ਼ਾਈਨ ਕਰ ਲਏ ਸਨ। 'ਲਿਬਰੇਸ਼ਨ ਆਰਮੀ ਆਫ ਈਸਟਰਨ ਪੰਜਾਬ' ਹੈਡਿੰਗ ਪਾ ਕੇ ਜਦੋਂ ਉਨ੍ਹਾਂ ਪਹਿਲਾ ਲੈਟਰ ਪੈਡ ਕੱਢਣ 'ਚ ਸਫਲਤਾ ਹਾਸਲ ਕੀਤੀ ਤਾਂ ਦੋਨੋ ਛੋਟੇ ਨੱਚਣ ਲੱਗੇ। ਯੂ.ਪੀ. ਵਾਲੀ ਘਟਨਾ ਨੂੰ ਹੁਣ ਛੇ ਮਹੀਨੇ ਪੂਰੇ ਹੋ ਗਏ ਸਨ। ਉਨ੍ਹਾਂ ਇਸ ਘਟਨਾ ਦੀ ਜ਼ਿੰਮੇਵਾਰੀ ਓਟਣ ਲਈ ਲੈਟਰ ਪੈਡ 'ਤੇ ਵਾਰਤਾ ਲਿਖੀ। ਇੱਕ ਨਕਲੀ ਨਾਂ ਹੇਠ ਗੋਲੂ ਦੇ ਖੱਬੇ ਹੱਥ ਨਾਲ ਦਸਤਖਤ ਕੀਤੇ ਅਤੇ ਮਾਝੇ ਦੇ ਕਿਸੇ ਛੋਟੇ ਜਿਹੇ ਪਿੰਡ ਵਿੱਚੋਂ ਜਾ ਕੇ ਅਖ਼ਬਾਰਾਂ ਨੂੰ ਪੋਸਟ ਕਰਨ ਦੀ ਤਿਆਰੀ ਕਰ ਲਈ। ਚਿੱਠੀ ਜਦੋਂ ਉਨ੍ਹਾਂ ਦਿਲਬਾਗ ਨੂੰ ਵਿਖਾਈ ਤਾਂ ਉਹ ਮੁੰਡਿਆਂ ਨੂੰ ਚਾਰੇ ਪੈਰ ਚੁੱਕ ਕੇ ਪਿਆ, 'ਤੁਹਾਨੂੰ ਇਹ ਜ਼ਿੰਮੇਵਾਰੀ ਜਿਹੀ ਲਿਖਣ ਨੂੰ ਕੀਹਨੇ ਕਿਹਾ? ਮੈਂ ਤੁਹਾਨੂੰ ਸਿਰਫ ਲੈਟਰ ਪੈਡ ਕੱਢਣ ਲਈ ਕਿਹਾ ਸੀ। ਕੋਈ ਜ਼ਿੰਮੇ-ਜੁੰਮੇਵਾਰੀ ਨ੍ਹੀਂ ਲੈਣੀ ਆਪਾਂ, ਸਰਕਾਰ ਆਪਾਂ ਆਪਣੇ ਮਗਰ ਪਾਉਣੀ! ਅਰਾਮ ਨਾਲ ਬਹਿ ਨ੍ਹੀਂ ਹੁੰਦਾ ਤੁਹਾਥੋਂ ਘਰੇ।'

ਦਿਲਬਾਗ ਨੇ ਗੋਲੂ ਹੋਰਾਂ ਦੀ ਸਾਰੀ ਸਕੀਮ ਠੱਪ ਕਰ ਦਿੱਤੀ। ਕੁਝ ਦਿਨ ਲੰਘੇ ਤੋਂ ਯੂ.ਪੀ. ਵਾਲਾ ਮਾਮਲਾ ਠੰਡਾ ਪੈ ਗਿਆ ਸੀ ਤੇ ਪੁਲਿਸ ਵਗੈਰਾ ਆਪਣੀ ਰੁਟੀਨ ਵਿੱਚ ਆ ਗਈ। ਇਨ੍ਹਾਂ ਦਿਨ੍ਹਾਂ ਵਿੱਚ ਦਿਲਬਾਗ ਨੇ ਮੁੰਡਿਆਂ ਨੂੰ ਬਾਹਰ ਨਿਕਲਣ ਤੋਂ ਮਨ੍ਹਾਂ ਕਰ ਦਿੱਤਾ ਸੀ। ਉਹ ਘੋੜਿਆਂ ਦੀ ਪ੍ਰੈਕਟਿਸ ਕਰਵਾ ਲਿਆਉਂਦੇ, ਖਾਂਦੇ-ਪੀਂਦੇ, ਡੰਗਰ ਵੱਛਾ ਸਾਂਭਦੇ ਤੇ ਸ਼ਾਮ ਨੂੰ ਆਪਣੇ ਅਹਾਤੇ ਵਿੱਚ ਹੀ ਸਖਤ ਪ੍ਰੈਕਟਿਸ ਵਿੱਚੋਂ ਦੀ ਗੁਜ਼ਰਦੇ। ਦਿਲਬਾਗ ਨੇ ਹੁਣ ਉਨ੍ਹਾਂ ਨੂੰ ਕੂਹਣੀਆਂ ਭਾਰ ਤੁਰਨ ਅਤੇ ਇੱਕ ਪਾਸੇ ਨੂੰ ਲੋਟਣੀਆਂ ਲੈ ਕੇ ਅੱਗੇ ਵਧਣ, ਰੱਸਾ ਚੜ੍ਹਨ ਦੀ ਵੀ ਪ੍ਰੈਕਟਿਸ ਕਰਵਾਉਣੀ ਸ਼ੁਰੂ ਕਰ ਦਿੱਤੀ। ਇਹ ਸਾਰਾ ਕੁਝ ਮਿਲਟਰੀ ਟਰੇਨਿੰਗ ਦਾ ਹਿੱਸਾ ਸੀ। ਦਿਲਬਾਗ ਆਪ ਮਿਲਟਰੀ ਟਰੇਨਿੰਗ ਅਤੇ ਗੁਰੀਲਾ ਵਾਰ ਫੇਅਰ ਬਾਰੇ ਕਿਤਾਬਾਂ ਪੜ੍ਹਨ ਲੱਗਾ। ਉਹਨੂੰ ਪਤਾ ਸੀ, ਦਿਨ ਸਖਤ ਆਉਣ ਵਾਲੇ ਹਨ। ਉਹ ਦੋਹਾਂ ਮੁੰਡਿਆਂ ਨੂੰ ਵੀ ਨਵੇਂ ਹਾਲਾਤ ਬਾਰੇ ਤਿਆਰ ਕਰਨ ਲੱਗਾ। ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਦੇਰ ਤੱਕ ਉਨ੍ਹਾਂ ਨਾਲ ਗੱਲਾਂ ਕਰਦਾ। ਇਹ ਗੱਲ ਉਹ ਵਾਰ ਵਾਰ ਕਹਿੰਦਾ 'ਆਪਾਂ ਮੁੰਡਿਓ ਕੋਈ ਵਧੀਕੀ ਨਹੀਂ ਕਰਨੀ ਕਿਸੇ ਨਾਲ, ਕਿਸੇ 'ਤੇ ਪਹਿਲਾਂ ਹਮਲਾ ਨ੍ਹੀਂ ਕਰਨਾ, ਪਰ ਜਿਹੜਾ ਸਾਡੇ ਰਾਹ ਵਿੱਚ ਰੋੜਾ ਬਣੂ, ਉਹਨੂੰ ਹਟਾ ਦੇਣਾ। ਜਿਹੜਾ ਚੜ੍ਹ ਕੇ ਆਊ ਉਹਦਾ ਕੀਮਾ ਬਣਾ ਦੇਣਾ।'

ਉਹਨੇ ਸਾਈਨਾਇਡ ਵਾਲੇ ਤਵੀਤਾਂ ਦਾ ਗੁੱਛਾ ਕੱਢਿਆ, ਤਿੰਨ ਤਵੀਤਾਂ ਨੂੰ ਇੱਕ ਅਨ੍ਹੋਬੜ ਸੁਨਿਆਰੇ ਦੇ ਕੋਲ ਬੈਠ ਕੇ ਸੋਨੇ ਦੀਆਂ ਜੰਜੀਰਾਂ ਵਿੱਚ ਇਸ ਤਰ੍ਹਾਂ ਜੜਵਾਇਆ ਕਿ ਇਹ ਚੱਬਣੇ ਸੌਖੇ ਰਹਿਣ। ਇੱਕ ਆਪਣੇ ਗਲ ਵਿੱਚ ਪਾ ਲਿਆ ਅਤੇ ਦੋ ਦੂਜੇ ਮੁੰਡਿਆਂ ਦੇ ਗਲ ਵਿੱਚ ਪਾ ਦਿੱਤੇ; 'ਇਹ ਹੁਣ ਲਾਹੁਣੇ ਨ੍ਹੀਂ, ਜਾਣ ਤੇ ਤੁਹਾਡੀ ਜਾਨ ਦੇ ਨਾਲ ਹੀ।' ਦਿਲਬਾਗ ਪਾਠ ਪੂਜਾ ਦਾ ਤਾਂ ਆਦੀ ਨਹੀਂ ਸੀ, ਪਰ ਹੁਣ ਉਹ ਸਵੇਰੇ-ਸ਼ਾਮ ਦਰਬਾਰ ਸਾਹਿਬ ਤੋਂ ਆਉਣ ਵਾਲੇ ਕੀਰਤਨ ਨੂੰ ਸੁਣਨ ਲਗਦਾ। ਟੀ.ਵੀ. ਦੀ ਆਵਾਜ਼ ਉਚੀ ਕਰ ਦਿੰਦਾ ਤਾਂ ਕੇ ਬਾਣੀ ਦੂਜੇ ਮੁੰਡਿਆ ਦੇ ਕੰਨਾਂ ਵਿੱਚ ਪੈਂਦੀ ਰਹੇ। ਕਦੀ ਕਦੀ ਆਪਣੇ ਫੋਨ ਵਿੱਚ ਰਿਕਾਰਡ ਕੀਤੇ ਹੋਏ ਨਿੱਤਨੇਮ ਨੂੰ ਉਚੀ ਕਰਕੇ ਲਗਾ ਦਿੰਦਾ। ਇਹ ਚੀਜਾਂ ਉਸ ਦੀ ਰੂਹ ਨੂੰ ਜਿਵੇਂ ਰਾਹਤ ਬਖਸ਼ਦੀਆਂ। ਗੋਲੂ ਕਦੀ ਕਦੀ ਆਖਦਾ, 'ਦੇਖੀਂ ਬਾਈ ਸਾਨੂੰ ਛੱਡ ਕੇ ਕਿਸੇ ਗੁਰਦੁਆਰੇ ਦਾ ਭਾਈ ਨਾ ਬਣ ਜੀਂ।' ਉਹ ਹੱਸ ਪੈਂਦਾ ਤੇ ਆਖਦਾ, 'ਜੇ ਮੈਂ ਪਾਠੀ ਬਣਿਆ ਤਾਂ ਤੁਸੀਂ ਵੀ ਪਾਠੀ ਹੀ ਬਣੋਗੇ। ਥੋਨੂੰ ਛੱਡ ਕੇ ਕਿਤੇ ਨ੍ਹੀਂ ਜਾਂਦਾ ਮੈਂ, ਇਹ ਪੱਥਰ 'ਤੇ ਲਕੀਰ ਰਹੀ।' ਮੁੰਡੇ ਉਹਦੇ ਮੁਰੀਦ ਹੋ ਜਾਂਦੇ। ਪਿਆਰ ਹੋਰ ਗੂੜ੍ਹਾ ਹੋਣ ਲਗਦਾ।

ਦਿਨੇ ਹੁਣ ਉਨ੍ਹਾਂ ਕੋਲ ਮੱਝਾਂ ਤੇ ਘੋੜਿਆਂ ਦੇ ਖਰੀਦਦਾਰ ਆਉਣ ਲੱਗੇ। ਕਈ ਵਾਰ ਤਾਂ ਸਾਰਾ ਦਿਨ ਮੇਲਾ ਲੱਗਿਆ ਰਹਿੰਦਾ। ਉਹ ਪਸ਼ੂ ਮੇਲਿਆਂ 'ਤੇ ਵੀ ਆਪਣੀਆਂ ਮੱਝਾਂ ਲਿਜਾਣ ਲੱਗੇ ਸਨ। ਗੋਲੂ ਹੋਰਾਂ ਲਈ ਇਹ ਖਾਸਾ ਰੁਝੇਵਾਂ ਬਣਿਆ ਰਹਿੰਦਾ।

ਇੱਕ ਦਿਨ ਸਵਖਤੇ ਦਿਲਬਾਗ ਨੇ ਸ਼ੀਸ਼ੇ ਮੂਹਰੇ ਖਲੋ ਕੇ ਗੁਲਾਬੀ ਸਾਫਾ ਬੰਨ੍ਹਿਆ, ਜਿਵੇਂ ਜੰਨ ਚੜ੍ਹਨਾ ਹੋਵੇ। ਸਾਫੇ ਨੂੰ ਠੀਕ ਠਾਕ ਕੀਤਾ। ਸਿਰ 'ਤੇ ਬੰਨ੍ਹੀ ਪੱਗ ਨਾਲ ਉਹਨੂੰ ਉੜਕਾਂ ਦਾ ਰੂਪ ਚੜ੍ਹਿਆ। ਉਹਨੂੰ ਲੱਗਾ, ਮੈਨੂੰ ਪੱਗ ਬੰਨ੍ਹਣੀ ਚਾਹੀਦੀ। ਦੋਨੋ ਮੁੰਡਿਆਂ ਦੇ ਵੀ ਇੱਕੋ ਥਾਨ ਵਿੱਚੋਂ ਪੜਵਾਏ ਸਾਫੇ ਬੰਨ੍ਹਵਾਏ। ਫਿਰ ਉਹ ਤਿੰਨੋਂ ਘੋੜਿਆਂ ਦੀਆਂ ਵਾਗਾਂ ਫੜ ਕੇ ਉਨ੍ਹਾਂ ਨੂੰ ਦੌੜਾਉਣ ਲੱਗੇ। ਖਾਸੀ ਦੂਰ ਤੱਕ ਆਪ ਨਾਲ ਦੌੜੇ, ਜਦੋਂ ਥਕਵਾਟ ਹੋਈ ਤਾਂ ਘੋੜਿਆਂ 'ਤੇ ਸਵਾਰ ਹੋ ਗਏ। 'ਅੱਜ ਆਪਾਂ ਥੋੜ੍ਹੀ ਦੂਰ ਜਾਣਾ, ਮੇਰੇ ਮਗਰ ਆਉਂਦੇ ਰਿਹੋ,' ਦਿਲਬਾਗ ਨੇ ਕਿਹਾ। ਸਤਲੁਜ ਦਰਿਆ ਇੱਥੋਂ 20 ਕੁ ਕਿਲੋਮੀਟਰ ਦੀ ਵਿੱਥ 'ਤੇ ਸੀ। ਪਿੰਡੋ ਪਿੰਡੀ ਹੁੰਦੇ ਉਹ ਦਰਿਆ ਦੇ ਕੰਢੇ ਜਾ ਪੁੱਜੇ। ਦਿਲਬਾਗ ਉਨ੍ਹਾਂ ਤੋਂ ਕਈ ਵਾਰ ਖਾਸਾ ਦੂਰ ਨਿਕਲ ਜਾਂਦਾ। ਫਿਰ ਰੁਕ ਕੇ ਉਨ੍ਹਾਂ ਨੂੰ ਨਾਲ ਰਲਾ ਲੈਂਦਾ। ਉਹਦੇ ਕੋਲ ਰਾਣੀ (ਘੋੜੀ) ਸੀ। ਇਹ ਘੋੜੀ ਉਹਨੇ ਕਈ ਦੇਰ ਤੋਂ ਵੇਚੀ ਨਹੀਂ ਸੀ। ਚੜ੍ਹਦੇ ਸੂਰਜ ਦੀ ਲਾਲੀ ਉਹਦੇ ਮੂੰਹ 'ਤੇ ਪੈ ਰਹੀ ਸੀ। ਗੁਲਾਬੀ ਸਾਫੇ ਹੇਠ ਉਹਦਾ ਚਿਹਰਾ ਹੋਰ ਦਗਣ ਲੱਗਾ। ਰਾਣੀ ਨਾਲ ਉਹ ਇਸ ਤਰ੍ਹਾਂ ਖੇਡਦਾ ਜਿਵੇਂ ਸਦੀਆਂ ਤੋਂ ਘੋਵਸਵਾਰੀ ਜਾਣਦਾ ਹੋਵੇ। ਉਹਦੀ ਘੋੜੀ ਹੁਣ ਉਹਦੇ ਨਾਲ ਇੱਕ ਮਿੱਕ ਹੋ ਗਈ ਸੀ। ਉਹਦੇ ਨਾਲ ਇਸ ਤਰ੍ਹਾਂ ਲਾਡ ਕਰਦੀ, ਜਿਵੇਂ ਉਹਦੀ ਰੂਹ ਦਾ ਹੀ ਕੋਈ ਟੋਟਾ ਹੋਵੇ। ਦਰਿਆ ਦੇ ਕੰਢੇ ਜਾ ਕੇ ਉਹ ਰੁਕ ਗਿਆ। ਪੱਧਰੇ ਪੱਤਣ ਤੋਂ ਘੋੜੀ ਨੂੰ ਪਾਣੀ ਪਿਆਇਆ। ਉਹਦੇ ਪਿੰਡੇ 'ਤੇ ਹੱਥ ਫੇਰਿਆ, ਥਾਪੀ ਦਿੱਤੀ। ਜਦ ਨੂੰ ਅੰਬੇ ਹੋਰੀਂ ਵੀ ਪੁੱਜ ਗਏ। ਉਨ੍ਹਾਂ ਤਿੰਨਾਂ ਘੋੜਿਆਂ ਨੂੰ ਲਾਗੇ ਖੜ੍ਹੇ ਦਰਖਤਾਂ ਨਾਲ ਬੰਨ੍ਹ ਦਿੱਤਾ। ਦਰਿਆ ਕੰਢੇ ਖਲੋ ਕੇ ਦਿਲਬਾਗ ਨੇ ਦੋਹਾਂ ਮੁੰਡਿਆਂ ਨੂੰ ਗਲਵੱਕੜੀ ਵਿੱਚ ਲੈ ਲਿਆ। 'ਮਿੰਟ ਕੁ ਖਲੋ ਜੋ ਗੋਲੂ-ਅੰਬੇ ਸੂਰਜ ਵੱਲ ਨੂੰ ਮੂੰਹ ਕਰਕੇ, ਵਗਦਾ ਦਰਿਆ ਆਪਣੀ ਫੋਟੋ ਖਿੱਚ ਲਵੇ। ਆਪਾਂ ਕੱਚੀਆਂ ਫੋਟੋਆਂ ਨੀ ਖਿਚਾਉਣੀਆਂ। ਸ਼ੋਹਰਤਾਂ, ਜ਼ਿੰਮੇਵਾਰੀਆ ਨ੍ਹੀਂ ਚਾਹੀਦੀਆਂ ਆਪਾਂ ਨੂੰ। ਇਹ ਧਰਤੀ, ਇਹ ਵਗਦੇ ਪਾਣੀ ਆਪਾਂ ਨੂੰ ਯਾਦ ਰੱਖਣ, ਬਸ ਇੰਨੀ ਕੁ ਹੀ ਰੀਝ ਰਹੇ। ਇਹਦੇ ਹੀ ਜਾਏ ਹਾਂ ਆਪਾਂ, ਇਹਦੇ ਲਈ ਹੀ ਮਰ ਮਿਟ ਜਾਣਾ।' ਇੱਕੋ ਥਾਨ ਵਿੱਚੋਂ ਪੜਵਾਏ ਗੁਲਾਬੀ ਸਾਫਿਆਂ ਹੇਠ ਤਿੰਨਾਂ ਦੇ ਚਿਹਰੇ ਸੂਰਜ ਨਾਲ ਸੂਰਜ ਹੋ ਗਏ। ਸਤਲੁਜ ਉਨ੍ਹਾਂ ਦੀਆਂ ਅੱਖਾਂ ਵਿੱਚ ਵੀ ਵਗਣ ਲੱਗਾ। ਸਤਲੁਜ ਨੇ ਉਨ੍ਹਾਂ ਦੇ ਅਕਸ ਵੀ ਉਤਾਰ ਲਏ ਸਨ।

---

ਇਹ ਐਤਵਾਰ ਦਾ ਦਿਨ ਸੀ। ਦਿਲਬਾਗ ਅੱਜ ਤੜਕੇ ਉੱਠ ਖਲੋਇਆ ਸੀ। ਕਿਸੇ ਅਵੱਲੇ ਜਿਹੇ ਸੁਪਨੇ ਨੇ ਉਸ ਦੀ ਨੀਂਦ ਤੋੜ ਦਿੱਤੀ। ਫਿਰ ਕਈ ਦੇਰ ਉਹ ਬਿਸਤਰੇ ਵਿੱਚ ਪਿਆ ਰਿਹਾ, ਪਰ ਨੀਂਦ ਨਾ ਆਈ। ਸਵੇਰ ਦੇ ਸਾਡੇ ਚਾਰ ਵੱਜ ਗਏ। ਉਸ ਨੇ ਆਪਣੇ ਫੋਨ ਵਿੱਚ ਰਿਕਾਰਡ ਨਿੱਤਨੇਮ ਲਗਾ ਲਿਆ। ਮਨ ਨੂੰ ਕੁਝ ਸਕੂਨ ਆਇਆ। ਹਿੰਮਤ ਕਰ ਕੇ ਉਹ ਉੱਠ ਖਲੋਇਆ, ਆਪਣੇ ਲਈ ਚਾਹ ਦਾ ਕੱਪ ਬਣਾਇਆ। ਚਾਹ ਪੀਂਦਿਆਂ ਬਾਣੀ ਚਲਦੀ ਰਹੀ। ਨਿੱਤਨੇਮ ਦੇ ਪੂਰਾ ਹੋਣ ਤੱਕ ਉਹਦਾ ਮਨ ਸਕੂਨ ਵਿੱਚ ਰਿਹਾ। ਪਾਠ ਦੇ ਖਤਮ ਹੁੰਦਿਆਂ ਹੀ ਮਨ ਵਿੱਚ ਫਿਰ ਸੁਪਨੇ ਵਾਲੀ ਰੀਲ ਚੱਲ ਪਈ। ਪੈਹ ਸੀਰਨ ਵੇਲੇ ਤੱਕ ਛੋਟੇ ਵੀ ਉਠ ਖਲੋਏ ਸਨ। ਉਹ ਪੂਰਬੀਏ ਨਾਲ ਮਿਲ ਕੇ ਪਸ਼ੂਆਂ ਨੂੰ ਪੱਠੇ ਪਾਉਣ ਲੱਗੇ। ਫਿਰ ਧਾਰਾਂ ਕੱਢਣ ਲੱਗੇ। ਇਹ ਸਾਰਾ ਸਮਾਂ ਦਿਲਬਾਗ ਵਿਹੜੇ ਵਿੱਚ ਇਕੱਲਾ ਘੁੰਮਦਾ ਰਿਹਾ। ਕੰਮ ਮੁਕਾ ਕੇ ਛੋਟੇ ਵੀ ਉਹਦੇ ਮਗਰ ਘੁੰਮਣ ਲੱਗੇ। 'ਕਿਵੇਂ ਬਾਈ ਅੱਜ ਉਖੜਿਆ ਜਿਹਾ ਫਿਰਦਾਂ,' ਅੰਬੇ ਨੇ ਉਹਦੇ ਮਗਰ ਹੁੰਦਿਆਂ ਗੱਲ ਤੋਰੀ। ਨੌਕਰ ਪਸ਼ੂਆਂ ਨੂੰ ਨਹਾਉਣ-ਧੋਣ ਦੇ ਕੰਮ ਵਿੱਚ ਰੁੱਝਿਆ ਹੋਇਆ ਸੀ। ਉਹ ਦੋਹਾਂ ਨੂੰ ਅੰਦਰ ਲੈ ਗਿਆ। 'ਦਰਵਾਜ਼ਾ ਬੰਦ ਕਰਦੇ ਗੋਲੂ ਤੇ ਅੰਦਰੋਂ ਕੁੰਡੀ ਮਾਰ ਦੇ।' ਦਿਲਬਾਗ ਨੇ ਗੋਲੂ ਨੂੰ ਜਿਵੇਂ ਹਦਾਇਤ ਕੀਤੀ। ਉਹਨੇ ਬੂਹਾ ਭੇੜ ਕੇ ਕੁੰਡੀ ਮਾਰ ਦਿੱਤੀ। ਉਹ ਤਿੰਨੋ ਡਾਈਨਿੰਗ ਟੇਬਲ 'ਤੇ ਆਹਮੋ-ਸਾਹਮਣੇ ਬੈਠ ਗਏ। 'ਤੈਨੂੰ ਭਾਈ ਗੁਲਵਿੰਦਰ ਸਿਆਂ ਹੁਣ ਸਾਡੇ ਨਾਲੋਂ ਵੱਖਰਾ ਹੋਣਾ ਪੈਣਾ' ਗੋਲੂ ਵੱਲ ਇਸ਼ਾਰਾ ਕਰਕੇ ਦਿਲਬਾਗ ਨੇ ਸਹਿਜ ਭਾਅ ਆਖਿਆ।

'ਕਿਉਂ ਬਾਈ ਮੈਥੋਂ ਕੀ ਗਲਤੀ ਹੋ'ਗੀ!' ਗੋਲੂ ਹੈਰਾਨ ਜਿਹਾ ਹੋ ਕੇ ਬੋਲਿਆ।



'ਗਲਤੀ ਕੋਈ ਨ੍ਹੀਂ ਹੋਈ ਤੈਥੋਂ, ਪਰ ਆਪਣਾ ਸਾਰਿਆਂ ਦਾ ਇੱਕ ਥਾਂ ਰਹਿਣਾ ਹੁਣ ਠੀਕ ਨ੍ਹੀਂ। ਤੂੰ ਸਤਲੁਜ ਦੇ ਆਰ-ਪਾਰ ਕਿਸੇ ਪਿੰਡ/ਕਸਬੇ ਵਿੱਚ ਕੋਈ ਕਿਰਾਏ ਦਾ ਮਕਾਨ ਵੇਖ। ਉਥੇ ਆਪਣੇ ਬੇਬੇ-ਬਾਪੂ ਨੂੰ ਵੀ ਨਾਲ ਰੱਖ। ਜੇ ਆਉਂਦਾ ਤਾਂ ਸੀਤੇ ਨੂੰ ਵੀ ਨਾਲ ਲੈ ਆਵੀਂ। ਛੋਟੀ-ਮੋਟੀ ਕੋਈ ਦੁਕਾਨ ਵਗੈਰ ਪਾ ਦਈਂ ਉਨ੍ਹਾਂ ਨੂੰ ਪਰਚੂਨ ਵਗੈਰਾ ਦੀ। ਬਜ਼ੁਰਗ ਤੇ ਮਾਤਾ ਰੁੱਝੇ ਰਿਹਾ ਕਰਨਗੇ। ਇੱਕ-ਦੋ ਛੋਟੇ ਤੇ ਇੱਕ-ਅੱਧਾ ਵੱਡਾ ਹਥਿਆਰ ਲੈ ਜਾ ਨਾਲ। ਇੱਕ-ਅੱਧੀ ਰੌਂਦਾਂ ਦੀ ਪੇਟੀ ਵੀ ਲੈ ਜਾ। ਵਧ ਚਾਹੀਦੇ, ਹੋਰ ਲੈ ਜਾ। ਕੁਝ ਪੈਸੇ ਦੇ ਦੇਨਾਂ ਮੈਂ ਤੈਨੂੰ। ਜੇ ਛੋਟਾ-ਮੋਟਾ ਮਕਾਨ ਸਸਤਾ ਮਿਲ ਜਾਵੇ ਤਾਂ ਆਪਣਾ ਹੀ ਖਰੀਦ ਲਵੀਂ। ਇਹ ਕੰਮ ਜਿੰਨਾ ਛੇਤੀ ਹੋ ਸਕੇ, ਕਰੀਂ। ਜੇ ਕਦੀ ਤੈਨੂੰ ਪਤਾ ਲੱਗੇ ਬਈ ਅਸੀਂ ਘਿਰ ਗਏ ਹਾਂ ਤਾਂ ਤੁਰੰਤ ਬਾਹਰੋਂ ਹਮਲਾ ਕਰਨ ਦਾ ਯਤਨ ਕਰੀਂ। ਮਜ਼ਲੂਮ 'ਤੇ ਹੱਥ ਨ੍ਹੀਂ ਚੁੱਕਣਾ, ਅਰਾਮ ਨਾਲ ਰਹਿਣਾ, ਆਲੇ-ਦੁਆਲੇ ਨਾਲ ਬਣਾ ਕੇ ਰੱਖਣੀ। ਲਾਲਚ ਲਈ ਕੋਈ ਕੰਮ ਨਾ ਕਰੀਂ। ਕੋਈ ਜ਼ਰੂਰਤ ਹੋਵੇ ਤਾਂ ਮੇਰੇ ਕੋਲ ਆ ਜਾਵੀਂ ਜਾਂ ਵੀਰਦੀਪ ਦੀ ਸਲਾਹ ਲਵੀਂ। ਆਪਾਂ ਮਿਲਦੇ ਰਹਾਂਗੇ, ਪਰ ਸਾਨੂੰ ਆਪਣਾ ਟਿਕਾਣਾ ਨਾ ਦੱਸੀਂ। ਕੋਈ ਬੰਦਾ ਆਪਣੇ ਨਾਲ ਜੋੜਨਾ ਹੋਵੇ ਤਾਂ ਬੜਾ ਵੇਖ-ਪਰਖ ਕੇ ਜੋੜੀਂ। ਕੰਪਿਊਟਰ ਤੇ ਲੈਟਰ ਪੈਡ ਵਗੈਰਾ ਵੀ ਲੈ ਜਾ ਚੁੱਕ ਕੇ। ਪਰ ਹਾਲੇ ਜ਼ਿੰਮੇਵਾਰੀਆਂ ਵਾਲੇ ਚੱਕਰ 'ਚ ਨਾ ਪਵੀਂ। ਹਾਲੇ ਆਪਾਂ ਇੰਨੇ ਜੋਗੇ ਨ੍ਹੀਂ ਹੋਏ।' ਦਿਲਬਾਗ ਨੇ ਅੱਜ ਉਹਨੂੰ ਲੰਮੀ ਤਾਕੀਦ ਕੀਤੀ।

'ਪਰ ਕਿਉਂ ਬਾਈ?' ਗੋਲੂ ਉਦਾਸ ਹੋ ਗਿਆ।

'ਕਿਉਂ ਤਾਂ ਅੱਧੀ ਲੜਾਈ ਹੁੰਦੀ ਗੋਲੂ, ਹੁਣ ਤੂੰ ਉਡਾਰ ਹੋ ਗਿਆਂ, ਜਿਵੇਂ ਮੈਂ ਕਹਿੰਨਾ ਉਵੇਂ ਕਰ। ਇਹਦੇ ਵਿੱਚ ਹੀ ਆਪਣਾ ਸਾਰਿਆਂ ਦਾ ਭਲਾ ਤੇ ਅੱਜ ਹੀ ਨਿਕਲ ਜਾ।' ਦਿਲਬਾਗ ਨੇ ਮੁੰਡੇ ਦੇ ਸਾਰੇ ਸਵਾਲ ਸ਼ਾਂਤ ਕਰ ਦਿੱਤੇ।

---

ਅਗਲੇ ਇੱਕ-ਦੋ ਕੁ ਦਿਨ ਗੋਲੂ ਸਤਲੁਜ ਦੇ ਦੁਆਬੇ ਅਤੇ ਮਾਲਵੇ ਵਾਲੇ ਪਾਸੇ ਰਿਮੋਟ ਜਿਹੇ ਪਿੰਡਾਂ/ਕਸਬਿਆਂ ਵਿੱਚ ਘੁੰਮਦਾ ਰਿਹਾ। ਆਪਣੇ ਕਬੱਡੀ ਵਾਲੇ ਦਿਨਾਂ ਦੇ ਕੁਝ ਦੋਸਤਾਂ ਨੂੰ ਮਿਲਿਆ। ਅਖੀਰ ਦਰਿਆ ਤੋਂ ਦਸ ਕੁ ਕਿਲੋਮੀਟਰ ਦੂਰ ਇੱਕ ਰਿਮੋਟ ਜਿਹੇ ਪਿੰਡ ਵਿੱਚ ਕਿਸੇ ਪਰਵਾਸੀ ਦੀ ਕੋਠੀ ਉਸ ਨੂੰ ਮਿਲ ਗਈ। ਘਰ ਦਾ ਸਾਰਾ ਸਾਜ਼ੋ ਸਮਾਨ ਅਤੇ ਹੋਰ ਨਿੱਕ-ਸੁੱਕ ਦੇ ਕੇ ਦਿਲਬਾਗ ਨੇ ਉਸ ਨੂੰ ਨਾਲ ਦਸ ਲੱਖ ਰੁਪਏ ਦੇ ਦਿੱਤੇ। ਅਗਲੇ ਦਿਨ ਤੜਕੇ ਢਾਈ ਵਜੇ ਉਹ ਆਪਣੇ ਪਿੰਡ ਗਿਆ। ਬਾਪੂ ਬੇਬੇ ਨੂੰ ਜ਼ਰੂਰੀ ਜਿਹਾ ਸਮਾਨ ਬੰਨ੍ਹਣ ਲਈ ਕਿਹਾ ਅਤੇ ਘਰ ਨੂੰ ਜੰਦਰਾ ਮਾਰ ਕੇ ਨਵੀਂ ਕੋਠੀ ਵਿੱਚ ਲੈ ਆਇਆ। ਇੰਨਾ ਖੁੱਲ੍ਹਾ ਤੇ ਸੋਹਣਾ ਮਕਾਨ ਵੇਖ ਕੇ ਇੱਕ ਵਾਰ ਤਾਂ ਮਾਪਿਆਂ ਦੀ ਰੂਹ ਖੁਸ਼ ਹੋ ਗਈ। ਇੱਕ ਬੈਠਕ ਦਾ ਬੂਹਾ ਪਿੰਡ ਦੀ ਫਿਰਨੀ ਵੱਲ ਖੁੱਲ੍ਹਦਾ ਸੀ। ਉਸ ਵਿੱਚ ਬੇਬੇ-ਬਾਪੂ ਲਈ ਗੋਲੂ ਨੇ ਪਰਚੂਨ ਦੀ ਦੁਕਾਨ ਖੋਲ੍ਹ ਦਿੱਤੀ। ਵਾਹਵਾ ਸਮਾਨ ਪਾ ਦਿੱਤਾ ਸੀ। ਬਜ਼ੁਰਗ ਛੇਤੀ ਹੀ ਨਵੀਂ ਜਿੰਦਗੀ ਵਿੱਚ ਰੁਝ ਗਏ। ਇੰਨੇ ਸੁਖਾਵੇਂ ਤੇ ਖੁੱਲ੍ਹੇ-ਡੁੱਲ੍ਹੇ ਥਾਂ ਰਹਿਣ ਦਾ ਉਨ੍ਹਾਂ ਕਦੇ ਸੁਪਨਾ ਵੀ ਨਹੀਂ ਸੀ ਲਿਆ। ਥੋੜ੍ਹੇ ਦਿਨਾਂ ਵਿੱਚ ਦੁਕਾਨ ਚੰਗੀ ਚਲ ਪਈ। ਕੋਠੀ ਵਿੱਚ ਕਮਰੇ ਵਾਧੂ ਸਨ। ਉਨ੍ਹਾਂ ਸਿਰਫ ਚਾਰ ਕਮਰੇ ਹੀ ਖੁਲ੍ਹਵਾਏ, ਇੱਕ ਬੇਬੇ-ਬਾਪੂ ਲਈ, ਇੱਕ ਦੁਕਾਨ ਲਈ ਤੇ ਦੋ ਗੋਲੂ ਨੇ ਆਪਣੇ ਲਈ। ਉਨ੍ਹਾਂ ਦੇ ਵਰਤਣ ਲਈ ਇੱਕ ਰਸੋਈ ਵੀ ਖੋਲ੍ਹ ਦਿੱਤੀ ਗਈ ਸੀ। ਗੋਲੂ ਨੇ ਆਪਣਾ ਅਸਲਾ ਵਗੈਰਾ ਅਤੇ ਆਪਣਾ ਜ਼ਰੂਰੀ ਸਮਾਨ ਆਪਣੇ ਲਈ ਖਰੀਦੀ ਵੱਖਰੀ ਪੇਟੀ ਵਿੱਚ ਰੱਖ ਲਿਆ ਸੀ। ਸੀਤੇ ਨੂੰ ਹਾਲ ਦੀ ਘੜੀ ਉਨ੍ਹਾਂ ਉਥੇ ਹੀ ਰਹਿਣ ਦਿੱਤਾ, ਜਿਥੇ ਉਹ ਰਹਿੰਦਾ ਸੀ।

---

ਰਾਤ ਵੇਲੇ ਤਾਂ ਦਿਲਬਾਗ ਪੁਲਿਸ ਦੀ ਨਕਲੋ ਹਰਕਤ ਤੋਂ ਸੁਚੇਤ ਰਹਿੰਦਾ ਸੀ। ਦਿਨ ਵੇਲੇ ਥੋੜ੍ਹਾ ਅਵੇਸਲਾ ਹੋ ਜਾਂਦਾ। ਕੁਝ ਸਮਾਂ ਲੰਘਣ ਤੋਂ ਬਾਅਦ ਉਹਨੂੰ ਜਾਪਣ ਲੱਗਾ ਸੀ ਬਈ ਸੁਪਨੇ-ਸੁਪਨੇ ਹੁੰਦੇ ਹਨ, ਬਹੁਤਾ ਡਰਨ ਦੀ ਵੀ ਲੋੜ ਨਹੀਂ। ਬੇਫਿਕਰੀ ਉਸ ਦੇ ਸੁਭਾਅ ਦਾ ਹਿੱਸਾ ਸੀ। ਉਹ ਤੇ ਅੰਬਾ ਹੁਣ ਫਿਰ ਸਵੇਰੇ ਘੋੜਸਵਾਰੀ ਲਈ ਨਿਕਲਦੇ। ਗੋਲੂ ਦੇ ਜਾਣ ਤੋਂ ਬਾਅਦ ਕੁਝ ਦਿਨ ਤੱਕ ਘੋੜ ਸਵਾਰੀ ਵੇਲੇ ਉਹ ਛੋਟੇ ਹਥਿਆਰ ਨਾਲ ਰੱਖਦੇ ਰਹੇ। ਫਿਰ ਉਨ੍ਹਾਂ ਨੂੰ ਲੱਗਾ ਇਨ੍ਹਾਂ ਦੇ ਨਾਲ ਹੋਣ 'ਤੇ ਦੌੜਨ ਵਿੱਚ ਦਿੱਕਤ ਆਉਂਦੀ ਹੈ। ਹੁਣ ਉਹ ਸਵੇਰ ਵੇਲੇ ਬਿਨਾ ਹਥਿਆਰਾਂ ਤੋਂ ਹੀ ਘੋੜ ਸਵਾਰੀ ਕਰਨ ਨਿਕਲ ਜਾਂਦੇ। ਦਿਲਬਾਗ ਕੋਲ ਰਾਣੀ ਹੁੰਦੀ ਤੇ ਅੰਬਾ ਹਰ ਆਏ ਦਿਨ ਬਦਲ-ਬਦਲ ਕੇ ਘੋੜਾ ਲੈ ਜਾਂਦਾ। ਇੰਜ ਚਾਰਾਂ-ਪੰਜਾਂ ਜਾਨਵਰਾਂ ਦੀ ਪ੍ਰੈਕਟਿਸ ਹੋ ਜਾਂਦੀ ਸੀ। ਫਿਰ ਤਿੰਨ ਘੋੜੇ ਉਨ੍ਹਾਂ ਵੇਚ ਦਿੱਤੇ ਅਤੇ ਰਾਣੀ ਤੇ ਜੈਮਲ ਦੀ ਉਹ ਰੋਜ਼ ਪ੍ਰੈਕਟਿਸ ਕਰਵਾਉਣ ਲੱਗੇ। ਜੈਮਲ ਅੰਬੇ ਨੇ ਆਪਣੇ ਖਾਸ ਘੋੜੇ ਦਾ ਨਾਂ ਰੱਖਿਆ ਹੋਇਆ ਸੀ।

ਇੱਕ ਦਿਨ ਉਹ ਬਾਅਦ ਦੁਪਹਿਰ ਦੋ ਕੁ ਵਜੇ ਘੋੜੇ ਲੈ ਕੇ ਨਿਕਲੇ। ਕਿਸੇ ਕਾਰਨ ਸਵੇਰੇ ਜਾ ਨਹੀਂ ਸਨ ਸਕੇ। ਦਿਲਬਾਗ ਦਾ ਮਨ ਸੀ ਕੇ ਅੱਜ ਘੋੜਿਆਂ ਨਾਲ ਦਰਿਆ ਪਾਰ ਕਰਕੇ ਵੇਖਦੇ ਹਾਂ। ਉਨ੍ਹਾਂ ਨੂੰ ਨਿਕਲਿਆਂ ਨੂੰ ਪੌਣਾ ਕੁ ਘੰਟਾ ਹੋਇਆ ਸੀ ਕਿ ਪਿੱਛੋਂ ਕੋਠੀ ਨੂੰ ਪੁਲਿਸ ਦਾ ਘੇਰਾ ਪੈ ਗਿਆ। ਘੇਰਾ ਪੰਜਾਬ, ਯੂ.ਪੀ. ਦੀ ਪੁਲਿਸ ਤੇ ਨੀਮ ਫੌਜੀ ਦਲਾਂ ਨੇ ਸਾਂਝੇ ਰੂਪ ਵਿੱਚ ਪਾਇਆ ਸੀ। ਮੁਸਲਮਾਨ ਮੁੰਡਾ ਸਲੀਮ ਪੁਲਿਸ ਦੀ ਹਿਰਾਸਤ ਵਿੱਚ ਸੀ। ਦਿਲਬਾਗ ਹੋਰੀਂ ਸਤਲੁਜ ਤੋਂ ਦੋ ਕੁ ਮੀਲ ਹੀ ਦੂਰ ਸਨ ਕਿ ਤਿੰਨ ਪਾਸਿਆਂ ਤੋਂ ਉਨ੍ਹਾਂ 'ਤੇ ਫਾਇਰਿੰਗ ਹੋਣ ਲੱਗੀ। ਉਹ ਘੋੜਿਆਂ ਦੀਆਂ ਕਾਠੀਆਂ 'ਤੇ ਲੰਮੇ ਪੈ ਗਏ ਅਤੇ ਸਿਰ ਤੋੜ ਦਰਿਆ ਵੱਲ ਨਿਕਲੇ। ਉਨ੍ਹਾਂ ਕੋਲ ਦੋ ਹੀ ਰਾਹ ਸੰਨ ਜਾਂ ਤੇ ਆਤਮ-ਸਮਰਪਣ ਕਰਨ ਜਾਂ ਫਿਰ ਦਰਿਆ ਵਿੱਚ ਘੋੜੇ ਠਿੱਲ੍ਹਣ ਤੇ ਘੇਰਾ ਤੋੜ ਕੇ ਲੰਘ ਜਾਵਣ। ਦਰਿਆ ਵਿੱਚ ਜੈਮਲ ਨੂੰ ਠਿਲ੍ਹਣ ਤੋਂ ਪਹਿਲਾਂ ਅੰਬਾ ਥੋੜ੍ਹਾ ਜਿਹਾ ਸਿਰ ਚੁੱਕ ਕੇ ਪਿੱਛੇ ਵੇਖਣ ਲੱਗਾ। ਗੋਲੀ ਉਸ ਦੇ ਸਿਰ ਨੂੰ ਚੀਰਦੀ ਹੋਈ ਲੰਘੀ। ਅਗਲੀ ਗੋਲੀ ਨਾਲ ਜੈਮਲ ਵੀ ਜ਼ਖਮੀ ਹੋ ਕੇ ਡਿੱਗ ਪਿਆ। ਦਿਲਬਾਗ ਨੇ ਬਿਨਾ ਅੱਗਾ-ਪਿੱਛਾ ਵੇਖੇ ਰਾਣੀ ਦਰਿਆ ਵਿੱਚ ਠਿੱਲ੍ਹ ਦਿੱਤੀ। ਘੋੜੀ ਹਵਾ ਵਾਂਗ ਪਾਣੀ ਨੂੰ ਚੀਰਦੀ ਪਾਰ ਲੰਘ ਗਈ। ਰਾਣੀ ਦੀ ਪਿੱਠ ਨਾਲ ਚਿਪਕਿਆ ਉਹ ਇੱਕ ਢਲਾਨ ਵੇਖ ਕੇ ਦੁਆਬੇ ਵਾਲੇ ਪਾਸੇ ਦਰਿਆ ਦੀ ਪੰਧੜੀ ਚੜ੍ਹ ਗਿਆ। ਪੰਧੜੀ ਤੋਂ ਪਾਰ ਉਤਰ ਕੇ ਉਹਨੂੰ ਲੱਗਾ ਕਿ ਹੁਣ ਉਸ ਨੇ ਘੇਰਾ ਤੋੜ ਦਿੱਤਾ ਹੈ। ਪਿਛੋਂ ਪੰਧੜੀ ਦੀ ਓਟ ਮਿਲ ਗਈ ਸੀ। ਉਹਨੇ ਸਿਰ ਚੁੱਕ ਕੇ ਘੋੜੀ ਸਿੱਧੀ ਸਰਪਟ ਦੌੜਾਈ। ਉਹ ਹਾਲੇ ਥੋੜ੍ਹਾ ਜਿਹਾ ਹੀ ਅੱਗੇ ਗਿਆ ਸੀ ਕਿ ਤਿੰਨ ਗੋਲੀਆਂ ਉਸ ਦੀ ਹਿੱਕ ਵਿੱਚ ਵੱਜੀਆਂ। ਪੰਤਾਲੇ ਵਾਂਗ ਖੂਨ ਵਗਿਆ। ਅਸਲ ਵਿੱਚ ਪੁਲਿਸ ਨੇ ਅੱਗੜ-ਪਿੱਛੜ ਤੀਹਰਾ ਘੇਰਾ ਪਾਇਆ ਹੋਇਆ ਸੀ, ਸਤਲੁਜ ਦੇ ਆਰ-ਪਾਰ। ਰਾਣੀ ਦੀ ਕਾਠੀ ਖੂਨ ਨਾਲ ਭਿੱਜ ਗਈ। ਦਿਲਬਾਗ ਜ਼ਮੀਨ ਉਪਰ ਡਿੱਗਾ। ਡਿੱਗਦੀ ਸਾਰ ਉਸਦੇ ਪ੍ਰਾਣ ਪੰਖੇਰੂ ਹੋ ਗਏ। ਘੋੜੀ ਅੱਗੇ ਹੀ ਅੱਗੇ ਦੌੜਦੀ ਗਈ। ਪੁਲਿਸ ਘੋੜੀ ਨੂੰ ਛੱਡ ਕੇ ਉਸਦੀ ਲਾਸ਼ ਦੇ ਦੁਆਲੇ ਇਕੱਠੀ ਹੋ ਗਈ। ਰਾਣੀ ਹਨੇਰਾ ਹੋਣ ਵੇਲੇ ਤੱਕ ਕਈ ਪਿੰਡਾਂ ਦੀਆਂ ਜੂਹਾਂ ਵਿੱਚ ਫਿਰਦੀ ਰਹੀ। ਕੋਈ ਬੰਦਾ ਉਸ ਦੇ ਲਾਗੇ ਹੋਣ ਜਾਂ ਉਹਨੂੰ ਫੜਨ ਦਾ ਯਤਨ ਕਰਦਾ, ਉਹ ਫਿਰ ਸਰਪਟ ਦੌੜਨ ਲਗਦੀ ਜਾਂ ਦੁਲੱਤੇ ਮਾਰਨ ਲਗਦੀ। ਕਣਕ ਨਿੱਸਰਨ 'ਤੇ ਆਈ ਹੋਈ ਸੀ। ਤਰੇਲ ਨੇ ਉਸ ਨੂੰ ਪੱਟਾਂ ਤੱਕ ਭਿਉਂ ਦਿੱਤਾ।

---

ਗੋਲੂ ਨੂੰ ਅੱਜ ਤੜਕੇ ਇੱਕ ਭਿਆਨਕ ਸੁਪਨਾ ਆਇਆ। ਉਹ ਅੱਧ ਸੁੱਤੇ ਦੀ ਹਾਲਤ ਵਿੱਚ ਸੀ। ਸੁਪਨੇ ਵਿੱਚ ਉਸ ਨੂੰ ਵਿਖਾਈ ਦਿੱਤਾ ਕਿ ਰਾਣੀ ਦੀ ਪਿੱਠ 'ਤੇ ਲੰਮਾ ਪਿਆ ਬੁਰੀ ਤਰ੍ਹਾਂ ਜ਼ਖਮੀ ਦਿਲਬਾਗ ਬੰਦੂਕ ਦੀ ਨਾਲੀ ਨਾਲ ਉਸ ਦਾ ਬੂਹਾ ਖੜਕਾ ਰਿਹਾ ਹੈ। ਸੁਪਨੇ ਨਾਲ ਗੋਲੂ ਦੀ ਨੀਂਦ ਖੁੱਲ੍ਹ ਗਈ। ਚੱਲ ਰਿਹਾ ਸੁਪਨਾ ਇਕਦਮ ਟੁੱਟਿਆ। ਉਸ ਦਾ ਸਰੀਰ ਪਸੀਨੇ ਨਾਲ ਭਿੱਜਿਆ ਪਿਆ ਸੀ। ਸਰੀਰ 'ਤੇ ਜਿਵੇਂ ਮਣਾ ਮੂੰਹੀਂ ਭਾਰ ਪਿਆ ਹੋਵੇ। ਐਨ ਇਸੇ ਵਕਤ ਘਰ ਦਾ ਬਾਹਰਲਾ ਬੂਹਾ ਜ਼ੋਰ ਨਾਲ ਖੜਕਿਆ। ਗੋਲੂ ਨੇ ਖੇਸ ਦੀ ਬੁੱਕਲ ਮਾਰੀ। ਆਪਣੇ ਸਿਰਹਾਣੇ ਪਿਆ ਪਿਸਤੌਲ ਚੁੱਕਿਆ, ਵਿਹੜੇ ਵਾਲੇ ਗੇਟ ਵੱਲ ਤੁਰ ਪਿਆ। 'ਕੌਣ ਹੈ ਬਈ', ਉਸ ਨੇ ਆਵਾਜ਼ ਦਿੱਤੀ। ਕੋਈ ਮਨੁੱਖੀ ਆਵਾਜ਼ ਨਾ ਆਈ। ਬੂਹੇ ਦੇ ਬਾਹਰੋਂ ਰਾਣੀ ਦੇ ਹਿਣਕਣ ਦੀ ਆਵਾਜ਼ ਆਈ। ਉਸ ਨੇ ਬੂਹੇ ਦੀ ਸਾਈਡ ਵਾਲੀ ਝੀਥ ਵਿੱਚ ਦੀ ਵੇਖਣ ਦਾ ਯਤਨ ਕੀਤਾ। ਕੋਈ ਜਾਨਵਰ ਬੂਹੇ ਅੱਗੇ ਖੜ੍ਹਾ ਸੀ। ਗੋਲੂ ਦੀ ਉਂਗਲ ਪਿਸਤੌਲ ਦੇ ਘੋੜੇ 'ਤੇ ਤਣ ਗਈ। ਉਹਨੇ ਲੋਹੇ ਦੇ ਭਾਰੀ ਬੂਹੇ ਦੇ ਪਿੱਛੇ ਖਲੋਂਦਿਆਂ ਬੂਹਾ ਆਪਣੇ ਵੱਲ ਖਿੱਚਿਆ। ਇੱਕ ਪਾਸੇ ਦਾ ਦਰਵਾਜ਼ਾ ਖੁੱਲ੍ਹ ਗਿਆ। ਰਾਣੀ ਆਪਣੇ ਆਪ ਅੰਦਰ ਆ ਗਈ। ਫੋਨ ਦੀ ਮੱਧਮ ਜਿਹੀ ਲਾਈਟ ਵਿੱਚ ਧਿਆਨ ਨਾਲ ਵੇਖਿਆ, ਠੰਡ ਨਾਲ ਕੰਬਦੀ ਲਿੱਬੜੀ-ਤਿੱਬੜੀ ਰਾਣੀ ਉਸ ਦੇ ਵਿਹੜੇ ਵਿੱਚ ਖੜ੍ਹੀ ਸੀ। ਉਹਨੇ ਬੂਹੇ ਦੇ ਪਿੱਛੇ ਰਹਿੰਦਿਆਂ ਹੀ ਦਰਵਾਜ਼ਾ ਬੰਦ ਕਰ ਦਿੱਤਾ। 'ਦਿਲਬਾਗ ਕਿੱਥੇ ਹੈ?' ਗੋਲੂ ਨੇ ਜਿਵੇਂ ਆਪਣੇ ਆਪ ਤੇ ਰਾਣੀ- ਦੋਵਾਂ ਨੂੰ ਪੁੱਛਿਆ ਹੋਵੇ। ਉਹ ਹੌਸਲਾ ਕਰਕੇ ਛੋਟੇ ਦਰਵਾਜ਼ੇ ਵਿੱਚ ਦੀ ਬਾਹਰ ਨਿਕਲਿਆ ਅਤੇ ਫੋਨ ਦੀ ਲਾਈਟ ਦੂਰ ਤੱਕ ਮਾਰੀ। ਕਿਧਰੇ ਕੋਈ ਨਹੀਂ ਸੀ। ਤੜਕੇ ਢਾਈ ਵਜੇ ਰਾਣੀ ਇਕੱਲੀ ਅਟਕਦੀ-ਭਟਕਦੀ ਜਿਹੀ ਗੋਲੂ ਦੇ ਵਿਹੜੇ ਆਣ ਪੁੱਜੀ ਸੀ। ਫਿਰ ਉਹਨੇ ਦਰਵਾਜ਼ਾ ਬੰਦ ਕੀਤਾ। ਕਾਠੀ 'ਤੇ ਹੱਥ ਫੇਰਿਆ। ਉਹਦੇ ਹੱਥ ਗਾੜ੍ਹੇ ਹੋ ਗਏ ਖੂਨ ਨਾਲ ਚਿਪਕ ਗਏ। ਗੋਲੂ ਨੂੰ ਲੱਗਾ ਭਾਣਾ ਵਾਪਰ ਚੁੱਕਾ ਹੈ। ਗੁਲਵਿੰਦਰ ਨੇ ਫੋਨ ਜੇਬ ਵਿੱਚ ਪਾਇਆ ਤੇ ਰਾਣੀ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# .ਗਦਰੀ ਸ਼ਹੀਦ ਪੰਡਿਤ ਰਾਮ ਰੱਖਾ ਦਾ ਪਿੰਡ: ਸਸੋਲੀ

**ਪਿੰਡ ਵਸਿਆ (14)**


**ਵਿਜੈ ਬੰਬੇਲੀ**
ਫੋਨ: +91-9463439075




***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, .ਗਦਰੀ ਸ਼ਹੀਦ ਪੰਡਿਤ ਰਾਮ ਰੱਖਾ ਦੇ ਪਿੰਡ ਸਸੋਲੀ ਦਾ ਸੰਖੇਪ ਵੇਰਵਾ...***

ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹਰਾਹ ਉੱਤੇ ਹੁਸ਼ਿਆਰਪੁਰ ਤੋਂ ਪੰਜ ਮੀਲ ਦੀ ਵਿੱਥ 'ਤੇ ਸਥਿਤ ਚੱਬੇਵਾਲ ਦੀ ਲਹਿੰਦੀ ਬਾਹੀ ਕਰੀਬ ਐਨੀ ਕੁ ਹੋਰ ਦੂਰ ਵਸਦਾ .ਗਦਰੀ ਰਾਮ ਰੱਖਾ ਬਾਲੀ ਸ਼ਹੀਦ ਦਾ ਪਿੰਡ ਸਸੋਲੀ ਇਲਾਕੇ ਦਾ ਬੜਾ ਉੱਘਾ ਪਿੰਡ ਹੈ। ਕਦੇ ਇਸਦੀ ਮਸ਼ਹੂਰੀ ਦਾ ਕਾਰਨ ਇੱਥੋਂ ਦੇ ਦਾਨਿਸ਼ਵਰ ਅਤੇ ਦਾਨੇ ਮੁਸਲਮਾਨ ਸਨ, ਜਿਹੜੇ '47 ਦੀ ਤ੍ਰਸਾਦੀ ਵੇਲੇ ਆਪਣੇ, ਹੋਰ 'ਧਰਮੀ' ਸ਼ਾਗਿਰਦਾਂ ਹੱਥੋਂ ਮਾਰੇ ਗਏ। ਪਹਿਲ-ਪਲੱਕੜਿਆਂ ਵਿੱਚ ਇਸ ਖਿੰਡਰੇ-ਪੱਸਰੇ ਪਿੰਡ ਦੀਆਂ ਦੋ ਆਬਾਦੀਆਂ ਸਨ- ਖੈੜਾ ਅਤੇ ਸਸੋਲੀ। ਖੈੜਾ, ਇਸਦੀ ਪਹਿਲਕੀ ਆਬਾਦੀ ਸੀ, ਜਿਹੜਾ ਕਦੇ ਲਾਗਲੇ ਪਿੰਡ ਬਿਹਾਲੇ ਦੇ ਬਸੀਮੇ 'ਤੇ ਪ੍ਰਾਚੀਨ ਮੰਦਰ ਨੇੜਲੀ ਥਾਂ ਵਸਦਾ ਸੀ। ਖੈੜੇ, ਉੱਜੜੀ ਵਸੇਬ ਦਾ ਅਸਲ ਨਾਂ ਸਸੋਲੀ ਨਹੀਂ ਸੀ। ਸਸੋਲੀ ਨਾਂ ਇਸਨੂੰ ਵਾਸੂਦੇਵ ਬ੍ਰਾਹਮਣਾਂ ਨੇ ਦਿੱਤਾ ਸੀ, ਜਿਨ੍ਹਾਂ ਨੂੰ ਇਸ ਖੈੜੇ ਦਾ ਰਕਬਾ ਆਪਣੇ ਨਾਨਕੀ ਪਿੰਡ ਬਜਵਾੜਾ (ਹੁਸ਼ਿਆਰਪੁਰ) ਆਏ ਬਾਦਸ਼ਾਹ ਅਕਬਰ ਦੇ ਆਹਲਾ ਵਜ਼ੀਰ ਟੋਡਰ ਮੱਲ ਨੇ ਦਿੱਤਾ ਸੀ। ਵਾਸੂਦੇਵ ਬ੍ਰਾਹਮਣ ਬਜਵਾੜੇ ਦੇ ਧਨਾਢ ਮਹਾਜਨਾਂ ਦੇ ਪ੍ਰੋਹਿਤ ਸਨ, ਜਿਹੜੇ ਪਰਗਨਾ ਬਨਾਰਸ ਦੇ ਇੱਕ ਚਰਚਿਤ ਗਰਾਂ 'ਸਸੋਲੀ' ਦੇ ਵਸਨੀਕ ਸਨ। ਇਨ੍ਹਾਂ ਖੱਤਰੀਆਂ-ਮਹਾਜਨਾਂ ਦਾ ਹੀ ਰਾਜਾ ਟੋਡਰ ਮੱਲ ਦੋਹਤਰਾ ਸੀ। ਇਨ੍ਹਾਂ ਬ੍ਰਾਹਮਣਾਂ ਦੀ ਵਸ਼ਿਸਟ ਗੋਤਰੀ ਵਿਦਵਾਨ ਧਿਰ, ਸਥਿਤੀਆਂ-ਪ੍ਰਸਥਿਤੀਆ ਵੱਸ ਜਮੁਨਾ ਨਗਰ ਖਿੱਤੇ ਵਿੱਚ ਆ ਬੈਠੀ, ਉੱਥੇ ਜਿਸ ਪਿੰਡ ਦੀ ਮੋੜ੍ਹੀ ਉਨ੍ਹਾਂ ਗੱਡੀ, ਉਹ ਅੱਜ ਹਰਿਆਣੇ ਦਾ ਉੱਘਾ ਕਸਬਾ 'ਸਸੋਲੀ' ਹੈ। ਇਨ੍ਹਾਂ ਬ੍ਰਾਹਮਣਾਂ ਦਾ ਵਾਸੂਦੇਵ ਵਸ਼ਿਸਟ, ਬਜਵਾੜੀਏ 'ਬੂਲੇ ਬਾਹਮਣ' ਦਾ ਪੁਰਖਾ, ਆਪਣੇ ਖੱਤਰੀ ਜਜਮਾਨਾਂ ਦੀ ਅਰਜ਼ 'ਤੇ, ਬਜਵਾੜੇ ਆ ਵਸਿਆ।



**ਸ਼ਹੀਦ ਪੰਡਿਤ ਰਾਮ ਰੱਖਾ**

'ਬੂਲਾ' ਬੜਾ ਵਿਦਵਾਨ ਅਤੇ ਦਾਨਾਈ ਸੀ, ਜਿਹੜਾ ਲਿਆਕਤ ਦਾ ਤਾਂ ਧਨੀ ਸੀ ਹੀ, ਪਰ ਉਹ ਇੱਕ ਦਾਨੇ ਪੁਰਸ਼ ਵਜੋਂ ਵੀ ਸੁਪ੍ਰਸਿੱਧ ਹੋਇਆ। ਲੋਕ-ਹਿੱਤ ਵਜੋਂ ਉਸ ਦੀਆਂ ਬਜਵਾੜੇ ਦੀ ਜੂਹ ਵਿੱਚ ਉਗਾਈਆਂ ਤ੍ਰਿਵੇਣੀਆਂ ਨੇ ਅਜਿਹੀ ਭੱਲ ਖੱਟੀ ਕਿ ਬਜਵਾੜੇ ਦੇ ਇੱਕ ਖਿੱਤੇ ਦਾ ਨਾਂ ਹੀ 'ਬੂਲਾ-ਵਾੜੀ' ਪੈ ਗਿਆ, ਜਿਹੜਾ ਅੱਜ ਹੁਸ਼ਿਆਰਪੁਰ ਸ਼ਹਿਰ ਦਾ ਸਭ ਤੋਂ ਵੱਧ ਸਬਜ਼ ਅਤੇ ਰਮਣੀਕ ਖੇਤਰ ਹੈ। ਇਸੇ ਬੂਲੇ ਨੂੰ ਹੀ ਮਿਲੀ ਸੀ 'ਸਸੋਲੀ' (ਚੱਬੇਵਾਲ) ਦੀ ਜਗੀਰ। 'ਬੂਲਾ' ਆਪ ਤਾਂ ਇਥੇ ਨਾ ਆਇਆ, ਪਰ ਉਸਦਾ ਇੱਕ ਪੁੱਤ 'ਵੱਜੂ ਵਾਸੂਦੇਵ' ਇਥੇ ਆ ਟਿੱਕਿਆ, ਜਿਸ ਨੇ ਇਸ ਬੇਆਬਾਦ ਖੈੜੇ ਨੂੰ ਮੁੜ-ਆਬਾਦ ਕਰ ਇੱਥੇ ਇੱਕ ਦੇਵੀ ਮੰਦਿਰ ਵੀ ਉਸਾਰਿਆ ਅਤੇ ਨਵੀਂ ਵਸੇਬ ਦਾ ਨਾਂ ਵੀ 'ਆਪਣੇ ਪੁਰਖਾ-ਦਰ-ਪੁਰਖਾ ਪਿੰਡਾਂ ਵਾਲਾ ਨਾਂ ਸਸੋਲੀ' ਹੀ ਰੱਖਿਆ। ਸਦੀ ਪਾਰ ਕਰ ਚੁੱਕੇ ਪੰਡਤ ਦੁਰਗਾ ਦਾਸ ਦੀ ਬੰਸਾਵਲੀ: ਬੂਲਾ-ਵੱਜੂ-ਗੁਰ ਉਰਫ ਗੁੱਜਰ-ਸੀਤਲ/ਧਿਆਨਾ-ਰਾਮਜੱਸ-ਬਿਹਾਰੀ ਰਾਮ-ਬਰਕਤਰਾਮ-ਦੁਰਗਾਦਾਸ (ਉਕਤ) ਅਨੁਸਾਰ ਸਸੋਲੀ ਖੈੜੇ ਦੇ ਮੁੜ ਵੱਸਣ ਦਾ ਸਮਾਂ ਤਿੰਨ-ਚਾਰ ਸਦੀਆਂ ਪਹਿਲਾਂ ਦਾ ਅੱਧ ਵਿਚਾਲਾ ਬਣਦਾ ਹੈ।

1884 ਦੇ ਬੰਦੋਬਸਤ ਤੱਕ ਬ੍ਰਾਹਮਣ ਜੋ ਖੇਤੀ ਦੀ ਬਜਾਏ ਧਰਮ-ਕਰਮ ਜਾਂ ਤਾਲੀਮ ਵੱਲ ਜ਼ਿਆਦਾ ਰੁਚਿਤ ਸਨ, ਤੋਂ ਨਵੇਂ ਕਾਨੂੰਨਾਂ ਅਨੁਸਾਰ ਨਾ ਤਾਂ ਸਾਰੇ ਰਕਬੇ ਦਾ ਚਕੋਤਾ ਸਰਕਾਰ ਅੰਗਰੇਜ਼ੀ ਨੂੰ ਦਿੱਤਾ ਗਿਆ, ਨਾ ਹੀ ਨਵੇਂ ਨਿਯਮਾਂ ਅਨੁਸਾਰ ਉਹ ਖੇਤੀ ਕਰ ਸਕੇ। ਰਕਬਾ ਸਰਕਾਰ ਇੰਗਲਿਸ਼ੀਆਂ ਨੂੰ ਜਾਂਦਾ ਵੇਖ, ਉਨ੍ਹਾਂ ਦੇ ਮਿੱਤਰ ਨੇੜਲੇ ਪਿੰਡ ਜਲੋਵਾਲ-ਖਨੂਰ ਦੇ ਧੜਵੈਲ ਰਾਜਪੂਤ ਮੁਸਲਿਮਾਂ ਨੇ ਮਾਮਲਾ ਤਾਰ ਅਤੇ ਖੇਤੀ ਤੋਰ ਕੇ ਜ਼ਮੀਨ ਬਚਾ ਲਈ ਤੇ ਪੰਡਿਤਾਂ ਦੀ ਸਹਿਮਤੀ ਨਾਲ ਅੱਧੋ-ਅੱਧੀ ਦੇ ਬਾਸ਼ਿੰਦੇ ਹੋ ਗਏ। ਸਮਾਂ ਪਾ, ਤਲੀਮ ਯੁਕਤ ਬ੍ਰਾਹਮਣਾਂ ਦੀ ਸੰਗਤ ਨਾਲ ਇਨ੍ਹਾਂ ਮੁਸਲਮਾਨਾਂ ਦੀ ਔਲਾਦ, ਪੁਸ਼ਤ-ਦਰ-ਪੁਸ਼ਤ, ਬੇਹੱਦ ਮਕਬੂਲ ਧਰਮ-ਅਰਥੀ ਹਕੀਮ ਅਤੇ ਦਾਨਿਸ਼ਵਰ ਵਿਦਿਅਕ ਦਾਨੀ ਯਾਨਿ ਦਾਨੇ ਮਾਸਟਰ ਬਣੀ। ਪਿੰਡ ਦਾ ਪਹਿਲ-ਪਲੱਕੜੀ ਸੰਸਥਾਗਤ ਤਾਲੀਮੀ ਆਦਾਰਾ ਵੀ ਇਨ੍ਹਾਂ ਵੱਲੋਂ ਹੀ ਸ਼ੁਰੂ ਕੀਤਾ ਗਿਆ, ਜਿਥੇ ਆਲੇ-ਦੁਆਲੇ ਦੇ ਮੁੰਡੇ-ਕੁੜੀਆਂ ਪੜ੍ਹਨ ਆਉਣ ਲੱਗੇ। ਪੰਡਿਤਾਂ ਅਤੇ ਇਲਾਕੇ ਨਾਲ ਇਨ੍ਹਾਂ ਦੀ ਬੜੀ ਸਹਿਹੋਂਦ ਸੀ।

ਸਸੋਲੀ ਵਿੱਚ ਇੱਕ ਨਾਮਵਰ-ਮਸੀਤ ਵੀ ਸੀ, ਖੰਡਰਾਤ ਰੂਪ 'ਚ ਅੱਜ ਵੀ ਹੈ। ਸਿਫਤਜ਼ਰੀਫੀ ਵੇਖੋ; ਸੰਨ '47 ਤੱਕ ਜ਼ਮੀਨ ਦੇ ਅੱਧੋ-ਅੱਧ ਵਾਂਗ ਇਸ ਮਸੀਤ ਦੀ ਸਰਪ੍ਰਸਤੀ ਵੀ ਬ੍ਰਾਹਮਣਾਂ ਅਤੇ ਮੁਸਲਿਮਾਂ ਪਾਸ ਅੱਧੋ-ਅੱਧ ਸੀ, ਯਾਨਿ ਬਰੋ-ਬਰਾਬਰ ਮਾਨਤਾ ਰਹੀ। ਸਸੋਲੀ ਦੇਸ਼ ਭਗਤਾਂ ਦਾ ਪਿੰਡ ਹੈ। ਤੋੜ ਅਜ਼ਾਦੀ ਤੱਕ ਸਸੋਲੀ ਦਾ ਇੱਕ ਮੁਸਲਿਮ ਦੇਸ਼ ਭਗਤ 'ਮੌਲਵੀ ਸਿਰਾਜੂਦੀਨ ਨਾ-ਮਿਲਵਰਤਨੀਆ', ਜਿਹੜਾ 1920-22 'ਚ ਕੈਦ-ਤਨਹਾਈ ਵੀ ਰਿਹਾ, ਆਪਣੇ ਪਿੰਡ ਦੇ ਗ਼ਦਰੀ ਸ਼ਹੀਦ ਪੰਡਤ ਰਾਮ ਰੱਖਾ ਬਾਲੀ ਦਾ ਸ਼ਹੀਦੀ ਦਿਨ, ਉਸਨੂੰ ਸਿਜਦਾ ਕਰਨ ਹਿੱਤ, 'ਜੰਗ-ਏ-ਆਜ਼ਾਦੀ ਦਿਵਸ' ਵਜੋਂ ਮਨਾਉਂਦਾ ਰਿਹਾ, ਜਿਸ ਨਾਲ ਤਾਅ ਹਿੰਦੂ-ਸਿੱਖ ਅਤੇ ਮੁਸਲਮਾਨ ਯਕਜਹਿਤੀ ਪ੍ਰਗਟਾਉਂਦੇ। ਮਗਰੋਂ ਭਾਵੇਂ ਪਿੰਡ ਵਿੱਚ 'ਗ਼ਦਰੀ ਰਾਮ ਰੱਖਾ ਬਾਲੀ ਮੈਮੋਰੀਅਲ' ਵੀ ਪਿੰਡ ਵਿੱਚ ਬਣਿਆ, ਪਰ ਉਹ ਹੁੱਬ ਕੇ ਮੌਲਵੀ ਸਿਰਾਜੂਦੀਨ ਦਾ ਨਾਂ ਦੱਸਣੋਂ ਨਹੀਂ ਭੁੱਲਦੇ।

ਅਫਸੋਸ! ਵੱਡੇ ਰੌਲਿਆਂ ਵੇਲੇ ਇਸ ਪਿੰਡ ਦੇ ਬਹੁਤੇ ਦਾਨਿਸ਼ਵਰ ਮੁਸਲਮਾਨ ਆਪਣੇ 'ਸ਼ਾਗਿਰਦ' ਪਿੰਡਾਂ ਦੇ ਕੁੱਝ ਬੁਰਸ਼ਾਗਰਦਾਂ ਹੱਥੋਂ ਮਾਰੇ ਗਏ ਸਨ। ਉਨ੍ਹਾਂ ਨੂੰ ਬਚਾਉਣ ਲਈ ਪਿੰਡ ਵਾਲੇ, ਭਰੇ ਮਨ ਨਾਲ ਉਨ੍ਹਾਂ ਨੂੰ ਹਿਫਾਜਤੀ ਸੁਰੱਖਿਆ ਹੇਠ ਹਿਜ਼ਰਤੀ ਕੈਂਪਾਂ ਨੂੰ ਤੋਰਨਾ ਚਾਹੁੰਦੇ ਸਨ, ਪ੍ਰੰਤੂ ਉਹ ਨਾ ਮੰਨੇ, ਕਹਿੰਦੇ, "ਆਪਣੀ ਜੰਮਣ ਭੌਇੰ 'ਚ ਕਾਹਦਾ ਡਰ? ਭਲਾ! ਮਾਸਟਰਾਂ ਨੂੰ ਵੀ ਕੋਈ ਮਾਰਦਾ?"

# ਲੋਟਾ

**ਸ਼ਬਦੋ ਵਣਜਾਰਿਓ**


**ਪਰਮਜੀਤ ਢੀਂਗਰਾ**
ਫੋਨ:+91-8847610125




ਮਨੁੱਖੀ ਭਾਂਡਿਆਂ ਦਾ ਇਤਿਹਾਸ ਬੜਾ ਦਿਲਚਸਪ ਤੇ ਪਾਏਦਾਰ ਹੈ। ਪਹਿਲਾਂ ਪਹਿਲ ਮਨੁੱਖ ਨੇ ਮਿੱਟੀ ਤੋਂ ਭਾਂਡੇ ਬਣਾਉਣੇ ਸਿੱਖੇ ਤੇ ਜਦੋਂ ਧਾਤਾਂ ਈਜਾਦ ਕਰ ਲਈਆਂ ਤਾਂ ਉਹਨੇ ਇਨ੍ਹਾਂ ਨੂੰ ਢਾਲ ਕੇ ਭਾਂਡੇ ਬਣਾ ਲਏ। ਲੋੜ ਅਨੁਸਾਰ ਇਨ੍ਹਾਂ ਦੇ ਆਕਾਰ, ਸੁਹਜ ਤੇ ਵਰਤੋਂ ਨੇ ਇਨ੍ਹਾਂ ਵਿੱਚ ਵੰਨ-ਸੁਵੰਨਤਾ ਲਿਆਂਦੀ। ਅੱਜ ਭਾਵੇਂ ਭਾਂਡੇ ਮਸ਼ੀਨਾਂ ਨਾਲ ਬਣਦੇ ਹਨ ਅਤੇ ਇਹ ਅਨੇਕਾਂ ਕਿਸਮਾਂ ਤੇ ਆਕਾਰਾਂ ਦੇ ਹਨ, ਪਰ ਮੁਢਲੇ ਭਾਂਡਿਆਂ ਵਿੱਚੋਂ ਜਿਸ ਨੇ ਆਪਣੀ ਸਰਦਾਰੀ ਕਾਇਮ ਰੱਖੀ, ਉਨ੍ਹਾਂ ਵਿੱਚ ਲੋਟੇ ਦਾ ਵਿਸ਼ੇਸ਼ ਸਥਾਨ ਹੈ। ਨਵੇਂ ਮਹਾਨ ਕੋਸ਼ ਅਨੁਸਾਰ ਲੋਟੇ ਦਾ ਅਰਥ ਹੈ-ਟਿੰਡ, ਭਾਂਡਾ, ਕੂਜ਼ਾ, ਗੜਵਾ; ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਵੀ ਇਹਦਾ ਜ਼ਿਕਰ ਆਉਂਦਾ ਹੈ- 'ਬਾਬਾ ਜਾਣੀ ਜਾਣ ਪੁਰਖ ਕੱਢਿਆ ਲੋਟਾ ਜਹਾ ਲੁਕਾਈ।' (ਵਾਰ ਪਹਿਲੀ, ਪਉੜੀ 39), 'ਗਲੀ ਜਿਨ੍ਹਾਂ ਜਪਮਾਲੀਆ, ਲੋਟੇ ਹੱਥ ਨਿਬਗ।'

ਪੰਜਾਬੀ ਕੋਸ਼ਾਂ ਅਨੁਸਾਰ- ਲੋਟਾ ਸੰ. ਲੋਠ=ਲੁੜਕਣਾ, ਮਿੱਟੀ ਦਾ ਗੜਵਾ, ਟਿੰਡ, ਪਿੱਤਲ ਦੀ ਧਾਤ ਦਾ ਗੜਵਾ, ਮਿੱਟੀ ਜਾਂ ਧਾਤ ਦਾ ਟੂਟੀਦਾਰ ਗੜਵਾ, ਗੰਗਾਸਾਗਰ, ਲੋਟੇ ਦੀ ਸ਼ਕਲ ਵਰਗੀ ਊਠ ਦੀ ਫੁਲਾ ਕੇ ਬਾਹਰ ਕੱਢੀ ਜੀਭ, ਲੁਹਾਰਾਂ ਦੀ ਇੱਕ ਗੋਤ, ਲੋਟੜੀ-ਨਿੱਕਾ ਲੋਟਾ ਜਾਂ ਗੜਵੀ। ਫਸਲ ਦੇ ਉਸ ਹਿੱਸੇ ਨੂੰ ਵੀ ਲੋਟਾ ਕਿਹਾ ਜਾਂਦਾ ਹੈ, ਜੋ ਪੀਰਾਂ, ਫਕੀਰਾਂ ਦੀਆਂ ਖਾਨਗਾਹਾਂ 'ਤੇ ਖੈਰਾਤ ਵਜੋਂ ਦਿੱਤਾ ਜਾਂਦਾ ਹੈ। ਮੁਲਤਾਨ ਜ਼ਿਲ੍ਹੇ ਵਿੱਚ ਫ਼ਸਲਾਂ ਨੂੰ ਗਾਹੁਣ ਮਗਰੋਂ ਕੁਝ ਦਾਣੇ ਖਾਨਗਾਹਾਂ ਨੂੰ ਭੇਜੇ ਜਾਂਦੇ ਸਨ, ਖਾਸ ਤੌਰ 'ਤੇ ਬਹਾਵਲਪੁਰ ਤੇ ਮਖ਼ਦੂਮ ਦੀਆਂ ਦਰਗਾਹਾਂ ਨੂੰ। ਇਸ ਅੰਨ ਨੂੰ ਲੋਟਾ ਕਿਹਾ ਜਾਂਦਾ ਸੀ ਤੇ ਇਹ ਇਸ ਆਸ ਨਾਲ ਦਿੱਤਾ ਜਾਂਦਾ ਸੀ ਕਿ ਉਨ੍ਹਾਂ 'ਤੇ ਪੀਰਾਂ ਦੀ ਮਿਹਰ ਬਣੀ ਰਹੇ। ਮੀਆਂ ਵਾਲੀ ਇਲਾਕੇ ਵਿੱਚ ਲੋਟੇ ਦੀ ਸ਼ਕਲ ਦਾ ਇੱਕ ਸਾਜ ਵੀ ਪ੍ਰਚਲਤ ਰਿਹਾ ਹੈ। ਮਿੱਟੀ ਦੇ ਬਣੇ ਲੋਟੇ ਦੇ ਮੂੰਹ 'ਤੇ ਝਿੱਲੀ ਚੜ੍ਹਾ ਦਿੱਤੀ ਜਾਂਦੀ ਸੀ। ਝਿੱਲੀ ਦੇ ਅੰਦਰੋਂ ਇੱਕ ਤੰਦੀ ਲੰਘਾ ਕੇ ਲੋਟੇ ਦੇ ਗਲ ਦੁਆਲੇ ਵਲੇਟ ਦਿੱਤੀ ਜਾਂਦੀ ਸੀ। ਇੱਕ ਹੋਰ ਤੰਦੀ ਝਿੱਲੀ ਦੇ ਉਤੇ ਬੰਨ੍ਹੀ ਜਾਂਦੀ ਸੀ। ਇਸ ਤੰਦੀ ਨਾਲ ਨਿੱਕੇ ਨਿੱਕੇ ਘੁੰਗਰੂ ਬੱਝੇ ਹੁੰਦੇ ਸਨ। ਇਸ ਸਾਜ ਨੂੰ ਖੱਬੀ ਕੱਛ 'ਚ ਦਬਾ ਕੇ ਸੱਜੀ ਹੱਥ ਵਿੱਚ ਡੰਡੀ ਫੜ ਕੇ ਵਜਾਇਆ ਜਾਂਦਾ ਸੀ। ਮੀਆਂ ਵਾਲੀ ਦੇ ਪਿੰਡਾਂ 'ਚ ਕਵੀਸ਼ਰ ਜਦੋਂ ਦੋਹੇ ਗਾਉਂਦੇ ਤਾਂ ਗਾਇਕ ਇਹੋ ਸਾਜ਼ ਵਜਾਉਂਦਾ ਸੀ। ਇਸ ਵਿੱਚੋਂ ਮੀਂਹ ਦੀਆਂ ਕਣੀਆਂ ਵਰਗੀ ਮਧੁਰ ਧੁਨੀ ਨਿਕਲਦੀ ਸੀ।

ਪੁਰਾਣੇ ਸਮਿਆਂ ਵਿੱਚ ਸੰਨਿਆਸੀ, ਵਿਰਕਤ ਲੋਕਾਂ ਕੋਲ ਲੋਟਾ ਜਾਂ ਲੋਟੀ ਜਾਂ ਲੋਟੜੀ ਅਕਸਰ ਹੁੰਦੀ ਸੀ। ਦਿਸ਼ਾ-ਮੈਦਾਨ ਜਾਣ ਵੇਲੇ ਵੀ ਇਹਦੀ ਵਰਤੋਂ ਕੀਤੀ ਜਾਂਦੀ ਸੀ। ਦਿਨ ਦੇ ਅਰੰਭ ਵੇਲੇ ਸਾਧੂ ਸੰਤ ਇਹਦੀ ਵਰਤੋਂ ਸੰਸਕਾਰਾਂ ਲਈ ਕਰਦੇ ਸਨ। ਮੁਸਲਮਾਨ ਵੁਜ਼ੂ ਕਰਨ ਲਈ ਇਹਦੀ ਵਰਤੋਂ ਕਰਦੇ ਸਨ। ਅੱਜ ਵੀ ਇਸ਼ਨਾਨ ਕਰਨ, ਸੂਰਜ ਨੂੰ ਅਰਘ ਦੇਣ, ਯਗੋਪਵੀਤ, ਕਲੇਵਾ, ਸੰਧਿਆਂ ਆਦਿ ਸੰਸਕਾਰਾਂ ਲਈ ਇਹ ਵਰਤਿਆ ਜਾਂਦਾ ਹੈ। ਕਈ ਵਿਦਵਾਨ ਇਹਦੀ ਵਿਓਤਪਤੀ ਸੰਸਕ੍ਰਿਤ ਦੀ ਕਿਰਿਆ 'ਲੁਟ੍' ਤੋਂ ਮੰਨਦੇ ਹਨ, ਜਿਸ ਵਿੱਚ ਲੁੜਕਣ, ਲੋਟਣ ਜਿਹੇ ਭਾਵ ਹਨ। ਲੁਟ੍ ਦਾ ਅਰਥ ਹੈ- ਮੁਕਾਬਲਾ ਕਰਨਾ, ਪਿੱਛੇ ਵੱਲ ਧੱਕਣਾ। ਇਸ ਵਿੱਚ ਪਛਾੜਨ ਦਾ ਅਰਥ ਹੈ ਢਹਿਣਾ ਭਾਵ ਲੋਟਪੋਟ ਹੋਣਾ। ਲੁਟ੍ ਜਾਂ ਲੋਟ ਵਿੱਚ ਜੋ ਲੁੜਕਣ ਦੀ ਕਿਰਿਆ ਹੈ, ਉਸ ਵਿੱਚ ਪਾਸਾ, ਕਰਵਟ, ਰੁਖ, ਢੰਗ, ਤਰੀਕਾ, ਠੀਕ, ਦਰੁਸਤ, ਸਹੀ, ਰੁਝਾਣ, ਝੁਕਾਓ, ਪਰਵਿਰਤੀ ਵਰਗੇ ਭਾਵ ਨਜ਼ਰ ਆਉਂਦੇ ਹਨ। ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ- ਲੋਟ ਆਉਣਾ, ਲੋਟ ਸਿਰ, ਲੋਟ ਹੋਣਾ, ਲੋਟ ਕਰਨਾ, ਲੋਟ ਪੈਣਾ, ਲੋਟ ਬੈਠਣਾ; ਲੋਟਾ ਪੈਸੇ ਪਾਉਣ ਵਾਲੀ ਇੱਕ ਛੋਟੀ ਕੁੱਜੀ ਲਈ ਵੀ ਵਰਤਿਆ ਜਾਂਦਾ ਹੈ। ਬਿਰਜ ਲੋਟ, ਮਦਾਰੀਆਂ ਦੀ ਇੱਕ ਖੇਡ ਵੀ ਹੈ। ਇਸ ਤੋਂ ਬਣੇ ਸ਼ਬਦਾਂ ਵਿੱਚ ਲੋਟਕਾ-ਮਾਸ ਦਾ ਟੁਕੜਾ; ਲੋਟਣ-ਕੰਨਾਂ ਦਾ ਇੱਕ ਗਹਿਣਾ, ਕਬੂਤਰਾਂ ਦੀ ਇੱਕ ਕਿਸਮ, ਲੋਟਣਾ-ਕਲਾਬਾਜ਼ੀਆਂ ਖਾਣੀਆਂ, ਲੋਟਪੋਟ, ਲੋਟਨੀ ਆਦਿ ਸ਼ਾਮਲ ਹਨ।

ਕੁਝ ਵਿਦਵਾਨ ਲੋਟੇ ਦੀ ਵਿਓਤਪਤੀ ਸੰਸਕ੍ਰਿਤ ਦੇ 'ਲੋਸ਼ਟ' ਤੋਂ ਮੰਨਦੇ ਹਨ। ਆਪਟੇ ਕੋਸ਼ ਅਨੁਸਾਰ ਲੋਸ਼ਟ ਕਿਰਿਆ ਦਾ ਅਰਥ ਹੈ- ਢੇਰ ਲਾਉਣਾ, ਅੰਬਾਰ ਲਾਉਣਾ। ਇਸੇ ਤਰ੍ਹਾਂ ਲੋਸ਼ਟੂ ਦਾ ਅਰਥ ਹੈ- ਮਿੱਟੀ ਦਾ ਢੇਲਾ; ਪਰ ਇਸ ਕਿਰਿਆ ਤੋਂ ਵੀ ਲੋਟੇ ਦਾ ਅਰਥ ਸਪਸ਼ਟ ਨਹੀਂ ਹੁੰਦਾ। ਮਿੱਟੀ ਦੇ ਢੇਲੇ ਨਾਲ ਜੇ ਘੁਮਿਆਰ ਦੇ ਭਾਂਡੇ ਘੜਨ ਦੀ ਜੁਗਤ ਨੂੰ ਜੋੜੀਏ ਤਾਂ ਵੀ ਇਹਦੇ ਅਰਥ ਸਪਸ਼ਟ ਨਹੀਂ ਹੁੰਦੇ, ਕਿਉਂਕਿ ਲੋਟਾ ਵਧੇਰੇ ਕਰਕੇ ਧਾਤ ਦਾ ਹੀ ਬਣਿਆ ਮਿਲਦਾ ਹੈ। ਕੁਝ ਭਾਸ਼ਾਵਾਂ ਵਿੱਚ ਲੋਟਕਾ ਜਾਂ ਲੋਟੋ ਵਰਗੇ ਸ਼ਬਦਾਂ ਤੋਂ ਵੀ ਵਿਓਤਪਤੀ ਮੰਨੀ ਜਾਂਦੀ ਹੈ, ਪਰ ਵਧੇਰੇ ਕਰਕੇ ਇਸਨੂੰ ਲੁਟ੍ ਜਾਂ ਲੋਟ ਕਿਰਿਆ ਨਾਲ ਜੋੜਨਾ ਵਧੇਰੇ ਤਰਕਸੰਗਤ ਜਾਪਦਾ ਹੈ। ਅਸਥਿਰ ਵਿਅਕਤੀ ਲਈ ਬੇਪੈਂਦੇ ਦਾ ਲੋਟਾ ਮੁਹਾਵਰਾ ਪ੍ਰਚਲਤ ਹੈ। ਲੋਟਾ-ਥਾਲੀ ਵਿਕਣਾ ਮੁਹਾਵਰਾ ਗਰੀਬੀ, ਨਿਰਧਨਤਾ ਲਈ ਹੈ। ਸਲੈਂਗ ਵਜੋਂ ਲੋਟਾ-ਪਰੇਡ ਸ਼ਬਦ ਦਸਤ ਲੱਗਣ ਲਈ ਵਰਤਿਆ ਜਾਂਦਾ ਹੈ, ਜਿਥੇ ਮਰੀਜ਼ ਨੂੰ ਵਾਰ ਵਾਰ ਹਾਜਤ ਲਈ ਜਾਣਾ ਪੈਂਦਾ ਹੈ। ਇਸ ਤਰ੍ਹਾਂ ਲੋਟਾ ਸ਼ਬਦ ਕਿਰਿਆ ਤੋਂ ਉਸਰ ਕੇ ਭਾਂਡੇ ਦੀ ਸ਼ਕਲ ਵਿੱਚ ਅੱਜ ਤੱਕ ਕਾਇਮ ਹੈ।

## ਸ਼ਾਹਸਵਾਰ

ਦੇ ਗਲ ਨੂੰ ਜੱਫੀ ਪਾ ਕੇ ਹੁਭਕੀਂ-ਹੁਭਕੀਂ ਰੋਣ ਲੱਗਾ। 'ਰਾਣੀ...ਰਾਣੀ...ਕਿੱਥੇ...ਛੱਡ ਆਈ...ਸਾਡਾ...ਹੀਰਾ ਯਾਰ...ਸ਼ਾਹ-ਸਵਾਰ' ਅਸਪਸ਼ਟ ਜਿਹੇ ਸ਼ਬਦ ਉਹਦੀ ਜ਼ੁਬਾਨ ਵਿੱਚੋਂ ਫੁਸਫੁਸਾਏ। ਰਾਣੀ ਦੀਆਂ ਅੱਖਾਂ ਵਿੱਚੋਂ ਵੀ ਜਿਵੇਂ ਸਿੱਲ੍ਹ ਟਪਕਣ ਲੱਗੀ। ਜਲਦੀ ਨਾਲ ਘੋੜੀ ਨੂੰ ਉਹਨੇ ਪਸ਼ੂਆਂ ਵਾਲੇ ਵਰਾਂਡੇ ਵਿੱਚ ਬੰਨ੍ਹਿਆ ਅਤੇ ਉਸ ਦੀ ਕਾਠੀ ਲਾਹੀ। ਪਾਣੀ ਗਰਮ ਕੀਤਾ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਸਾਰਾ ਕੁਝ ਚੰਗੀ ਤਰ੍ਹਾਂ ਸਾਫ ਕੀਤਾ। ਉਹਨੇ ਕੋਸੇ ਪਾਣੀ ਨਾਲ ਘੋੜੀ ਨੂੰ ਨੁਹਾਇਆ ਅਤੇ ਆਪਣਾ ਖੇਸ ਲਾਹ ਕੇ ਉਸ ਦੇ ਉਤੇ ਦੇ ਦਿੱਤਾ। ਉਹਦੇ ਲਾਗੇ ਹੀਟਰ ਲਗਾ ਦਿੱਤਾ। ਕੁਝ ਦੇਰ ਬਾਅਦ ਰਾਣੀ ਸੁਰਤ ਸਿਰ ਹੋਣ ਲੱਗੀ। ਦਿਨ ਵੇਲੇ ਜਦੋਂ ਧੁੱਪ ਚੜ੍ਹੀ ਤਾਂ ਗੋਲੂ ਨੇ ਕੁਝ ਦੇਰ ਲਈ ਰਾਣੀ ਨੂੰ ਧੁੱਪੇ ਬੰਨ੍ਹ ਦਿੱਤਾ ਤੇ ਫਿਰ ਅੰਦਰ ਕਰ ਲਿਆ। ਅਗਲੇ ਦਿਨ ਉਹਨੇ ਬਾਪੂ-ਬੇਬੇ ਨਾਲ ਸਲਾਹ ਕੀਤੀ ਕਿ ਆਪਾਂ ਨਵੇਂ ਘਰ ਆਉਣ ਦੀ ਖੁਸ਼ੀ ਵਿੱਚ ਸਹਿਜ ਪਾਠ ਕਰਵਾ ਦੇਈਏ। ਉਹਦੇ ਮਾਪੇ ਝੱਟ ਮੰਨ ਗਏ। ਅਸਲ ਵਿੱਚ ਉਹਦਾ ਇਹ ਯਤਨ ਦਿਲਬਾਗ ਤੇ ਅੰਬੋ ਦੀ ਰੂਹ ਦੀ ਸ਼ਾਂਤੀ ਲਈ ਸੀ। ਉਸੇ ਦਿਨ ਉਨ੍ਹਾਂ ਦੇ ਘਰ ਵਿੱਚ ਸਹਿਜ ਪਾਠ ਅਰੰਭ ਹੋ ਗਿਆ। ਓਦਰੀ ਜਿਹੀ ਰਾਣੀ ਵੀ ਹੁਣ ਸ਼ਾਂਤ ਹੋਣ ਲੱਗੀ ਸੀ।

***(ਸਮਾਪਤ)***

## ਅੰਮੜੀ ਦਾ ਤੋਹਫਾ ਜਾਂ...

ਤਵੱਜੋ ਦੇਣ ਦੀ ਜ਼ਰੂਰਤ ਹੈ, ਕਿਉਂਕਿ ਸਾਰੀਆਂ ਬਿਮਾਰੀਆਂ ਅੰਤੜੀ ਤੋਂ ਸ਼ੁਰੂ ਹੁੰਦੀਆਂ ਨੇ ਅਤੇ ਤੁਸੀਂ ਉਨੇ ਹੀ ਸਿਹਤਮੰਦ ਹੋ, ਜਿੰਨੀ ਤੁਹਾਡੀ ਅੰਤੜੀ। RA ਦੇ ਕਾਰਨ ਅਤੇ ਉਸ ਤੋਂ ਛੁਟਕਾਰਾ ਪਾਉਣ, ਦੋਹਾਂ ਵਿੱਚ gut micro biome ਦਾ ਬਹੁਤ ਹੀ ਜ਼ਿਆਦਾ ਰੋਲ ਹੈ। ਜੇ ਤੁਹਾਡੇ ਇਹ ਮੈਸਡਅਪ ਹਨ ਤਾਂ ਤੁਹਾਡੀ ਸਿਹਤ ਸਰੀਰਕ ਅਤੇ ਦਿਮਾਗੀ- ਦੋਨੋਂ ਹੀ messed-up ਹੋਣਗੇ।

**ਆਪਣਾ ਗੋਲ ਹੈ:**

-gut micro biome ਦੀ ਗਿਣਤੀ ਵਧਾਉਣੀ

-ਇਨ੍ਹਾਂ ਦੀ ਵਿਭਿੰਨਤਾ (diversity) ਵਧਾਉਣੀ

-Keystone ਦੀ ਗਿਣਤੀ ਵਧਾਉਣੀ

ਜਿੰਨੀ ਇਨ੍ਹਾਂ ਦੀ ਗਿਣਤੀ ਜ਼ਿਆਦਾ ਹੋਵੇਗੀ, ਜਿੰਨੇ ਇਹ ਵਿਭਿੰਨ ਹੋਣਗੇ ਅਤੇ keystone ਦੀ ਜ਼ਿਆਦਾ ਗਿਣਤੀ ਹੋਵੇਗੀ, ਓਨਾ ਹੀ ਸਿਹਤ ਲਈ ਅੱਛਾ ਹੈ।

-ਇਹ ਦੇਖਿਆ ਗਿਐ ਕਿ ਬਾਹਰ ਕੁਦਰਤ ਵਿੱਚ ਜਾ ਕੇ 30 ਮਿੰਟ ਘੱਟੋ ਘੱਟ ਗੁਜ਼ਾਰੋ, ਸੈਰ ਲਈ। ਚੀਜ਼ਾਂ ਨੂੰ ਹੱਥਾਂ ਨਾਲ ਛੋਹੋ। ਮਿੱਟੀ ਨਾਲ ਕੰਮ ਕਰੋ- ਗਰਡਨਿੰਗ ਵਗੈਰਾ। ਇਹ ਸੌਖਾ ਤਰੀਕਾ ਹੈ ਬੈਕਟੀਰੀਆ ਲਿਆਉਣ ਲਈ ਤੁਹਾਡੀ ਜ਼ਿੰਦਗੀ ਵਿੱਚ।

-Pre biotic food, supplement ਜਿਵੇਂ precision pre biotic

-Pre biotic – mega spore

Fermented foods ਜਿਵੇਂ, ਸਾਵਰਕਲਰਾਊਟ, ਕਿਮਚੀ, ਕਮਬੂਚਾ ਵਗੈਰਾ ਤਿੰਨ ਹਫਤਿਆਂ ਵਿੱਚ ਹੀ ਤੁਹਾਡੇ micro biome ਦੀ ਗਿਣਤੀ 35% ਜ਼ਿਆਦਾ ਹੋ ਜਾਵੇਗੀ।

ਇਹ ਸਭ ਕਰਨ ਨਾਲ ਚੰਗੇ ਜਰਮ ਆਪਣਾ ਮੁੜ ਕੇ ਇਸ਼ਾਰੇ (signals) ਅਤੇ ਦੂਜੇ ਕੰਮ ਠੀਕ ਕਰਨ ਲੱਗ ਜਾਣਗੇ, ਜਿਸ ਨਾਲ ਲੀਕੀ ਗਟ ਵੀ ਮੁਰੰਮਤ ਹੋ ਜਾਵੇਗੀ ਅਤੇ ਗਲਤ ਵਸਤਾਂ gut ਵਿੱਚੋਂ ਖੂਨ ਵਿੱਚ ਨਹੀਂ ਜਾਣਗੀਆ। ਇਸ ਦਾ ਮਤਲਬ ਨਵੇਂ triggers, ਨਵੀਂ immune response ਨਹੀਂ ਸ਼ੁਰੂ ਕਰਨਗੇ। ਕਾਫੀ ਨਵੀਂ ਰਿਸਰਚ ਵਿੱਚ ਦੇਖਿਆ ਗਿਆ ਕਿ ਸਿਰਫ gut micro biome ਠੀਕ ਕਰਨ ਨਾਲ ਹੀ ਬਹੁਤ ਮਰੀਜ਼ਾਂ ਵਿੱਚ ਉਨ੍ਹਾਂ ਦੀ RA ਕਾਫੀ ਠੀਕ ਹੋ ਗਿਆ ਸੀ।"

"ਦੀਦੀ, ਇਹ ਤਾਂ ਬਹੁਤ ਉਤਸ਼ਾਹ ਵਾਲੀ ਗੱਲ ਹੈ। ਹੋਰ ਕੀ ਕੀ ਮਦਦ ਕਰ ਸਕਦੈ?"

"3. ਕਸਰਤ ਜਿੰਨੀ ਵੀ ਹੋ ਸਕਦੀ ਏ, ਛੋਟੇ ਜੋੜਾਂ ਨੂੰ ਰੈਸਟ ਦੀ ਜ਼ਰੂਰਤ ਹੈ, ਪਰ ਉਨ੍ਹਾਂ ਦਾ ਖ਼ੂਨ ਦਾ ਦੌਰਾ ਅੱਛਾ ਕਰਨ ਨਾਲ ਕਾਫੀ ਮਦਦ ਮਿਲਦੀ ਹੈ। ਖਾਸ ਕਰਕੇ ਉਪਰ ਵਾਲੇ ਸਰੀਰ ਦੇ ਹਿੱਸੇ ਦੀ ਕਸਰਤ ਜਾਂ ਸਟੇਸ਼ਨਰੀ ਸਾਈਕਲ। ਬਿਕਰਮ ਯੋਗਾ ਦਾ ਵੀ ਬਹੁਤ ਲਾਭ ਹੁੰਦੈ। ਵੱਡੇ ਜੋੜ ਜਿਵੇਂ ਗੋਡਾ ਜਾਂ ਮੋਢੇ ਉਨ੍ਹਾਂ ਨੂੰ ਸਟਰੈਚ ਕਰਨ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਦੀਆਂ movements ਲਾਭਦਾਇਕ ਹਨ ਅਤੇ ਉਨ੍ਹਾਂ ਨੂੰ ਮਜਬੂਤ ਬਣਾਉਣ ਦੀ ਜ਼ਰੂਰਤ ਹੈ।

4. ਗਰਮ ਅਤੇ ਠੰਡੇ ਸ਼ਾਵਰਜ਼

5. ਸਟਰੈਸ ਵੱਲ ਧਿਆਨ ਦੇਣਾ ਬੇਹੱਦ ਜ਼ਰੂਰੀ ਹੈ

-ਕਿਉਂਕਿ ਇਸ ਨਾਲ ਕੌਰਟੀਜ਼ੋਲ (cortisol) ਵਿੱਚ ਵਾਧਾ ਹੁੰਦੈ, ਇਸ ਕਰ ਕੇ ਇਨਫਲੇਮੇਸ਼ਨ ਵਧਦੀ ਹੈ।

ਸਟਰੈਸ ਨਾਲ ਸਿਮਪੇਥੈਟਿਕ ਸਿਸਟਮ ਐਕਟਿਵ ਹੁੰਦੈ, ਜਿਸ ਕਰ ਕੇ ਲੀਕੀ ਗਟ ਅਤੇ ਬੁਰੇ ਹਾਨੀਕਾਰਕ ਜਰਮ ਵਧ ਜਾਂਦੇ ਨੇ। ਇਸ ਲਈ ਸਟਰੈਸ ਤੋਂ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ

-ਬਾਹਰ ਜਾ ਕੇ ਸੈਰ ਕਰਨੀ, ਯੋਗਾ, ਮੈਡੀਟੇਸ਼ਨ

-Box breathing ਜਾਂ belly breathing ਕਾਫੀ ਮਦਦਗਾਰ ਸਾਬਤ ਹੁੰਦੇ ਨੇ

-ਤੁਸੀਂ vagus ਨਰਵ ਨੂੰ ਵੀ ਸਟਿਮੂਲੇਟ ਕਰ ਸਕਦੇ ਹੋ

6. ਸੋਣਾ ਤਾਂ ਸੱਤ-ਅੱਠ ਘੰਟੇ ਚਾਹੀਦੈ

7. ਜੇ ਕੋਈ ਸਮੋਕ ਕਰਦਾ ਹੋਵੇ ਜਾਂ ਸ਼ਰਾਬ ਪੀਂਦਾ ਹੋਵੇ, ਉਹ ਬੰਦ ਕਰ ਦੇਣਾ ਚਾਹੀਦੈ।

ਪ੍ਰੀਤ, ਜਾ ਕੇ ਚਾਚੀ ਨੂੰ ਸਭ ਸਮਝਾ ਦੇਵੀਂ। ਤੂੰ ਅੱਛੀ ਤਰ੍ਹਾਂ ਲਿਖ ਲਿਐ ਸਭ ਕੁਝ?"

"ਹਾਂ ਜੀ!"

"ਅੱਛਾ, ਮੈਂ ਚੱਲਦੀ ਆਂ। ਰੱਬ ਰਾਖਾ।"

ਵੰਡ '47 ਦੀ

ਕਿਸ਼ਤ ਪੰਜਵੀਂ

## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਵੰਡਾਰੇ ਦੇ ਕਤਲੇਆਮ ਦੀ ਜ਼ਿੰਮੇਵਾਰੀ ਕਿਸ 'ਤੇ?

*1947 ਦੇ ਮੁਲਕੀ ਵੰਡ-ਵੰਡਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। 'ਮੁਲਕ ਦੀ ਵੰਡ ਦੇ ਬੀਜ' ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਗਿਆ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਪੰਜਵੀਂ ਕਿਸ਼ਤ, ਜਿਸ ਵਿੱਚ ਸਵਾਲ ਹੈ ਕਿ ਵੰਡਾਰੇ ਦੇ ਕਤਲੇਆਮ ਦੀ ਜ਼ਿੰਮੇਵਾਰੀ ਕਿਸ 'ਤੇ? ਇਸ ਤੋਂ ਇਲਾਵਾ 'ਵੱਖਰੇ ਸਿੱਖ ਮੁਲਕ ਦਾ ਮੁੱਦਾ ਕਦੇ ਗੰਭੀਰਤਾ ਨਾਲ ਉਭਰਿਆ ਹੀ ਨਹੀਂ' ਅਤੇ 'ਸਿੱਖ ਕਾਂਗਰਸ ਦੀ ਪੈੜ ਵਿੱਚ ਪੈਰ ਧਰਦੇ ਰਹੇ' ਆਦਿ ਸਮੇਤ ਹੋਰ ਵੇਰਵਾ ਸ਼ਾਮਲ ਹੈ...*

ਮਸਲੇ



ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000


### ਵੰਡ ਦੀ ਲਕੀਰ ਦਾ ਐਲਾਨ 17 ਅਗਸਤ ਨੂੰ ਹੋਇਆ

ਇਹ ਬੜੀ ਦਿਲਚਸਪ ਗੱਲ ਹੈ ਕਿ ਪਾਕਿਸਤਾਨ 14 ਅਗਸਤ ਨੂੰ ਆਜ਼ਾਦ ਹੋਇਆ ਅਤੇ ਭਾਰਤ 15 ਅਗਸਤ ਨੂੰ, ਪਰ ਪੰਜਾਬ ਦੀ ਵੰਡ ਵਾਲੀ ਲਕੀਰ 17 ਅਗਸਤ ਨੂੰ ਖਿੱਚੀ ਗਈ। ਇਸ ਬਾਰੇ ਸਿਆਸੀ ਆਗੂਆਂ ਨੂੰ ਤਾਂ ਭਾਵੇਂ 16 ਅਗਸਤ ਸ਼ਾਮ ਨੂੰ ਦੱਸ ਦਿੱਤਾ ਗਿਆ ਸੀ, ਪਰ ਇਸਦਾ ਰਸਮੀ ਐਲਾਨ 17 ਅਗਸਤ ਨੂੰ ਕੀਤਾ ਗਿਆ। ਇਸਦੇ ਦੋ ਕਾਰਨ ਸਨ। ਪਹਿਲਾ ਇਹ ਕਿ ਅੰਗਰੇਜ਼ ਸਰਕਾਰ ਇਸ ਗੱਲੋਂ ਡਰਦੀ ਸੀ ਕਿ ਇਹ ਨਾ ਹੋਵੇ ਕਿ ਵੰਡਾਰਾ ਕਮਿਸ਼ਨ ਦੇ ਫੈਸਲੇ ਨੂੰ ਲੈ ਕੇ ਰੌਲਾ ਐਨਾ ਵਧ ਜਾਵੇ ਕਿ ਦੋਹਾਂ ਮੁਲਕਾਂ ਨੂੰ ਆਜ਼ਾਦੀ ਦੇਣ ਦੀ ਧਰੀ-ਧਰਾਈ ਸਕੀਮ ਵਿਚੇ ਰਹਿ ਜਾਵੇ। ਦੂਜਾ ਕਾਰਨ ਇਹ ਸੀ ਕਿ ਕਮਿਸ਼ਨ ਦੇ ਫੈਸਲੇ ਨਾਲ ਦੋਹਾਂ ਧਿਰਾਂ ਦਾ ਮਨ ਖਰਾਬ ਹੋਣਾ ਹੈ, ਜਿਸ ਕਰਕੇ ਇਨ੍ਹਾਂ ਦੇ 14 ਅਤੇ 15 ਅਗਸਤ ਨੂੰ ਹੋਣ ਵਾਲੇ ਆਜ਼ਾਦੀ ਦੇ ਜਸ਼ਨਾਂ ਵਿੱਚ ਕਿਰਕ ਨਾ ਪਵੇ। ਸੋ ਇਵੇਂ ਹੋਇਆ ਭਾਰਤ ਦਾ ਵੰਡਾਰਾ। ਦੇਸ਼ ਦੇ ਆਮ ਲੋਕਾਂ ਨੂੰ ਇਉਂ ਜਾਪਦਾ ਹੈ ਕਿ ਅੰਗਰੇਜ਼ ਇੱਥੋਂ ਜਾਣ ਮੌਕੇ ਚੁੱਪ-ਚਾਪ ਦੇਸ਼ ਦੀ ਵੰਡੀ ਕਰਕੇ ਤੁਰਦੇ ਬਣੇ। ਇਸ ਗੱਲ ਵਿੱਚ ਅੰਗਰੇਜ਼ਾਂ ਦਾ ਪੱਖ ਦੱਸਣ ਵਾਲੀ ਕੋਈ ਧਿਰ ਭਾਰਤ ਵਿੱਚ ਮੌਜੂਦ ਨਾ ਹੋਣ ਕਰਕੇ ਅੰਗਰੇਜ਼ਾਂ ਸਿਰ ਵੰਡ ਦਾ ਦੋਸ਼ ਪੱਕੇ ਪੈਰੀਂ ਹੁੰਦਾ ਗਿਆ।

ਦੋਵੇਂ ਮੁਲਕਾਂ ਦੀ ਆਜ਼ਾਦੀ ਤੋਂ ਬਾਅਦ ਲਗਭਗ ਸਵਾ ਇੱਕ ਕਰੋੜ ਲੋਕ ਬੇਘਰ ਹੋਏ। ਜੀ.ਡੀ. ਖੋਸਲਾ ਆਪਣੀ ਕਿਤਾਬ 'ਸਟਰਨ ਰੈਕਲਿੰਗ' ਦੇ ਪੰਨਾ ਨੰ. 299 'ਤੇ ਲਿਖਦੇ ਹਨ ਕਿ ਇਸ ਮੌਕੇ ਲਗਭਗ 5 ਲੱਖ ਲੋਕ ਕਤਲ ਹੋਏ, ਜਿਨ੍ਹਾਂ ਵਿੱਚ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਦੀ ਗਿਣਤੀ ਲਗਭਗ ਬਰਾਬਰ ਸੀ। ਮਾਈਕਲ ਐਡਵਰਜ਼ ਆਪਣੀ ਕਿਤਾਬ 'ਲਾਸਟ ਈਅਰਜ਼ ਆਫ਼ ਬ੍ਰਿਟਸ਼ ਇੰਡੀਆ' ਦੇ ਪੰਨਾ ਨੰ. 233 'ਤੇ 6 ਲੱਖ ਲੋਕਾਂ ਦਾ ਕਤਲੇਆਮ ਹੋਇਆ ਲਿਖਦੇ ਹਨ। ਲੱਖਾਂ ਦੀ ਔਰਤਾਂ ਦੀ ਇੱਜ਼ਤ ਰੁਲੀ। ਇਸਦੀ ਜ਼ਿੰਮੇਵਾਰੀ ਅੱਜ ਤੱਕ ਤੈਅ ਨਹੀਂ ਹੋਈ। ਇਸਨੂੰ ਸਿਰਫ਼ ਦੰਗਾਈਆਂ ਜ਼ੁੰਮੇ ਮੜ੍ਹ ਕੇ ਗੱਲ ਮੁਕਾ ਦਿੱਤੀ ਜਾਂਦੀ ਹੈ। 11 ਮਈ 1947 ਨੂੰ ਵਾਇਸਰਾਏ ਲਾਰਡ ਮਾਊਂਟਬੈਟਨ ਵੱਲੋਂ ਸੱਦੀ ਗਈ ਮੀਟਿੰਗ ਵਿੱਚ ਲਾਰਡ ਨੇ ਪੰਜਾਬ ਦੇ ਗਵਰਨਰ ਜੈਨਕਿਨਜ਼ ਤੋਂ ਪੁੱਛਿਆ, "ਕੀ ਇਹ ਵਿਚਾਰਿਆ ਜਾ ਸਕਦਾ ਹੈ ਕਿ ਕਿਸੇ ਵੱਡੇ ਪੱਧਰ 'ਤੇ ਆਬਾਦੀ ਦੇ ਤਬਾਦਲੇ ਦੇ ਪ੍ਰਬੰਧ ਦੀ ਆਸ ਕੀਤੀ ਜਾਏ?" ਜੈਨਕਿਨਜ਼ ਨੇ ਉੱਤਰ ਦਿੱਤਾ, "ਉਸ ਦਾ ਵਿਚਾਰ ਹੈ ਨਹੀਂ।" ਉੱਥੇ ਹਾਜ਼ਰ ਪੰਡਿਤ ਨਹਿਰੂ ਚੁੱਪ ਰਹੇ। ਜਦੋਂ ਗਿਆਨੀ ਕਰਤਾਰ ਸਿੰਘ ਨੂੰ ਲਾਰਡ ਮਾਊਂਟਬੈਟਨ ਨੂੰ ਆਬਾਦੀ ਦੇ ਤਬਾਦਲੇ ਦੀ ਮੰਗ ਨੂੰ ਚਿੱਠੀ ਦੇ ਰੂਪ ਵਿੱਚ ਲਿਖ ਕੇ ਦਿੱਤਾ ਤਾਂ ਉਸਨੇ ਉਹ ਚਿੱਠੀ ਪੰਡਿਤ ਨਹਿਰੂ ਅਤੇ ਮਿਸਟਰ ਜਿਨਾਹ ਨੂੰ ਭੇਜ ਦਿੱਤੀ।

ਮਿਸਟਰ ਜਿਨਾਹ ਨੇ ਕੋਈ ਉੱਤਰ ਨਾ ਦਿੱਤਾ, ਪਰ ਪੰਡਿਤ ਨਹਿਰੂ ਨੇ ਬੜਾ ਟਾਲੂ ਜਿਹਾ ਉੱਤਰ ਦਿੰਦਿਆ 7 ਜੁਲਾਈ 1947 ਨੂੰ ਲਿਖਿਆ, 'ਆਬਾਦੀ ਦੇ ਤਬਾਦਲੇ ਦਾ ਮਸਲਾ ਤੁਰੰਤ ਵਾਲਾ ਨਹੀਂ।' ਕਿਉਂਕਿ ਸਰਕਾਰ ਵੰਡਾਰੇ ਦੇ ਮਾਮਲੇ 'ਚ ਦੋ ਪ੍ਰਮੁੱਖ ਧਿਰਾਂ ਕਾਂਗਰਸ ਅਤੇ ਮੁਸਲਿਮ ਲੀਗ ਤੋਂ ਹੀ ਪੁੱਛ ਕੇ ਗੱਲ ਕਰਦੀ ਸੀ। ਜਦੋਂ ਕਿ ਦੋਵੇਂ ਧਿਰਾਂ ਆਬਾਦੀ ਦੇ ਤਬਾਦਲੇ ਤੋਂ ਪੈਦਾ ਹੋਣਾ ਵਾਲੀਆਂ ਸਮੱਸਿਆਵਾਂ ਨੂੰ ਕੋਈ ਤਵੱਜੋ ਨਹੀਂ ਸਨ ਦਿੰਦੀਆਂ। ਇੱਥੇ ਜ਼ਿਕਰਯੋਗ ਹੈ ਕਿ ਜਿਹੜੇ ਕਤਲੇਆਮ ਹੋਏ, ਉਹ ਸਾਰੇ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਆਜ਼ਾਦ ਤੇ ਖੁਦਮੁਖਤਿਆਰ ਸਰਕਾਰਾਂ ਦੇ ਦੌਰ 'ਚ ਹੋਏ। 15 ਅਗਸਤ 1947 ਤੋਂ ਪਹਿਲਾਂ ਕਿਸੇ ਰੌਲੇ ਰੱਪੇ ਨੂੰ ਕਾਬੂ ਕਰਨ ਖ਼ਾਤਿਰ ਫੌਜ ਨੂੰ ਬਾਕਾਇਦਾ ਤਿਆਰ ਰੱਖਿਆ ਹੋਇਆ ਸੀ। ਵਾਇਸਰਾਏ ਨੇ ਫੌਜਾਂ ਦੇ ਕਮਾਂਡਰ-ਇਨ-ਚੀਫ਼ ਨੂੰ ਇਹ ਤਿਆਰੀ ਕਰਨ ਲਈ 10 ਜੁਲਾਈ 1947 ਨੂੰ ਲਿਖਿਆ। ਚੀਫ਼ ਕਮਾਂਡਰ ਨੇ ਇਸ 'ਤੇ ਅਮਲ ਕਰਦਿਆਂ ਹੇਠਲੇ ਕਮਾਂਡਰਾਂ ਨੂੰ ਬਾਕਾਇਦਾ ਨਿਯੁਕਤੀਆਂ ਕਰਕੇ ਉਨ੍ਹਾਂ ਦੇ ਖੇਤਰ ਵੀ ਵੰਡ ਦਿੱਤੇ ਅਤੇ ਇਹ ਵੀ ਕਿਹਾ ਗਿਆ ਕਿ ਉਹ ਵੱਧ ਤੋਂ ਵੱਧ 8 ਅਗਸਤ ਤੱਕ ਇਨ੍ਹਾਂ ਖੇਤਰਾਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕਰ ਦੇਣ। ਲਾਹੌਰ, ਅੰਮ੍ਰਿਤਸਰ, ਜਲੰਧਰ ਅਤੇ ਮੁਲਤਾਨ ਵਿੱਚ ਟੈਂਕਾਂ ਅਤੇ ਤੋਪਖਾਨਿਆਂ ਵਾਲੀਆਂ ਭਾਰੀਆਂ ਫੌਜਾਂ ਰੱਖੀਆਂ ਗਈਆਂ। ਫਿਰੋਜ਼ਪੁਰ, ਲੈਲਪੁਰ ਅਤੇ ਹੋਰ ਅਹਿਮ ਸ਼ਹਿਰਾਂ ਵਿੱਚ ਫੌਜਾਂ ਨੂੰ ਤਿਆਰ-ਬਰ-ਤਿਆਰ ਰੱਖਿਆ ਗਿਆ। ਇਨ੍ਹਾਂ ਵਿੱਚ ਤੋਪ ਖਾਨੇ ਦੀਆਂ 6 ਰੈਜਮੈਂਟਾਂ, ਇਨਫੈਨਟਰੀ ਦੀਆਂ 27 ਬਟਾਲੀਅਨ ਤੋਂ ਇਲਾਵਾ ਇੰਜੀਨੀਅਰਿੰਗ ਸਿਗਨਲ, ਮੈਡੀਕਲ, ਟ੍ਰਾਂਸਪੋਰਟ ਅਤੇ ਸਪਲਾਈ ਯੂਨਿਟਾਂ ਸ਼ਾਮਲ ਸਨ। ਗਵਰਨਰ ਪੰਜਾਬ ਨੇ ਅਮਨ ਕਾਇਮ ਰੱਖਣ ਖ਼ਾਤਰ ਇੱਕ ਸੁਰੱਖਿਆ ਕੌਂਸਲ ਕਾਇਮ ਕੀਤੀ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਤਿੰਨੋਂ ਪਾਰਟੀਆਂ ਦੇ ਪ੍ਰਧਾਨ ਨਵਾਬ ਇਫ਼ਤਿਖਾਰ ਹੁਸੈਨ ਮਮਦੋਟ ਮੁਸਲਿਮ ਲੀਗ ਵੱਲੋਂ, ਕਾਂਗਰਸ ਪਾਰਟੀ ਦੇ ਭੀਮ ਸੈਨ ਸੱਚਰ ਅਤੇ ਅਕਾਲੀ ਵਿਧਾਇਕ ਦਲ ਦੇ ਨੇਤਾ ਸਵਰਨ ਸਿੰਘ ਸ਼ਾਮਲ ਸਨ। ਇਸ ਕੌਂਸਲ ਨੇ ਰੋਜ਼ਾਨਾ ਮੀਟਿੰਗ ਕਰਕੇ ਅਮਨ-ਕਾਨੂੰਨ ਦੀ ਹਾਲਾਤ 'ਤੇ ਗੌਰ ਕਰਨਾ ਸੀ, ਪਰ 15 ਅਗਸਤ ਤੋਂ ਬਾਅਦ ਇਹ ਕੌਂਸਲ ਕੰਮ ਨਾ ਕਰ ਸਕੀ। ਇਸੇ ਕਰਕੇ 15 ਅਗਸਤ ਤੋਂ ਪਹਿਲਾਂ ਪੰਜਾਬ ਵਿੱਚ ਸ਼ਾਂਤੀ ਰਹੀ।

ਮਾਰ-ਕਾਟ ਦੇ ਸ਼ੁਰੂ ਹੋਣ ਮੌਕੇ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਨੇ ਦੰਗਾਈਆਂ ਨੂੰ ਕੁਝ ਨਹੀਂ ਕਿਹਾ, ਜਿਸ ਕਰਕੇ ਜਣਾ-ਖਣਾ ਬਦਮਾਸ਼ ਉੱਠ ਕੇ ਲੁੱਟਮਾਰ ਅਤੇ ਕਤਲੇਆਮ ਦੇ ਰਾਹ ਪੈ ਗਿਆ। ਇਸ ਕਰਕੇ ਪਾਕਿਸਤਾਨ ਵਿਚਲੇ ਹਿੰਦੂ-ਸਿੱਖ ਆਪਣੀ ਜਾਨ ਅਤੇ ਇੱਜ਼ਤ ਬਚਾਉਣ ਖਾਤਰ ਭਾਰਤੀ ਖੇਤਰ ਵੱਲ ਨੂੰ ਭੱਜ ਪਏ, ਇਸੇ ਤਰ੍ਹਾਂ ਭਾਰਤੀ ਪੰਜਾਬ ਵਿਚਲੇ ਮੁਸਲਮਾਨ ਪਾਕਿਸਤਾਨ ਵੱਲ ਨੂੰ ਭੱਜਣ ਲੱਗੇ। ਦੰਗਾਈਆਂ ਨੂੰ ਸਰਕਾਰੀ ਹੱਲਾਸ਼ੇਰੀ ਤੇ ਹੋਰ ਬਹੁਤ ਸਾਰੇ ਸਬੂਤਾਂ ਤੋਂ ਇਲਾਵਾ ਇੱਕ ਹੋਰ ਸਬੂਤ ਇਹ ਹੈ ਕਿ ਪੂਰਬੀ ਪੰਜਾਬ ਵਿੱਚ ਦੋ ਮੁਸਲਮਾਨ ਰਿਆਸਤਾਂ ਮਲੇਰਕੋਟਲਾ ਅਤੇ ਪਟੌਦੀ (ਹੁਣ ਜ਼ਿਲ੍ਹਾ ਫਰੀਦਾਬਾਦ) ਸਨ। ਉਸ ਵੇਲੇ ਇਹ ਭਾਰਤ ਦੀ ਸਰਕਾਰ ਤੋਂ ਬਾਹਰਲੇ ਇੱਕ ਛੋਟੇ ਮੁਲਕ ਸਨ। ਚੁਫ਼ੇਰਿਓਂ ਪੰਜਾਬ 'ਚ ਘਿਰੇ ਹੋਣ ਦੇ ਬਾਵਜੂਦ ਵੀ ਇੱਥੇ ਕੋਈ ਦੰਗਾ ਜਾਂ ਕਤਲੇਆਮ ਨਹੀਂ ਹੋਇਆ, ਬਲਕਿ ਪੰਜਾਬ ਦੇ ਮੁਸਲਮਾਨਾਂ ਨੇ ਇੱਥੇ ਜਾ ਕੇ ਪਨਾਹ ਲਈ। ਸੋ ਇਸ ਗੱਲ ਦਾ ਦੋਸ਼ ਅੰਗਰੇਜ਼ਾਂ 'ਤੇ ਦੇਣਾ ਗ਼ਲਤ ਹੈ ਕਿ ਉਹ ਦੰਗਿਆਂ ਦਾ ਪਹਿਲਾਂ ਕੋਈ ਇੰਤਜ਼ਾਮ ਕਿਉਂ ਨਹੀਂ ਕਰਕੇ ਗਏ! ਇਸਦੀ ਜ਼ਿੰਮੇਵਾਰੀ ਕਾਂਗਰਸ ਅਤੇ ਮੁਸਲਿਮ ਲੀਗ ਦੀ ਲੀਡਰਸ਼ਿਪ 'ਤੇ ਆਉਂਦੀ ਹੈ। ਮਦਰਾਸ ਤੋਂ ਛਪਦੇ 'ਦਾ ਹਿੰਦੂ' ਅਖ਼ਬਾਰ ਵਿੱਚ 4 ਸਤੰਬਰ 1947 ਨੂੰ ਛਪੀ ਇੱਕ ਖਬਰ ਵਿੱਚ ਇਸ ਗੱਲ ਦੀ ਵਜਾਹਤ ਹੁੰਦੀ ਹੈ। ਅਖਬਾਰ ਲਿਖਦਾ ਹੈ ਕਿ, ਜ਼ਿਲ੍ਹਾ ਸ਼ੇਖੂਪੁਰਾ ਦੀ ਇੱਕ ਅਨਪੜ੍ਹ ਸਿੱਖ ਔਰਤ ਨੇ ਸੜਕ 'ਤੇ ਪੈਦਲ ਚਲ ਰਹੇ ਕਾਫ਼ਲੇ ਨੂੰ ਵੇਖ ਰਹੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਇਹ ਸ਼ਬਦ ਬਿਲਕੁਲ ਠੀਕ ਆਖੇ ਸਨ, "ਜੇਂ ਤੁਸੀਂ ਦੇਸ਼ ਦਾ ਬਟਵਾਰਾ ਕਰਨਾ ਚਾਹੁੰਦੇ ਸੀ ਤਾਂ ਤੁਸੀਂ ਪਹਿਲਾਂ ਆਬਾਦੀ ਦੇ ਤਬਾਦਲੇ ਦਾ ਪ੍ਰਬੰਧ ਕਿਉਂ ਨਾ ਕੀਤਾ? ਦੇਖੋ, ਸਾਡੇ ਸਾਰਿਆਂ ਤੇ ਕਿੰਨੀ ਮੁਸੀਬਤ ਆ ਪਈ ਹੈ।"



ਪੰਜਾਬ ਦਾ ਹੱਦਬੰਦੀ ਕਮਿਸ਼ਨ: (ਖੱਬਿਓਂ ਸੱਜੇ) ਬੈਠੇ ਹਨ ਜਸਟਿਸ ਮੁਹੰਮਦ ਮੁਨੀਰ, ਜਸਟਿਸ ਦੀਨ ਮੁਹੰਮਦ, ਸਰ ਸੀਰਲ ਰੈਡਕਲਿਫ, ਜਸਟਿਸ ਮਿਹਰ ਚੰਦ ਮਹਾਜਨ, ਜਸਟਿਸ ਤੇਜਾ ਸਿੰਘ ਅਤੇ ਪਿੱਛੇ ਖੜ੍ਹਾ ਹੈ ਕਮਿਸ਼ਨ ਦਾ ਸਟਾਫ

### ਵੱਖਰੇ ਸਿੱਖ ਮੁਲਕ ਦਾ ਮੁੱਦਾ ਕਦੇ ਗੰਭੀਰਤਾ ਨਾਲ ਉਭਰਿਆ ਹੀ ਨਹੀਂ

ਅੰਗਰੇਜਾਂ ਦੇ ਭਾਰਤ ਵਿੱਚੋਂ ਚਲੇ ਜਾਣ ਤੋਂ ਬਾਅਦ ਮੁਲਕ ਦੀ ਸਿਆਸੀ ਸ਼ਕਲ ਵੱਖਰੀ ਹੋਣੀ ਸੀ। ਮੁਸਲਮਾਨ ਅਵਾਮ ਆਪਣੀ ਸਿਆਸੀ ਪਾਰਟੀ ਮੁਸਲਿਮ ਲੀਗ ਰਾਹੀਂ ਆਪਣੀ ਖਾਤਰ ਵੱਖਰਾ ਮੁਲਕ ਲੈਣ ਲਈ ਕਲੀਅਰ ਕੱਟ ਸਟੈਂਡ ਲਈ ਬੈਠਾ ਸੀ। ਦੂਜੇ ਪਾਸੇ ਸਿੱਖ ਆਗੂਆਂ ਨੇ ਅੰਮ੍ਰਿਤਸਰ ਵਿੱਚ ਅਗਸਤ 1944 ਅਤੇ ਲਾਹੌਰ ਵਿੱਚ ਅਕਤੂਬਰ 1944 ਨੂੰ ਸਿਰਫ ਰਸਮੀ ਤੌਰ 'ਤੇ ਵੱਖਰੇ ਸਿੱਖ ਮੁਲਕ ਦੀ ਗੱਲ ਤੋਰੀ। ਇਹ ਗੱਲ ਵੀ ਆਪਣੇ ਖਾਤਰ ਨਾ ਹੋ ਕੇ ਸਿੱਖਾਂ ਨੇ ਪਾਕਿਸਤਾਨ ਦੀ ਮੰਗ ਦੇ ਖਿਲਾਫ ਕੀਤੀ ਸੀ, ਜਿਸਦਾ ਸਿੱਧਾ ਮਤਲਬ ਸੀ ਕਿ ਜੇ ਪਾਕਿਸਤਾਨ ਬਣਨਾ ਹੈ ਤਾਂ ਸਿੱਖ ਮੁਲਕ ਵੀ ਬਣਨਾ ਚਾਹੀਦਾ ਹੈ। ਰਸਮੀ ਮੰਗ ਕਰਨ ਤੋਂ ਇਲਾਵਾ ਸਿੱਖਾਂ ਨੇ ਇਹਦੇ ਬਾਬਤ ਕੋਈ ਗੰਭੀਰ ਵਿਉਂਤਬੰਦੀ ਨਹੀਂ ਕੀਤੀ। ਬਲਕਿ ਪਾਕਿਸਤਾਨ ਦੀ ਕਾਇਮੀ ਨੂੰ ਰੋਕਣ ਖਾਤਰ ਸਾਰਾ ਟਿੱਲ ਲਾ ਦਿੱਤਾ। ਮਾਰਚ 1947 ਵਿੱਚ ਪੋਠੋਹਾਰ (ਜ਼ਿਲ੍ਹਾ ਰਾਵਲਪਿੰਡੀ ਵਗੈਰਾ) ਅਤੇ ਵੰਡ ਤੋਂ ਬਾਅਦ ਹੋਇਆ ਸਿੱਖਾਂ ਦਾ ਕਤਲੇਆਮ ਸਿੱਖਾਂ ਵੱਲੋਂ ਪਾਕਿਸਤਾਨ ਦੇ ਖਿਲਾਫ ਸਟੈਂਡ ਲੈਣ ਦੇ ਸਿੱਟੇ ਵਜੋਂ ਸੀ।

ਸਿੱਖਾਂ ਨੇ ਕਦੇ ਵੀ ਆਪਣੀ ਖਾਤਰ ਕੋਈ ਸਟੈਂਡ ਨਹੀਂ ਲਿਆ, ਬਲਕਿ ਉਨ੍ਹਾਂ ਦਾ ਸਟੈਂਡ ਹਮੇਸ਼ਾ ਅੰਗਰੇਜਾਂ ਅਤੇ ਮੁਸਲਮਾਨਾਂ ਦੇ ਖਿਲਾਫ ਹੁੰਦਾ ਸੀ। ਦੂਜੇ ਲਫ਼ਜ਼ਾਂ ਵਿੱਚ ਗੱਲ ਕਰੀਏ ਤਾਂ ਉਨ੍ਹਾਂ ਦੇ ਇਹ ਸਟੈਂਡ ਉਹੀ ਹੁੰਦਾ ਸੀ ਜੋ ਕਿ ਹਿੰਦੂਆਂ ਦਾ ਆਪਣੀ ਸਿਆਸੀ ਪਾਰਟੀ ਕਾਂਗਰਸ ਰਾਹੀਂ ਹੁੰਦਾ ਸੀ। ਹਿੰਦੂਆਂ ਦਾ ਸਟੈਂਡ ਇਹ ਹੁੰਦਾ ਸੀ ਕਿ ਅੰਗਰੇਜ਼ ਚੁੱਪਚਾਪ ਇੱਥੋਂ ਚਲੇ ਜਾਣ, ਬਾਕੀ ਦੀ ਗੱਲ ਅਸੀਂ ਆਪੇ ਹੱਲ ਕਰਾਂਗੇ। ਮੁਸਲਮਾਨਾਂ ਦੀ ਦਿਲਚਸਪੀ ਅੰਗਰੇਜ਼ਾਂ ਨੂੰ ਇੱਥੋਂ ਛੇਤੀ ਕੱਢਣ ਵਿੱਚ ਨਹੀਂ ਸੀ, ਬਲਕਿ ਉਹ ਚਾਹੁੰਦੇ ਸਨ ਕਿ ਅੰਗਰੇਜ਼ ਆਪਣੇ ਹੁੰਦੇ-ਹੁੰਦੇ ਅਜਿਹਾ ਸਿਆਸੀ ਢਾਂਚਾ ਬਣਾ ਕੇ ਜਾਣ ਜੀਹਦੇ ਵਿੱਚ ਮੁਸਲਮਾਨਾਂ ਦੇ ਹਿੱਤ ਮਹਿਫੂਜ਼ ਹੋਣ। ਜਦੋਂ ਅਜਿਹਾ ਨਾ ਹੁੰਦਾ ਦਿਸਿਆ ਤਾਂ ਉਨ੍ਹਾਂ ਨੇ ਸਾਰਾ ਜ਼ੋਰ ਵੱਖਰਾ ਮੁਲਕ ਲੈਣ 'ਤੇ ਲਾ ਦਿੱਤਾ। ਸਿੱਖਾਂ ਦਾ ਸਟੈਂਡ ਵੀ ਇਹੀ ਸੀ ਕਿ ਅੰਗਰੇਜ਼ ਛੇਤੀ ਤੋਂ ਛੇਤੀ ਮੁਲਕ ਛੱਡ ਜਾਣ। ਮੁਸਲਮਾਨਾਂ ਵਾਂਗ ਉਨ੍ਹਾਂ ਨੇ ਅਜਿਹੀ ਕੋਈ ਮੰਗ ਨਹੀਂ ਰੱਖੀ ਕਿ ਅੰਗਰੇਜ਼ ਜਾਣ ਤੋਂ ਪਹਿਲਾ ਸਿੱਖ ਹਿੱਤ ਸੁਰੱਖਿਅਤ ਕਰ ਕੇ ਜਾਣ। ਸਿੱਖਾਂ ਨੇ ਹਮੇਸ਼ਾ ਮੁਸਲਮਾਨ ਦੀ ਹਰੇਕ ਮੰਗ ਦਾ ਵਿਰੋਧ ਕੀਤਾ। ਉਨ੍ਹਾਂ ਦਾ ਹਰੇਕ ਸਿਆਸੀ ਪੈਂਤੜਾਂ ਉਹੀ ਹੁੰਦਾ ਸੀ, ਜੋ ਕਾਂਗਰਸ ਚਾਹੁੰਦੀ ਸੀ। ਇਹਦੀਆਂ ਕੁੱਝ ਕੁ ਵੰਨਗੀਆਂ ਹੇਠ ਲਿਖੀਆਂ ਹਨ:

1928 ਵਿੱਚ ਇੱਕ ਬਰਤਾਵਨੀ ਕਮਿਸ਼ਨ ਭਾਰਤ ਆਇਆ, ਜਿਸਨੂੰ ਸਾਈਮਨ ਕਮਿਸ਼ਨ ਆਖਿਆ ਜਾਂਦਾ ਹੈ। ਇਹ ਕਮਿਸ਼ਨ ਇਹ ਪਤਾ ਲਾਉਣ ਭਾਰਤ ਆਇਆ ਸੀ ਕਿ ਅੰਗਰੇਜ਼ਾਂ ਦੇ ਭਾਰਤ ਛੱਡ ਜਾਣ ਤੋਂ ਬਾਅਦ ਆਜ਼ਾਦ ਭਾਰਤ ਦੀ ਕੀ ਸ਼ਕਲੋਂ ਸੂਰਤ ਬਣੇਗੀ। ਕਾਂਗਰਸ ਨੇ ਇਹਦਾ ਬਾਈਕਾਟ ਇਹ ਕਹਿ ਕੇ ਕੀਤਾ ਕਿ ਅੰਗਰੇਜ਼ਾਂ ਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ, ਉਹ ਚੁੱਪਚਾਪ ਇੱਥੋਂ ਚਲੇ ਜਾਣ, ਬਾਕੀ ਅਸੀਂ ਆਪਦਾ ਆਪੇ ਦੇਖ ਲਵਾਂਗੇ। ਇੱਥੋਂ ਮੁਸਲਮਾਨਾਂ ਦਾ ਖਦਸ਼ਾ ਹੋਰ ਵਧਿਆ ਕਿ ਆਜ਼ਾਦ ਮੁਲਕ ਦੀ ਸਿਆਸੀ ਸ਼ਕਲੋਂ ਸੂਰਤ ਉਹੀ ਹੋਵੇਗੀ, ਜੋ ਹਿੰਦੂ ਬਹੁ ਗਿਣਤੀ ਚਾਹੇਗੀ। ਜੀਹਦਾ ਸਿੱਧਮ ਸਿੱਧਾ ਮਤਲਬ ਇਹ ਸੀ ਕਿ ਮੁਸਲਮਾਨਾਂ ਦੇ ਮੁਫਾਦ ਹਿੰਦੂ ਬਹੁ-ਗਿਣਤੀ ਦੀ ਮਰਜੀ 'ਤੇ ਨਿਰਭਰ ਹੋਣਗੇ। ਇਹ ਦੇਖ ਕੇ ਉਹ ਪਾਕਿਸਤਾਨ ਦੀ ਮੰਗ ਵੱਲ ਹੋਰ ਗੰਭੀਰ ਹੋ ਗਏ। ਵਕਤ ਦਾ ਤਕਾਜ਼ਾ ਮੰਗ ਕਰਦਾ ਸੀ ਕਿ ਸਿੱਖ ਆਗੂ ਵੀ ਕਮਿਸ਼ਨ ਕੋਲ ਆਪਣੀ ਇਹ ਮੰਗ ਰੱਖਦੇ ਕਿ ਆਜ਼ਾਦ ਭਾਰਤ ਵਿੱਚ ਸਿੱਖ ਹਿੱਤਾਂ ਦੀ ਰੱਖਿਆ ਦਾ ਕੋਈ ਬਾਨਣੂ ਬੰਨ੍ਹਿਆ ਜਾਵੇ, ਪਰ ਉਨ੍ਹਾਂ ਨੇ ਨਾ ਆ ਦੇਖਿਆ ਨਾ ਤਾਅ ਦੇਖਿਆ ਕਾਂਗਰਸ ਦੀ ਬੋਲੀ ਬੋਲਦਿਆਂ ਸਾਈਮਨ ਕਮਿਸ਼ਨ ਦਾ ਬਾਈਕਾਟ ਕਰ ਦਿੱਤਾ।

ਇੱਥੇ ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਸਿਰਫ ਅਗਸਤ 1947 ਦਾ ਹੀ ਟਾਇਮ ਨਹੀਂ ਸੀ, ਜਦੋਂ ਅੰਗਰੇਜਾਂ ਨੇ ਸਭ ਤੋਂ ਪੁੱਛਿਆ ਕਿ ਤੁਸੀ ਕੀ ਚਾਹੁੰਨੇ ਓਂ? ਤਾਂ ਸਿੱਖਾਂ ਨੇ ਜਵਾਬ ਦੇ ਦਿੱਤਾ। ਮੁਸਲਮਾਨਾਂ ਨੇ ਪਾਕਿਸਤਾਨ ਮੰਗ ਲਿਆ, ਜੋ ਉਨ੍ਹਾਂ ਨੂੰ ਮਿਲ ਗਿਆ। ਮੁਸਲਮਾਨਾਂ ਨੇ ਪਾਕਿਸਤਾਨ ਦੀ ਮੰਗ ਨੂੰ ਸਾਕਾਰ ਕਰਨ ਖਾਤਰ ਦਹਾਕਿਆ ਤੋਂ ਇਹਦੀ ਖਾਤਰ ਹਾਲਾਤ ਤਿਆਰ ਕੀਤੇ। ਜਦਕਿ ਸਿੱਖਾਂ ਦਾ ਕੋਈ ਪੈਂਤੜਾ ਆਪਣੀ ਖਾਤਰ ਨਹੀਂ ਸੀ। ਇਹਦੇ ਮੱਦੇਨਜ਼ਰ ਇਹ ਸੰਭਵ ਵੀ ਨਹੀਂ ਸੀ ਕਿ ਵੱਖਰੇ ਸਿੱਖ ਰਾਜ ਦੀ ਮੰਗ 1947 ਵਿੱਚ ਜਾ ਕੇ ਕੀਤੀ ਜਾਂਦੀ ਤਾਂ ਉਹ ਪੂਰੀ ਹੋ ਜਾਂਦੀ।

### ਆਪਦਾ ਮੁਫਾਦ ਸੋਚੇ ਬਿਨਾ ਸਿੱਖ ਕਾਂਗਰਸ ਦੀ ਪੈੜ ਵਿੱਚ ਪੈਰ ਧਰਦੇ ਰਹੇ

1930 ਵਿੱਚ ਹੋਈਆਂ ਚੋਣਾਂ ਦਾ ਕਾਂਗਰਸ ਨੇ ਬਾਈਕਾਟ ਕੀਤਾ ਤੇ ਸਿੱਖ ਲੀਗ ਨੇ ਵੀ ਕਾਂਗਰਸ ਮਗਰ ਲੱਗ ਕੇ ਬਾਈਕਾਟ ਕਰ ਦਿੱਤਾ। ਉਨ੍ਹੀਂ ਦਿਨੀਂ ਅਕਾਲੀ ਦਲ ਪੂਰੀ ਤਰ੍ਹਾਂ ਇੱਕ ਸਿਆਸੀ ਪਾਰਟੀ ਵਜੋਂ ਨਹੀਂ ਸੀ ਉਭਰਿਆ ਅਤੇ ਸਿੱਖ ਲੀਗ ਹੀ ਸਿੱਖਾਂ ਦੀ ਨੁਮਾਇੰਦਾ ਜਮਾਤ ਸੀ। ਸਿੱਖ ਲੀਗ ਸਿੱਖਾਂ ਦੀ ਪਾਰਟੀ ਹੋਣ ਦੇ ਬਾਵਜੂਦ ਇਹਦਾ ਸਿਆਸੀ ਪ੍ਰੋਗਰਾਮ ਕਾਂਗਰਸ ਤੋਂ ਇੱਕ ਇੰਚ ਵੀ ਵੱਖਰਾ ਨਹੀਂ ਸੀ। ਇੱਥੋਂ ਤੱਕ ਕਿ ਸਿੱਖ ਲੀਗ ਦੇ ਅਹੁਦੇਦਾਰ ਨਾਲੋ-ਨਾਲ ਕਾਂਗਰਸ ਦੇ ਵੀ ਅਹੁਦੇਦਾਰ ਸੀਗੇ। ਸਿੱਖ ਲੀਗ ਦਾ ਸਕੱਤਰ ਸਰਦੂਲ ਸਿੰਘ ਕਵੀਸ਼ਰ ਪੰਜਾਬ ਕਾਂਗਰਸ ਕਮੇਟੀ ਦਾ ਵੀ ਸਕੱਤਰ ਸੀ। ਬਾਬਾ ਖੜਕ ਸਿੰਘ ਸਿੱਖ ਲੀਗ ਦਾ ਵੀ ਸੈਕਟਰੀ ਸੀ ਤੇ ਨਾਲੋ-ਨਾਲ ਪੰਜਾਬ ਕਾਂਗਰਸ ਦਾ ਵੀ ਪ੍ਰਧਾਨ ਸੀ। ਜਦੋਂ 1930 'ਚ ਕਾਂਗਰਸ ਨੇ ਵਿਦੇਸ਼ੀ ਚੀਜ਼ਾਂ ਦੇ ਬਾਈਕਾਟ ਦਾ ਪ੍ਰੋਗਰਾਮ ਦਿੱਤਾ ਤਾਂ ਇਸ ਨਿਰੇ-ਪੁਰੇ ਸਿਆਸੀ ਪ੍ਰੋਗਰਾਮ ਨੂੰ ਸਿੱਖ ਆਗੂਆਂ ਨੇ ਸਿੱਖਾਂ ਦੇ ਧਾਰਮਿਕ ਪ੍ਰੋਗਰਾਮ ਵਜੋਂ ਮਾਨਤਾ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਵੀ ਵਿਦੇਸ਼ੀ ਕੱਪੜੇ ਦੇ ਨਾ ਬਣਾਉਣ। ਦੇਗ ਵੀ ਦੇਸੀ ਖੰਡ ਦੀ ਬਣੀ ਹੋਈ ਪ੍ਰਵਾਨ ਕੀਤੀ ਜਾਵੇ।

ਇੱਕ ਵਾਰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਅੰਗਰੇਜ਼ਾਂ ਨੂੰ ਇਸ ਗੱਲ ਲਈ ਮਨਾ ਲਿਆ ਸੀ ਕਿ ਉਹ ਗੁਰਦੁਆਰਾ ਸੀਸ ਗੰਜ ਦਿੱਲੀ ਦੇ ਨਾਲ ਲੱਗਦੀ ਕੋਤਵਾਲੀ ਗੁਰਦੁਆਰੇ ਨੂੰ ਦੇ ਦੇਣ। ਮਾਸਟਰ ਤਾਰਾ ਸਿੰਘ ਨੇ ਇਹ ਕਹਿੰਦਿਆਂ ਸਖਤ ਸਟੈਂਡ ਲਿਆ ਕਿ ਅਸੀਂ ਗੁਰਦੁਆਰੇ ਖਾਤਰ ਅੰਗਰੇਜ਼ਾਂ ਹੱਥੋਂ ਕੱਖ ਨਹੀਂ ਲੈਣਾ। ਸਿੱਖ ਨਿੱਕੀ ਤੋਂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਲੈ ਕੇ ਵੱਡੀ ਗੱਲ ਤੱਕ ਇਸ ਸਟੈਂਡ 'ਤੇ ਗੱਡਵੇਂ ਪੈਰੀਂ ਖੜ੍ਹੇ ਰਹੇ ਕਿ ਅਸੀਂ ਜੋ ਲੈਣਾ ਹੈ, ਕਾਂਗਰਸ ਤੋਂ ਹੀ ਲਵਾਂਗੇ। ਸਿੱਖਾਂ ਦਾ ਇਹ ਸਟੈਂਡ ਐਨ ਅਖੀਰ ਤੱਕ ਕਾਇਮ ਰਿਹਾ। ਦਸਬੰਰ 1946 ਨੂੰ ਜਦੋਂ ਬਰਤਾਨਵੀ ਸਰਕਾਰ ਨੇ ਮੁਸਲਿਮ ਲੀਗ ਕਾਂਗਰਸ ਅਤੇ ਸਿੱਖਾਂ ਦਾ ਇੱਕ ਇੱਕ ਨੁਮਾਇੰਦਾ ਲੰਡਨ ਸੱਦਿਆ ਤਾਂ ਕਿ ਹਿੰਦੁਸਤਾਨ ਨੂੰ ਇੱਕਠਾ ਰੱਖਣ ਦੀ ਆਖਰੀ ਕੋਸ਼ਿਸ਼ ਕੀਤੀ ਜਾਵੇ, ਪਰ ਇਹ ਕੋਸ਼ਿਸ਼ ਵੀ ਫੇਲ੍ਹ ਹੋ ਗਈ। ਸਿੱਖ ਲੀਡਰਾਂ ਨੂੰ ਤਾਂ ਭਾਵੇਂ ਸਿੱਖਾਂ ਦੀ ਹੋਣੀ ਦੀ ਕੋਈ ਪ੍ਰਵਾਹ ਨਹੀਂ ਸੀ, ਪਰ ਅੰਗਰੇਜ਼ ਜ਼ਰੂਰ ਸਿੱਖਾਂ ਬਾਬਤ ਫਿਕਰਮੰਦ ਸਨ। ਉਨ੍ਹਾਂ ਦਾ ਫਿਕਰ ਇਹ ਸੀ ਕਿ ਪੰਜਾਬ ਦੀ ਵੰਡ ਨਾਲ ਸਿੱਖ ਕੌਮ ਦੋ ਹਿੱਸਿਆਂ ਵਿੱਚ ਵੰਡੀ ਜਾਵੇਗੀ, ਜੀਹਦੇ ਨਾਲ ਇਹਦਾ ਭਾਰੀ ਨੁਕਸਾਨ ਹੋਵੇਗਾ। ਲੰਡਨ ਗਏ ਸਿੱਖਾਂ ਦੇ ਨੁਮਾਇੰਦੇ ਬਲਦੇਵ ਸਿੰਘ ਨੂੰ ਬਰਤਾਨਵੀ ਪਾਰਲੀਮੈਂਟ ਮੈਂਬਰਾਂ ਨੇ ਕੁੱਝ ਦਿਨ ਰੁਕਣ ਦੀ ਸਲਾਹ ਦਿੱਤੀ ਤਾਂ ਕਿ ਸਿੱਖ ਕੌਮ ਬਾਬਤ ਕੁੱਝ ਸੋਚਿਆ ਜਾ ਸਕੇ। ਬਲਦੇਵ ਸਿੰਘ ਨੇ ਇਹ ਗੱਲ ਉੱਥੇ ਹੀ ਨਹਿਰੂ ਨੂੰ ਦੱਸ ਦਿੱਤੀ। ਨਹਿਰੂ ਕਦ ਇਹ ਗੱਲ ਚਾਹੁੰਦਾ ਸੀ। 7 ਦਸੰਬਰ 1946 ਵਾਲੇ ਦਿਨ ਲੰਡਨ ਤੋਂ ਦਿੱਲੀ ਜਾਣ ਵਾਲੀ ਫਲਾਇਟ ਵਿੱਚ ਉਹਨੇ ਪਹਿਲਾਂ ਬਲਦੇਵ ਸਿੰਘ ਨੂੰ ਜਹਾਜ਼ ਦੀਆਂ ਪੌੜੀਆਂ ਚੜ੍ਹਾਇਆ ਤੇ ਮਗਰੋਂ ਆਪ ਚੜ੍ਹਿਆ। ਜਹਾਜ਼ ਦੀਆਂ ਪੌੜੀਆਂ ਵਿੱਚੋਂ ਹੀ ਬਲਦੇਵ ਸਿੰਘ ਨੇ ਕੁੱਝ ਦਿਨ ਠਹਿਰਨ ਦੀ ਗੁਜ਼ਾਰਿਸ਼ ਕਰਨ ਵਾਲੇ ਬਰਤਾਨਵੀ ਐਮ.ਪੀਜ਼ ਨੂੰ ਜਵਾਬ ਦਿੰਦਿਆਂ ਆਖਿਆ ਕਿ ਸਿੱਖਾਂ ਦੀ ਕੋਈ ਮੰਗ ਨਹੀਂ ਹੈ, ਅਸੀਂ ਅੰਗਰੇਜ਼ਾਂ ਤੋਂ ਕੱਖ ਨਹੀਂ ਲੈਣਾ, ਜੋ ਲੈਣਾ ਅਸੀਂ ਆਪੇ ਨਹਿਰੂ ਹੁਣਾ ਤੋਂ ਲੈ ਲਾਵਾਂਗੇ, ਸਿੱਖਾਂ ਦੀ ਇੱਕੋਂ ਇੱਕ ਮੰਗ ਹੈ ਕਿ ਅੰਗਰੇਜ਼ ਹਿੰਦੁਸਤਾਨ ਨੂੰ ਫੌਰੀ ਖਾਲੀ ਕਰ ਜਾਣ।

ਬੱਸ ਇਹੀ ਆਖਰੀ ਮੌਕਾ ਸੀ ਜੀਹਨੂੰ ਠੁੱਡ ਮਾਰ ਕੇ ਸਿੱਖ ਆਗੂ ਨੇ ਜਿੱਥੇ ਸਿੱਖ ਕੌਮ ਨਾਲ ਗੱਦਾਰੀ ਤਾਂ ਕੀਤੀ ਹੀ, ਉੱਥੇ ਇਹ ਸਪੱਸ਼ਟ ਇਸ਼ਾਰਾ ਵੀ ਕਰ ਦਿੱਤਾ ਕਿ ਅਗਾਂਹ ਤੋਂ ਕੋਈ ਬੰਦਾ ਸਿੱਖ ਆਗੂਆਂ ਨੂੰ ਅਜਿਹੀ ਸਲਾਹ ਦੇ ਕੇ ਆਪਦੀ ਬੇਇੱਜ਼ਤੀ ਨਾ ਕਰਵਾਏ। ਹਾਂ, ਬਲਦੇਵ ਸਿੰਘ ਨੇ ਜੋ ਸਿੱਖਾਂ ਖਾਤਰ ਲੈਣਾ ਸੀ, ਉਹ ਇਹ ਸੀ ਜੀਹਦਾ ਬਿਆਨ ਸਿਰਦਾਰ ਕਪੂਰ ਸਿੰਘ ਆਪਦੀ ਕਿਤਾਬ 'ਸਾਚੀ ਸਾਖੀ' ਸਫਾ ਨੰਬਰ 161 ਦੇ ਫੁੱਟ ਨੋਟ 'ਤੇ ਇਉਂ ਕਰਦੇ ਹਨ: 1949 ਵਿੱਚ ਸੰਵਿਧਾਨ ਬਣ ਰਿਹਾ ਸੀ, ਜਿਸ ਵਿੱਚ ਸਿੱਖ ਹਿੱਤ ਦੀ ਕੋਈ ਮੱਦ ਸ਼ਾਮਿਲ ਨਾ ਕੀਤੀ ਤਾਂ ਮਾਸਟਰ ਤਾਰਾ ਸਿੰਘ ਇਸ ਬਾਬਤ ਰੋਸ ਜਾਹਿਰ ਕਰਨ ਖਾਤਰ ਜਦੋਂ ਰੇਲ ਗੱਡੀ ਰਾਹੀਂ ਦਿੱਲੀ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਾਹ ਵਿੱਚ ਹੀ ਗ੍ਰਿਫਤਾਰ ਕਰ ਲਿਆ। ਉਦੋਂ ਰੱਖਿਆ ਮੰਤਰੀ ਬਣ ਚੁੱਕੇ ਬਲਦੇਵ ਸਿੰਘ ਨੇ ਰੇਡੀਓ 'ਤੇ ਆਪਣਾ ਇੱਕ ਬਿਆਨ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਮੂਰਖਤਾ ਕਰ ਰਹੇ ਹਨ। 1949 ਦਸੰਬਰ ਵਿੱਚ ਚਮਕੌਰ ਸਾਹਿਬ ਹੋਈ ਸਾਹਿਬਜ਼ਾਦਿਆਂ ਦੀ ਸਾਲਾਨਾ ਸ਼ਹੀਦੀ ਸਭਾ ਵਿੱਚ ਬਲਦੇਵ ਸਿੰਘ ਨੇ ਤਕਰੀਰ ਕਰਦਿਆਂ ਮਾਸਟਰ ਤਾਰਾ ਸਿੰਘ ਦੇ ਰੋਸ ਦਾ ਇਉਂ ਜਵਾਬ ਦਿੱਤਾ, 'ਹਿੰਦੂਆਂ ਨੇ ਇੱਕ ਸਿੱਖ ਨੂੰ ਰੱਖਿਆ ਮੰਤਰੀ ਬਣਾਇਆ ਹੋਇਆ ਹੈ, ਇਹਤੋਂ ਵੱਧ ਸਿੱਖ ਉਨ੍ਹਾਂ ਤੋਂ ਹੋਰ ਕੀ ਭਾਲਦੇ ਨੇ?' ਇਹ ਲਫਜ਼ ਉਨ੍ਹਾਂ ਨੇ ਸਿਰਦਾਰ ਕਪੂਰ ਸਿੰਘ ਦੀ ਹਾਜ਼ਰੀ ਵਿੱਚ ਕਹੇ।

## ਕਾਂਗਰਸ ਵੱਲੋਂ ਅੰਗਰੇਜ਼ਾਂ ਖਿਲਾਫ ਨਾ-ਮਿਲਵਰਤਣ ਅੰਦੋਲਨ ਦੀ ਸਿੱਖਾਂ ਦੀ ਬਿਨਾ ਸ਼ਰਤ ਹਮਾਇਤ

ਕਾਂਗਰਸ ਵੱਲੋਂ ਜਦੋਂ ਕੋਈ ਅੰਗਰੇਜ਼ਾਂ ਦੇ ਖਿਲਾਫ ਰੌਲਾ-ਗੌਲਾ ਕੀਤਾ ਜਾਂਦਾ ਸੀ ਤਾਂ ਸਿੱਖ ਅੱਡੀਆ ਚੁੱਕ ਕੇ ਮੂਹਰੇ ਹੁੰਦੇ ਸੀ, ਕਦੇ ਇਹ ਗੱਲ ਨਹੀਂ ਸੀ ਪੁੱਛੀ ਜਾਂਦੀ ਕਿ ਇਹਦੇ ਵਿੱਚ ਸਿੱਖਾਂ ਦਾ ਕੀ ਫਾਇਦਾ ਹੋਵੇਗਾ? ਇਹ ਗੱਲ ਤਾਂ ਨਹੀਂ ਸੀ ਕੀਤੀ ਜਾਂਦੀ ਕਿ ਉਨ੍ਹਾਂ ਨੂੰ ਹਿੰਦੂਆਂ ਦਾ ਹਿੱਤ ਤੇ ਸਿੱਖਾਂ ਦਾ ਹਿੱਤ ਇਕੋ ਜਿਹਾ ਲੱਗਦਾ ਸੀ। ਉਹ ਤਾਂ ਲੱਗਦਾ ਸੀ ਸਿੱਖਾਂ ਦੇ ਮਨ ਵਿੱਚ ਕਦੇ ਵੀ ਹਿੰਦੂਆਂ ਤੋਂ ਅਹਿਸਾਸ-ਏ-ਅਲਹਿਦਗੀ ਨਹੀਂ ਪੈਦਾ ਹੋਈ। ਜੇ ਕਿਸੇ ਨੂੰ ਦੂਜੇ ਤੋਂ ਅਲਹਿਦਗੀ ਦਾ ਅਹਿਸਾਸ ਨਹੀਂ ਤਾਂ ਉਹ ਕਦੇ ਵੀ ਦੂਜੇ ਨੂੰ ਦੂਜਾ ਨਹੀਂ ਸਮਝੂਗਾ, ਜਿਸ ਕਰਕੇ ਸਾਡੇ ਤੇ ਥੋਡੇ ਦਾ ਵਿਚਾਰ ਮਨ ਵਿੱਚ ਨਹੀਂ ਆ ਸਕਦਾ। ਇਹੀ ਕਾਰਨ ਹੈ ਕਿ ਸਿੱਖਾਂ ਨੇ ਕਦੇ ਕਾਂਗਰਸ ਭਾਵ ਹਿੰਦੂਆਂ ਤੋਂ ਇਹ ਨਹੀਂ ਪੁੱਛਿਆ ਕਿ ਥੋਡੇ ਨਾਲ ਤੁਰਨ ਦਾ ਸਾਨੂੰ ਕੀ ਫਾਇਦਾ ਹੋਵੇਗਾ? ਇਹੀ ਸਾਰੀ ਗੱਲ ਦਾ ਨਿਚੋੜ ਹੈ। ਇਸੇ ਕਰਕੇ ਕਾਂਗਰਸ ਵੱਲੋਂ ਅੰਗਰੇਜ਼ਾਂ ਦੇ ਖਿਲਾਫ ਕੀਤੇ ਗਏ ਨਾ-ਮਿਲਵਰਤਣ ਅੰਦੋਲਨ ਦੀ ਵੀ ਸਿੱਖਾਂ ਨੇ ਬਿਨਾ ਸ਼ਰਤ ਹਮਾਇਤ ਕੀਤੀ। ਇਹੀ ਬਿਨਾ ਸ਼ਰਤ ਹਮਾਇਤ ਵਾਲੀ ਨੀਤੀ ਅੱਜ ਵੀ ਬਾਦਸਤੂਰ ਜਾਰੀ ਹੈ। ਬਿਨਾ ਸ਼ਰਤ ਦੇ ਨਾਲ ਨਾਲ ਬਿਨ ਮੰਗਵੀਂ ਵੀ ਹਮਾਇਤ ਕੀਤੀ ਜਾਂਦੀ ਹੈ। 1942 ਵਿੱਚ ਜਦੋਂ ਕਾਂਗਰਸ ਨੇ ਅੰਗਰੇਜ਼ਾਂ ਦੇ ਖਿਲਾਫ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ ਤਾਂ ਉਦੋਂ ਕਾਂਗਰਸ ਦੇ ਝੰਡੇ ਦੀ ਬਣਤਰ ਬਾਰੇ ਕਾਂਗਰਸ ਵਿੱਚ ਵਿਚਾਰ ਚੱਲ ਰਿਹਾ ਸੀ। ਅਕਾਲੀ ਦਲ ਨੇ ਮੰਗ ਕੀਤੀ ਕਿ ਕਾਂਗਰਸ ਦੇ ਝੰਡੇ ਵਿੱਚ ਸਿੱਖਾਂ ਦਾ ਕੇਸਰੀ ਰੰਗ ਪਾਇਆ ਜਾਵੇ, ਪਰ ਕਾਂਗਰਸ ਨੇ ਇਹਨੂੰ ਠੁਕਰਾ ਦਿੱਤਾ। ਇੱਥੇ ਵੀ ਅਹਿਸਾਸ-ਏ-ਅਲਹਿਦਗੀ ਗੈਰ-ਹਾਜ਼ਰ ਜਾਪਦੀ ਹੈ। ਜੇ ਸਿੱਖਾਂ ਨੂੰ ਅਹਿਸਾਸ-ਏ-ਅਲਹਿਦਗੀ ਹੁੰਦਾ ਤਾਂ ਉਨ੍ਹਾਂ ਨੂੰ ਕਾਂਗਰਸ ਤੋਂ ਅਜਿਹੀ ਮੰਗ ਕਰਨ ਦੀ ਲੋੜ ਨਹੀਂ ਸੀ। ਸਿਆਸੀ ਤਕਾਜ਼ਾ ਇਹ ਮੰਗ ਕਰਦਾ ਸੀ ਕਿ ਕਾਂਗਰਸ ਤੋਂ ਕੁੱਝ ਮੰਗਣ ਦੀ ਬਜਾਏ ਚੁੱਪ ਰਿਹਾ ਜਾਂਦਾ, ਜਦੋਂ ਕਾਂਗਰਸ ਸਿੱਖਾਂ ਤੋਂ ਹਮਾਇਤ ਮੰਗਦੀ ਤਾਂ ਉਹਦੇ ਮੂਹਰੇ ਆਪਦੀਆਂ ਸ਼ਰਤਾਂ ਰੱਖੀਆਂ ਜਾਂਦੀਆਂ ਤੇ ਕਿਹਾ ਜਾਂਦਾ ਕਿ ਕਾਂਗਰਸ ਦੱਸੇ ਕਿ ਉਹਨੂੰ ਸਿੱਖਾਂ ਦੀ ਲੋੜ ਹੈ ਕਿ ਨਹੀਂ? ਜੇ ਸਿੱਖਾਂ ਦੀ ਲੋੜ ਸਮਝਦੇ ਪਹਿਲਾਂ ਝੰਡੇ ਵਿੱਚ ਸਾਡਾ ਰੰਗ ਪਾਓ, ਪਰ ਇਹ ਗੱਲ ਤਾਂ ਹੁੰਦੀ ਜੇ ਅਸੀਂ-ਤੁਸੀਂ ਦਾ ਫਰਕ ਹੁੰਦਾ। ਨਾਲੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਜਮਾਤ ਅਕਾਲੀ ਦਲ ਦਾ ਵੱਖਰਾ ਝੰਡਾ ਸੀਗਾ, ਤਾਂ ਫਿਰ ਕਾਂਗਰਸ ਦੇ ਝੰਡੇ ਵਿੱਚ ਸਿੱਖਾਂ ਦਾ ਰੰਗ ਪਵਾਉਣ ਦੀ ਲੋੜ ਹੀ ਨਹੀਂ ਸੀ। ਇਹ ਕਿਹਾ ਜਾਣਾ ਚਾਹੀਦਾ ਸੀ ਕਿ ਕਾਂਗਰਸ ਨੇ ਜੇ ਅੰਗਰੇਜ਼ਾਂ ਦੇ ਖਿਲਾਫ ਸਿੱਖਾਂ ਦੀ ਹਮਾਇਤ ਲੈਣੀ ਹੈ ਤਾਂ ਅਕਾਲੀ ਦਲ ਦੇ ਝੰਡੇ ਨੂੰ ਕਾਂਗਰਸ ਦੇ ਝੰਡੇ ਦੇ ਬਰਾਬਰ ਗੱਡਿਆ ਜਾਵੇ।

ਪਰ ਸਿੱਖ ਤਾਂ ਅਸੀਂ-ਤੁਸੀਂ ਦਾ ਫਰਕ ਪਹਿਲਾਂ ਹੀ ਮੁਕਾਈ ਬੈਠੇ ਸੀ। ਝੰਡੇ ਵਿੱਚ ਸਿੱਖਾਂ ਦਾ ਰੰਗ ਨਾ ਪਾਉਣ ਤੋਂ ਸਿੱਖ ਆਗੂ ਅਜੇ ਨਾਰਾਜ਼ ਹੀ ਬੈਠੇ ਸਨ, ਉਧਰੋਂ ਕਾਂਗਰਸ ਨੇ ਭਾਰਤ ਛੱਡੋ ਅੰਦੋਲਨ ਦਾ ਐਲਾਨ ਕਰ ਦਿੱਤਾ। ਕਾਂਗਰਸ ਨੂੰ ਸਿੱਖਾਂ ਦੀ ਤਾਸੀਰ ਦਾ ਪਤਾ ਸੀ, ਉਨ੍ਹਾਂ ਨੇ ਇਸ ਅੰਦੋਲਨ ਖਾਤਰ ਅਕਾਲੀ ਦਲ ਭਾਵ ਸਿੱਖਾਂ ਤੋਂ ਕੋਈ ਹਮਾਇਤ ਨਾ ਮੰਗੀ, ਪਰ ਫਿਰ ਵੀ ਸਿੱਖ ਚੁੱਪ ਕਰਕੇ ਇਸ ਅੰਦਲਨ ਵਿੱਚ ਬਿਨਾ ਕਿਸੇ ਦੇ ਸੱਦਿਆਂ ਇਸ ਅੰਦੋਲਨ ਵਿੱਚ ਕੁੱਦ ਪਏ। ਬਹਾਨਾ ਇਹ ਲਾਇਆ ਗਿਆ ਕਿ ਓਹ ਯਾਰ! ਆਪਾਂ ਤੋਂ ਬਿਨਾ ਜੇ ਕਾਂਗਰਸ ਦੀ ਹਾਰ ਹੋ ਗਈ ਤਾਂ ਇਹਦਾ ਮਿਹਣਾ ਆਪਾਂ ਨੂੰ ਮਿਲੇਗਾ। ਜਦੋਂ ਕਿਸੇ 'ਚ ਅਸੀਂ-ਤੁਸੀਂ ਦਾ ਅਹਿਸਾਸ ਮੁੱਕ ਜਾਵੇ ਤਾਂ ਅਜਿਹੀ ਸੂਰਤ-ਏ-ਹਾਲ ਵਿੱਚ ਹੀ ਬੰਦਾ ਤੁਹਾਡੀ ਹਾਰ ਨੂੰ ਆਪ ਦੀ ਹਾਰ ਸਮਝਦਾ ਹੈ। ਅਕਾਲੀਆਂ ਭਾਵ ਸਿੱਖਾਂ ਵੱਲੋਂ ਆਪਣੇ ਆਪ ਨੂੰ ਕਾਂਗਰਸ ਭਾਵ ਹਿੰਦੂਆਂ ਦਾ ਹੀ ਅੰਗ ਸਮਝ ਲਿਆ ਗਿਆ ਤਾਂ ਇਸ ਵਿੱਚੋਂ ਆਪਣੀ ਖਾਤਰ ਵੱਖਰੇ ਮੁਲਕ ਦਾ ਅਹਿਸਾਸ ਕਿੱਥੋਂ ਪੈਦਾ ਹੋਣਾ ਸੀ!

## ਬਰਤਾਨਵੀ ਸ਼ਹਿਜਾਦੇ ਦੀ ਖਾਲਸਾ ਕਾਲਜ ਫੇਰੀ ਦੀ ਸਿੱਖਾਂ ਵੱਲੋਂ ਮੁਖਾਲਫਿਤ

ਬਰਤਾਨਵੀ ਸਰਕਾਰ ਸਿੱਖਾਂ ਨੂੰ ਇੱਕ ਵੱਖਰੀ ਕੌਮ ਵਜੋਂ ਮਾਨਤਾ ਦਿੰਦਿਆਂ ਇਹਨੂੰ ਹਿੰਦੂ ਮੁਸਲਮਾਨਾਂ ਤੋਂ ਬਾਅਦ ਇੱਕ ਤੀਜੀ ਸਿਆਸੀ ਧਿਰ ਮੰਨਦੀ ਸੀ। ਵੱਖਰੀਆਂ ਕੌਮੀ ਨਿਸ਼ਾਨੀਆਂ ਵਜੋਂ ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਯੂਨੀਵਰਸਿਟੀਆਂ ਸੀਗੀਆ। 1921 ਵਿੱਚ ਬਰਤਾਵਨੀ ਸਰਕਾਰ ਨੇ ਹਿੰਦੂ ਯੂਨੀਵਰਸਿਟੀ ਬਨਾਰਸ ਅਤੇ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦੀ ਤਰਜ਼ 'ਤੇ ਸਿੱਖਾਂ ਦਾ ਰੁਤਬਾ ਇਨ੍ਹਾਂ ਦੇ ਬਰਾਬਰ ਕਰਨ ਖਾਤਰ ਅੰਮ੍ਰਿਤਸਰ ਵਿੱਚ ਇੱਕ ਸਿੱਖ ਯੂਨੀਵਰਸਿਟੀ ਕਾਇਮ ਕਰਨ ਦਾ ਫੈਸਲਾ ਕੀਤਾ। ਇਸਦਾ ਐਲਾਨ ਬਰਤਾਵਨੀ ਸਹਿਜ਼ਾਦੇ ਪ੍ਰਿੰਸ ਆਫ ਵੇਲਜ਼ ਨੇ ਖਾਲਸਾ ਕਾਲਜ ਅੰਮ੍ਰਿਤਸਰ ਆ ਕੇ ਕਰਨਾ ਸੀ, ਪਰ ਸਿੱਖ ਤਾਂ ਅੰਗਰੇਜ਼ ਸਰਕਾਰ ਨੂੰ ਹਰ ਮੌਕੇ ਬੱਦੂ ਕਰਨ ਦੀ ਤਾਕ ਵਿੱਚ ਰਹਿੰਦੇ ਸਨ। ਜਿਵੇਂ ਕਿ ਗੁਰਦੁਆਰਾ ਸੀਸ ਗੰਜ ਨਾਲ ਲੱਗਦੀ ਕੋਤਵਾਲੀ ਲੈਣ ਤੋਂ ਸਿੱਖਾਂ ਨੇ ਇਨਕਾਰ ਕੀਤਾ, ਉਸੇ ਦਸਤੂਰ ਮੁਤਾਬਕ ਸਿੱਖਾਂ ਨੇ ਸਿੱਖ ਯੂਨੀਵਰਸਿਟੀ ਦੇ ਖਿਲਾਫ ਅੱਡੀਆਂ ਚੱਕ ਲਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਕਾਇਦਾ ਇੱਕ ਮਤਾ ਪਾਸ ਕਰਕੇ ਸਿੱਖਾਂ ਨੂੰ ਇਸ ਪ੍ਰੋਗਰਾਮ ਦੇ ਬਾਈਕਾਟ ਦਾ ਸੱਦਾ ਦਿੱਤਾ।




ਖਾਲਸਾ ਕਾਲਜ ਦੇ ਪ੍ਰੋਫੈਸਰਾਂ ਤੋਂ ਹੜਤਾਲ ਕਰਵਾ ਦਿੱਤੀ। ਖਾਲਸਾ ਕਾਲਜ ਦੇ ਪ੍ਰੋਫੈਸਰ ਅਤੇ ਮਾਸਟਰ ਤਾਰਾ ਸਿੰਘ ਦੇ ਭਰਾ ਪ੍ਰੋਫੈਸਰ ਨਿਰੰਜਣ ਸਿੰਘ ਨੇ ਐਲਾਨ ਕੀਤਾ ਕਿ ਮੈਂ ਸਹਿਜ਼ਾਦੇ ਦੀ ਗੱਡੀ ਮੂਹਰੇ ਲੰਮਾ ਪੈ ਕੇ ਜਾਨ ਤਾਂ ਦੇ ਸਕਦਾ, ਪਰ ਉਹਦੀ ਗੱਡੀ ਆਪਦੇ ਜਿਉਂਦੇ ਜੀਅ ਖਾਲਸਾ ਕਾਲਜ ਵਿੱਚ ਵੜ੍ਹਨ ਨਹੀਂ ਦੇਣੀ। ਉਧਰ ਸਰਕਾਰ ਨੇ ਕਿਹੜਾ ਸਿੱਖਾਂ ਨੂੰ ਧੱਕੇ ਨਾਲ ਚੂਰੀ ਖਵਾਉਣੀ ਸੀ, ਉਹਨੇ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਤੇ ਸਿੱਖਾਂ ਨੂੰ ਮੁਲਕ ਵਿੱਚ ਤੀਜੀ ਧਿਰ ਵਜੋਂ ਮਾਨਤਾ ਦੇਣ ਵਾਲੀ ਇੱਕ ਹੋਰ ਕਾਰਵਾਈ ਧਰੀ-ਧਰਾਈ ਰਹਿ ਗਈ। ਜਿਹੜੀ ਚੀਜ਼ ਸਿੱਖਾਂ ਨੂੰ ਬਿਨ ਮੰਗਿਆਂ ਮਿਲ ਰਹੀ ਸੀ, ਉਹ ਵੀ ਲੈ ਨਾ ਹੋਈ। ਇਹਦਾ ਕਾਰਨ ਇਹ ਸੀ ਕਿ ਸਿੱਖਾਂ ਨੂੰ ਹਿੰਦੂਆਂ ਨਾਲੋਂ ਬਤੌਰ ਇੱਕ ਵੱਖਰੀ ਕੌਮ ਮਾਨਤਾ ਮਿਲਣ ਵੱਲ ਗੱਲ ਵੱਧਦੀ ਸੀ, ਪਰ ਸਿੱਖ ਕਦਾਚਿਤ ਹਿੰਦੂਆਂ ਤੋਂ ਵੱਖਰੇ ਹੋਣ ਦਾ ਖਿਆਲ ਮਨ ਵਿੱਚ ਨਹੀਂ ਸੀ ਲਿਆ ਸਕਦੇ, ਜਿਸ ਕਰਕੇ ਸਿੱਖ ਅਵਾਮ ਨੂੰ ਆਪਣੇ ਲੀਡਰਾਂ ਦੀਆਂ ਇਹ ਹਰਕਤਾਂ ਚੰਗੀਆਂ ਲੱਗਦੀਆਂ ਸਨ।

ਇਹ ਮਿਸਾਲ ਇਹ ਦੱਸਣ ਲਈ ਕਾਫੀ ਹੈ ਕਿ ਸਿੱਖ ਆਗੂਆਂ ਦੀਆਂ ਅਜਿਹੀਆਂ ਅਹਿਮਕਾਨਾ ਹਰਕਤਾਂ ਲਈ ਸਿਰਫ ਸਿੱਖ ਆਗੂਆਂ ਨੂੰ ਹੀ ਕਸੂਰਵਾਰ ਕਰਾਰ ਦੇਣਾ ਜਾਇਜ਼ ਨਹੀਂ ਹੈ। ਕਿਉਂਕਿ ਸਿੱਖ ਅਵਾਮ ਨੇ ਕਦੇ ਵੀ ਅਜਿਹੇ ਆਗੂਆਂ ਦੀਆਂ ਕਾਰਵਾਈਆਂ ਨਾਲ ਅਸਹਿਮਤੀ ਜ਼ਾਹਰ ਨਹੀਂ ਕੀਤੀ, ਬਲਕਿ ਗੱਜ-ਵੱਜ ਕੇ ਇਨ੍ਹਾਂ ਗੱਲਾਂ ਦੀ ਹਮਾਇਤ ਕੀਤੀ। ਮਿਸਾਲ ਵਜੋਂ ਇਸ ਤੋਂ ਕੁੱਝ ਦਿਨ ਬਾਅਦ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਨੇ ਪ੍ਰਿੰਸ ਦੀ ਥਾਂ ਇੱਕ ਹਿੰਦੂ ਕਾਂਗਰਸੀ ਲੀਡਰ ਪੰਡਤ ਮਦਨ ਮੋਹਨ ਮਾਲਵਈਆ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਸੱਦਿਆ। ਖਾਲਸਾ ਕਾਲਜ ਦੇ ਪ੍ਰੋਫੈਸਰ ਸਿੱਖ ਵਿਦਿਆਰਥੀਆਂ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ 'ਤੇ ਉਹਦੀ ਆਉ ਭਗਤ ਲਈ ਪੁੱਜੇ। ਇਹ ਆਉ ਭਗਤ ਆਮ ਆਉ ਭਗਤਾਂ ਵਾਂਗ ਰਸਮੀ ਨਹੀਂ ਸੀ, ਬਲਕਿ ਉਨ੍ਹਾਂ ਨੇ ਇਸ ਖਾਤਰ ਆਪਣੀ ਅਣਖ ਅਤੇ ਰੁਤਬੇ ਦਾ ਖਿਆਲ ਵੀ ਦਰਕਿਨਾਰ ਕਰ ਦਿੱਤਾ। ਮਾਲਵੀਏ ਖਾਤਰ ਇੱਕ ਉਚੇਚੀ ਘੋੜਾ ਬੱਗੀ ਮੰਗਾਈ ਗਈ। ਇੱਥੇ ਹੀ ਬੱਸ ਨਹੀਂ, ਸਿੱਖ ਵਿਦਿਆਰਥੀਆਂ ਨੇ ਬੱਗੀ ਨਾਲੋਂ ਘੋੜੇ ਖੋਲ੍ਹ ਦਿੱਤੇ ਅਤੇ ਆਪਦੀਆਂ ਧੌਣਾਂ ਬੱਗੀ ਦੇ ਜੂਲੇ ਹੇਠਾਂ ਦੇ ਦਿੱਤੀਆਂ। ਆਪ ਘੋੜੇ ਬਣ ਕੇ ਮਾਲਵਈਆ ਦੀ ਬੱਗੀ ਮੂਹਰੇ ਜੁੜੇ ਤੇ ਇਉਂ ਇੱਕ ਜਲੂਸ ਦੀ ਸ਼ਕਲ ਵਿੱਚ ਉਹਨੂੰ ਖਾਲਸਾ ਕਾਲਜ ਤੱਕ ਲੈ ਕੇ ਗਏ। ਮਾਲਵਈਆ ਕੁੱਛ ਦੇਣ ਜੋਗਾ ਤਾਂ ਨਹੀਂ ਸੀ, ਉਹਨੇ ਸਿਰਫ ਪ੍ਰਿੰਸ ਦੀ ਕਪੱਤ ਕਰਨ ਖਾਤਰ ਸਿੱਖਾਂ ਨੂੰ ਸ਼ਾਬਾਸ਼ ਦਿੱਤੀ। ਸੋ, ਸਿੱਖ ਹਿੰਦੂਆਂ ਤੋਂ ਸ਼ਾਬਾਸ਼ ਲੈਣ ਖਾਤਰ ਆਪਦਾ ਹਿੱਤ ਗਵਾਉਣ ਨੂੰ ਵੀ ਵਡਭਾਗੇ ਸਮਝਦੇ ਸਨ। ਵੈਸੇ ਤਾਂ ਕੋਈ ਅਜਿਹੀ ਮਿਸਾਲ ਨਹੀਂ, ਜਿੱਥੇ ਅੰਗਰੇਜ਼ਾਂ ਨੇ ਸਿੱਖ ਹਿਤਾਂ ਨੂੰ ਅੱਖੋਂ ਪਰੋਖੇ ਕੀਤਾ ਹੋਵੇ, ਪਰ ਜੋ ਸਿੱਖਾਂ ਦਾ ਅੰਗਰੇਜ਼ਾਂ ਪ੍ਰਤੀ ਰਵੱਈਆ ਸੀ, ਉਹਦੇ ਮੁਤਾਬਕ ਜੇ ਉਹ ਸਿੱਖਾਂ ਨੂੰ ਕੁਝ ਨਾ ਵੀ ਦਿੰਦੇ ਤਾਂ ਵੀ ਜਾਇਜ਼ ਕਿਹਾ ਜਾਣਾ ਸੀ।

ਜਦੋਂ ਕੋਈ ਬੰਦਾ ਹਰ ਵੇਲੇ ਕਿਸੇ ਨੂੰ ਬੱਦੂ ਕਰਨ 'ਤੇ ਹੀ ਲੱਗਿਆ ਰਹੇ ਤਾਂ ਉਹਦੀ ਮਨੋ ਅਵਸਥਾ ਅਸੀਂ ਸਾਰੇ ਸਮਝ ਸਕਦੇ ਹਾਂ, ਪਰ ਅੰਗਰੇਜ਼ਾਂ ਨੇ ਸਿੱਖਾਂ ਨਾਲ ਕਦੇ ਵੀ ਬਦਲੇ ਵਾਲਾ ਰਵੱਈਆ ਅਖਤਿਆਰ ਨਹੀਂ ਕੀਤਾ। ਸਿੱਖਾਂ ਨੇ ਹਿੰਦੂਆਂ ਨਾਲ ਅਸੀਂ ਤੇ ਤੁਸੀਂ ਦਾ ਐਨਾ ਫਰਕ ਮਿਟਾਇਆ ਹੋਇਆ ਸੀ ਕਿ ਉਨ੍ਹਾਂ ਨੇ ਹਿੰਦੂਆਂ ਨੂੰ ਇਹ ਮੋੜਵਾਂ ਸਵਾਲ ਨਹੀਂ ਕੀਤਾ ਕਿ ਜਦੋਂ ਤੁਸੀਂ ਸਰਕਾਰ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ ਬਣਵਾਈ ਹੈ ਤਾਂ ਅਸੀਂ ਸਿੱਖ ਯੂਨੀਵਰਸਿਟੀ ਕਿਉਂ ਨਾ ਬਣਵਾਈਏ? ਸਿੱਖ ਯੂਨੀਵਰਸਿਟੀ ਲੈਣ ਤੋਂ ਇਨਕਾਰ ਕਰਨ ਲਈ ਸ਼ਾਬਾਸ਼ ਦੇਣ ਆਏ ਮਦਨ ਮੋਹਨ ਮਾਲਵੀਏ ਮੂਹਰੇ ਘੋੜਿਆਂ ਵਾਂਗੂੰ ਜੁੜ ਕੇ ਸਿੱਖਾਂ ਨੇ ਇਹ ਸਬੂਤ ਦਿੱਤਾ ਕਿ ਮਾਲਵੀਆ ਜੀ ਭਾਵੇਂ ਤੁਸੀਂ ਸਾਨੂੰ ਇਨਕਾਰ ਕਰਨ ਦੀ ਸਲਾਹ ਤਾਂ ਨਹੀਂ ਸੀ ਦਿੱਤੀ, ਪਰ ਸਾਡੇ ਵੱਲੋਂ ਅਜਿਹੇ ਇਨਕਾਰ ਕਰਨ ਦੀ ਥੋਡੇ ਵੱਲੋਂ ਸ਼ਾਬਾਸ਼ ਤੋਂ ਅਸੀਂ ਗਦਗਦ ਹਾਂ। ਥੋਡੇ-ਸਾਡੇ ਦੀ ਐਨੀ ਅਣਹੋਂਦ ਸੀ ਕਿ ਹਿੰਦੂਆਂ ਦੀ ਬਨਾਰਸ ਯੂਨੀਵਰਸਿਟੀ ਨੂੰ ਸਿੱਖ ਆਪ ਦੀ ਹੀ ਸਮਝਦੇ ਸਨ। ਜ਼ਿਕਰਯੋਗ ਹੈ ਕਿ ਇਸ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਸਿੱਖਾਂ ਦੇ ਉੱਘੇ ਧਾਰਮਿਕ ਆਗੂ ਸੰਤ ਅਤਰ ਸਿੰਘ ਮਸਤੂਆਣਾ ਨੇ ਰੱਖਿਆ ਸੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਬਟਵਾਰੇ ਦੀਆਂ ਪੈੜਾਂ

**ਸੁਖਪਾਲ ਸਿੰਘ ਗਿੱਲ**
**ਫੋਨ: +91-9878111445**

ਅਖ਼ਬਾਰ ਪੜ੍ਹ ਰਹੇ ਬਜ਼ੁਰਗ ਨੇ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਦੀ ਖ਼ਬਰ ਪੜ੍ਹ ਕੇ ਕਿਹਾ, "ਬਟਵਾਰੇ ਦੀ ਤਕਲੀਫ਼ ਪਿਆਰ ਨਾਲ ਰਹਿੰਦੇ ਆਮ ਲੋਕਾਂ ਨੇ ਝੱਲੀ; ਲੀਡਰ ਤਾਂ ਲੀਡਰ ਹੀ ਰਹੇ, ਨਾਲ ਲੀਡਰੀ ਦੀ ਵਿਰਾਸਤ ਵੀ ਬਣਾ ਲਈ।"

"ਹਾਂ ਹਾਂ, ਇਹ ਤਾਂ ਹੈ ਹੀ।" ਦੂਜੇ ਨੇ ਪਿੰਡ 'ਚ ਬਣੇ ਚੁਬਾਰੇ ਵਾਲੇ ਘਰ ਅਤੇ ਪੁਰਾਣੀ ਇੱਟ ਦੇ ਖੂਹ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਦੇਖ ਇਸ ਘਰ ਵਿੱਚੋਂ ਕਰੀਮ ਬਖ਼ਸ਼ ਉਰਫ ਕਰੀਮੂ ਗੁੱਜਰ ਦਾ ਟੱਬਰ ਉੱਜੜਿਆ ਸੀ, ਵਧੀਆ ਰੱਜਿਆ-ਪੁੱਜਿਆ ਪੈਸੇ ਵਾਲਾ ਟੱਬਰ ਸੀ, ਪਤਾ ਨ੍ਹੀਂ ਉਧਰ ਜਾ ਕੇ ਕੀ ਬਣਿਆ ਹੋਊ?"

ਦੋਹਾਂ ਬਜ਼ੁਰਗਾਂ ਦੇ ਚਿਹਰੇ ਤੋਂ ਬਟਵਾਰੇ ਦੀ ਮਾਯੂਸੀ ਝਲਕ ਰਹੀ ਸੀ: "ਹੇ ਰੱਬਾ! ਅਜਿਹੇ ਦਿਨ ਦੁਸ਼ਮਣ ਨੂੰ ਵੀ ਨਾ ਦਿਖਾਈਂ।" ਇੱਕ ਨੇ ਕਿਹਾ, "ਤੈਨੂੰ ਯਾਦ ਹੈ, ਖਟਾਣਾ ਪਿੰਡ ਵਿੱਚ ਮਸੀਤ 'ਚ ਮੁਸਲਮਾਨਾਂ ਨੂੰ ਘੇਰ ਕੇ ਵੱਢ-ਟੁੱਕ ਕੀਤੀ ਸੀ?"

"ਹਾਂ ਥੋੜ੍ਹਾ ਥੋੜ੍ਹਾ ਯਾਦ ਹੈ। ਛੱਡ ਯਾਰ...! ਬਟਵਾਰਾ ਸ਼ਬਦ ਸੁਣ ਕੇ ਮੇਰੇ ਤਾਂ ਅੱਜ ਵੀ ਲੂੰਅ-ਕੰਡੇ ਖੜ੍ਹੇ ਹੋ ਜਾਂਦੇ ਹਨ। ਇਹ ਕਤਲੇਆਮ ਦੀਆਂ ਸਾਖੀਆਂ ਹੁਣ ਦੀ ਪੀੜ੍ਹੀ ਨੇ ਬਜ਼ੁਰਗਾਂ ਅਤੇ ਕਿਤਾਬਾਂ 'ਚੋਂ ਸੁਣ-ਪੜ੍ਹ ਲਈਆਂ ਹਨ। ਪੁੱਛਦੇ ਰਹਿੰਦੇ ਹਨ, ਹੱਲੇ ਕਿਵੇਂ ਪਏ ਸਨ?"

"ਆਹੋ, ਉਹ ਤਾਂ ਪੁੱਛਦੇ ਹਨ। ਬਟਵਾਰੇ ਦੀ ਦਾਸਤਾਨ ਹੁਣ ਦੀ ਪੀੜ੍ਹੀ ਨੂੰ ਸਿਲੇਬਸ ਵਿੱਚੋਂ ਮਿਲ ਜਾਂਦੀ ਹੈ।"

ਤੀਜਾ ਬਜ਼ੁਰਗ ਬੋਲਿਆ, "ਇਹ ਕਿਸੇ ਦੇ ਵਸ ਨਹੀਂ ਹੁੰਦਾ। ਹੋਣੀ ਸੀ! ਯਾਰ ਸੰਤਾਂ ਦੀ ਕਥਾ 'ਚ ਆਇਆ ਸੀ ਕਿ ਰਾਵੀ ਕੰਢੇ ਗੁਰੂ ਨਾਨਕ ਦੇ ਸਮਾਉਣ ਸਮੇਂ ਹਿੰਦੂ ਤੇ ਮੁਸਲਮਾਨ ਸ਼ਰਧਾਲੂਆਂ ਨੇ ਉਪਰ ਦਿੱਤੀ ਚਾਦਰ ਆਪਣਾ ਆਪਣਾ ਦਾਅਵਾ ਕਰ ਖਿੱਚ ਧੂਹ ਕਰ ਕੇ ਪਾੜ ਦਿੱਤੀ ਸੀ। ਅੱਧੇ ਉੱਧਰ, ਅੱਧੇ ਇੱਧਰ ਹੋ ਗਏ ਸਨ। ਇਸ ਕਰਕੇ ਬਟਵਾਰਾ ਲਿਖਿਆ ਗਿਆ ਸੀ। ਚਲੋ ਸੰਤਾਂ ਦਾ ਕਿਹਾ ਸਿਰ ਮੱਥੇ, ਪਰ ਇੱਕ ਹੋਰ ਨੁਕਸਾਨ ਸਿੱਖਾਂ ਦਾ ਹੋਇਆ ਹੈ; ਨਾ ਹਿੰਦੂਆਂ ਦਾ, ਨਾ ਲੀਡਰਾਂ ਦਾ। ਆਮ ਮੁਸਲਮਾਨਾਂ ਨੂੰ ਉਜੜਨ ਦਾ ਚਾਅ ਨਹੀਂ ਸੀ, ਕਤਲੋਗਾਰਤ ਤੋਂ ਬਾਅਦ ਨਵੇਂ ਘਰ ਵਸਾਉਣੇ ਪਏ। ਲੀਡਰਾਂ ਨੂੰ ਐਸ਼ ਅਯਾਸ਼ੀ ਵਾਲਾ ਨਵਾਂ ਦੇਸ਼...। ਲੀਡਰ ਤਾਂ ਵਜ਼ੀਰ-ਏ-ਆਜ਼ਮ, ਪ੍ਰਧਾਨ ਤੇ ਮੰਤਰੀ ਬਣ ਗਏ। ਆਮ ਲੋਕ ਅੱਜ ਵੀ ਸੰਤਾਪ ਹੰਢਾਉਂਦੇ ਹਨ। ਆਹੋ! ਇੱਕ ਹੋਰ ਬਈ ਸਾਡੀ ਸਿੱਖਾਂ ਤੇ ਪੰਜਾਬੀਆਂ ਦੀ ਨੀਂਹ ਅਤੇ ਵਿਰਾਸਤ ਤਾਂ ਉੱਧਰ ਚਲੀ ਗਈ। ਕੀ ਸੋਚਿਆ ਸੀ ਜਾਂ ਨਹੀਂ? ਅੱਛਾ, ਇੱਕ ਗੱਲ ਹੋਰ ਦੱਸੋ ਪੰਜਾਬੀਆਂ ਨੇ ਫਰੰਗੀਆਂ ਨੂੰ ਭਜਾਉਣ 'ਚ ਤਰੰਨਵੇਂ ਫ਼ੀਸਦੀ ਸਿਰ ਦਿੱਤੇ। ਖੱਟਿਆ ਕੀ? ਖੱਟੀਆਂ ਤਾਂ ਦੋ ਚੀਜ਼ਾਂ ਹਨ।"

"ਹੈਂ? ਕਿਵੇਂ?

"ਇੱਕ ਤਾਂ ਮੁੜ ਕੇ ਫਰੰਗੀਆਂ ਦੇ ਪਿੱਛੇ ਤਰਲੇ ਕੱਢ ਰਹੇ ਹਾਂ, ਦੂਜਾ ਬਟਵਾਰੇ ਦੇ ਵਿਛੋੜੇ ਨੂੰ ਮੁੜ ਮਿਲਣ ਦੀਆਂ ਅਰਦਾਸਾਂ। ਪਰ ਹੁਣ ਇੱਕ ਤਾਂ ਅਰਦਾਸ ਪੂਰੀ ਹੋਈ ਕਰਤਾਰਪੁਰ ਨਾਲ ਤਾਂ ਮਿਲਾਪ ਹੋ ਗਿਆ।" "ਹਾਂ, ਹੋ ਗਿਆ।" "ਮਹਾਰਾਜਾ ਰਣਜੀਤ ਸਿੰਘ ਦੀ ਪਾਂਡੀ ਪਾਤਸ਼ਾਹੀ ਵੀ ਉੱਧਰ ਹੀ... ਤਾਂ ਹੀ ਇੱਧਰ ਦੀ ਜਵਾਨੀ ਦੀ ਨਾਇਕ ਨਹੀਂ ਬਣ ਸਕੀ। ਸਾਡੀ ਪੀੜ੍ਹੀ ਤਾਂ ਇਹੀ ਸੋਚਦੀ ਮਰ ਚੱਲੀ, "ਰੱਬਾ ਕਰਾਈਂ ਕਿਤੇ ਮੇਲ ਦਿੱਲੀ ਤੇ ਲਾਹੌਰ ਦਾ।" ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਵਾਲਿਆਂ ਦੀ ਵਿਰਾਸਤ ਵੀ ਤਾਂ ਓਧਰ ਹੀ ਹੈ। ਵਾਰਿਸ, ਬੁੱਲ੍ਹਾ, ਹੀਰ-ਰਾਂਝੇ ਗੂੰਜਦੇ ਸਾਡੇ ਵੀ ਹਨ, ਪਰ ਵਿਰਾਸਤ ਅਤੇ ਬੁਨਿਆਦ ਓਧਰ। ਆਹ ਇੱਧਰ ਪਿੱਛੇ ਜਿਹੇ ਬਜਰੂੜ ਪਿੰਡ 'ਚ ਮੁਸਲਮਾਨ ਬਜ਼ੁਰਗ ਨੂੰ ਦਫ਼ਨ ਕਰਨ ਲਈ ਕਬਰ ਲਈ ਜਗ੍ਹਾ ਨਹੀਂ ਮਿਲੀ ਸੀ। ਸੁਣਿਆ ਰੌਲੇ ਰੱਪੇ ਤੋਂ ਬਾਅਦ ਮਿਲ ਗਈ ਸੀ। ਆਹੋ ਪ੍ਰਸ਼ਾਸਨ ਨੇ ਜੱਦੋ-ਜਹਿਦ ਕਰਕੇ ਮਸਾਂ ਕਬਰ ਲਈ ਥਾਂ ਲਈ ਸੀ। ਬਟਵਾਰੇ ਦੀਆਂ ਪੈੜਾਂ ਅਤੇ ਪਰਛਾਵੇਂ ਅਜੇ ਵੀ ਇੱਧਰ-ਓਧਰ ਇੱਕੋ ਜਿਹੇ ਹਨ। ਸਿਰਫ ਸਾਹਿਤਕਾਰਾਂ ਅਤੇ ਗਾਇਕਾਂ ਨੇ ਇੱਧਰ-ਉੱਧਰ ਪੁੱਲ ਦਾ ਕੰਮ ਕੀਤਾ ਹੈ। ਹਾਂ ਯਾਰ ਇੱਕ ਉਧਰ ਦਾ ਕਵੀ ਬਾਬਾ ਨਜ਼ਮੀ ਵੀ ਲਿਖਦਾ ਹੈ,

ਮਸਜਿਦ ਮੇਰੀ ਨੂੰ ਤੂੰ ਕਿਉਂ ਢਾਹਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ
ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ।
ਸਦੀਆਂ ਵਾਂਗੂੰ ਅੱਜ ਵੀ ਕੁੱਝ ਨਈਂ ਜਾਣਾ ਮਸਜਿਦ ਮੰਦਰ ਦਾ,
ਲਹੂ ਤਾਂ ਤੇਰਾ-ਮੇਰਾ ਲੱਗਣਾ ਤੇਰੇ ਮੇਰੇ ਖ਼ੰਜ਼ਰ ਨੂੰ।"



ਅਗਲਾ ਬਜ਼ੁਰਗ ਝੱਟ ਬੋਲਿਆ, "ਤਾਂ ਹੀ ਮੈਂ ਕਹਿੰਦਾ ਹਾਂ ਕਿ ਬਟਵਾਰਾ ਆਮ ਲੋਕਾਂ ਨੂੰ ਨਾ ਚਾਹੁੰਦੇ ਹੋਏ ਵੀ ਤਕਲੀਫ਼ ਦੇ ਗਿਆ, ਲੀਡਰਾਂ ਨੂੰ ਚਾਹੁੰਦੇ ਹੋਏ ਬਾਦਸ਼ਾਹੀਆਂ। ਰੱਬ ਖੈਰ ਕਰੇ!"

# ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ

## ਪੰਥਕ ਮਸਲੇ

ਉਜਾਗਰ ਸਿੰਘ
ਫੋਨ: 91-9417813072



ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ। ਇਨ੍ਹਾਂ ਤਖ਼ਤਾਂ ਅਤੇ ਉਨ੍ਹਾਂ 'ਤੇ ਸੁਸ਼ੋਭਿਤ ਜਥੇਦਾਰ ਸਾਹਿਬਾਨ ਬਾਰੇ ਕੋਈ ਕਿੰਤੂ-ਪ੍ਰੰਤੂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿਆਣਪ ਤੋਂ ਕੰਮ ਲੈਂਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਅਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਰੱਦ ਕਰਕੇ ਤਖ਼ਤਾਂ ਦੇ ਜਥੇਦਾਰ/ਸਿੱਖ ਸੰਗਤ ਅਤੇ ਸ਼੍ਰੋਮਣੀ ਅਕਾਲੀ ਦਲ/ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਟਕਰਾਓ ਤੋਂ ਬਚਾ ਲਿਆ ਹੈ। ਜਿਸ ਤਰ੍ਹਾਂ ਹੁਣ ਸਿੱਖ ਧਰਮ ਦੇ ਵੱਕਾਰ ਨੂੰ ਸੱਟ ਮਾਰਨ ਲਈ ਹਮਲਾ ਹੋਇਆ ਹੈ, ਇਸੇ ਤਰ੍ਹਾਂ ਸਿੱਖ ਧਰਮ ਦੀ ਵੱਧਦੀ ਮਹੱਤਤਾ ਨੂੰ ਰੋਕਣ ਲਈ ਕਈ ਵਾਰ ਪਹਿਲਾਂ ਵੀ ਹਮਲੇ ਹੋਏ ਹਨ। ਅਕਾਲੀ ਫੂਲਾ ਸਿੰਘ ਤੋਂ ਬਾਅਦ ਪਹਿਲੀ ਵਾਰ ਸਿੱਖ ਪੰਥ ਦੇ ਜਥੇਦਾਰ ਸਾਹਿਬਨ ਵੱਲੋਂ ਪੰਥ ਵਿਰੋਧੀਆਂ ਦੀਆਂ ਅਵੱਗਿਆਵਾਂ ਬਾਰੇ ਦਲੇਰੀ ਵਾਲਾ ਫ਼ੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨੀਅਰ ਅਕਾਲੀ ਨੇਤਾ ਵੱਲੋਂ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸੰਬੰਧੀ ਕੀਤੇ ਗਏ ਕਿੰਤੂ-ਪ੍ਰੰਤੂ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਦੇ ਅਚਾਨਕ ਅਸਤੀਫ਼ਾ ਦੇਣ ਨਾਲ ਸਿੱਖ ਪੰਥ ਹੈਰਾਨ ਅਤੇ ਪ੍ਰੇਸ਼ਾਨ ਹੋ ਗਿਆ ਸੀ, ਕਿਉਂਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਇੱਕ ਸੁਲਝਿਆ ਹੋਇਆ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲਾ ਦਲੇਰ ਜਥੇਦਾਰ ਸਮਝਿਆ ਜਾ ਰਿਹਾ ਹੈ। ਸਿੱਖ ਪੰਥ ਵਿੱਚ ਚਿੰਤਾ ਦੀ ਸਥਿਤੀ ਪੈਦਾ ਹੋ ਗਈ ਸੀ। 30 ਅਗਸਤ 2024 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਪਾਰਟੀ ਭਵਿਖ ਪ੍ਰਤੀ ਘਬਰਾਹਟ ਵਿੱਚ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਸ਼ਪਸ਼ਟੀਕਰਨ ਦੇਣ ਤੋਂ ਬਾਅਦ ਕੋਈ ਫ਼ੈਸਲਾ ਨਹੀਂ ਕੀਤਾ ਗਿਆ। ਤਨਖ਼ਾਹੀਆ ਪ੍ਰਧਾਨ ਸਿਆਸੀ ਕਾਰਵਾਈ ਨਹੀਂ ਕਰ ਸਕਦਾ, ਇਸ ਕਰਕੇ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ/ਕੋਟਰੀ ਬਹੁਤ ਜ਼ਿਆਦਾ ਚਿੰਤਾ ਵਿੱਚ ਹਨ; ਪਰ ਸੁਖਬੀਰ ਸਿੰਘ ਬਾਦਲ ਨੇ ਫਿਰ ਅਵੱਗਿਆ ਕਰਕੇ ਪੰਚਾਇਤ ਚੋਣਾਂ ਵਿੱਚ ਪ੍ਰਚਾਰ ਕੀਤਾ ਹੈ।

ਦੂਜੇ ਪਾਸੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਦੀਆਂ ਉਪ ਚੋਣਾਂ ਦਾ ਐਲਾਨ ਹੋ ਗਿਆ ਹੈ। ਸਾਬਕਾ ਅਕਾਲੀ ਨੇਤਾ ਵਿਰਸਾ ਸਿੰਘ ਵਲਟੋਹਾ ਨੇ ਸੁਖਬੀਰ ਸਿੰਘ ਬਾਦਲ ਬਾਰੇ ਅਕਾਲ ਤਖ਼ਤ ਸਾਹਿਬ ਉਪਰ ਫ਼ੈਸਲੇ ਨੂੰ ਲਮਕਾਉਣ ਦੇ ਦੋਸ਼ ਲਗਾਏ ਅਤੇ ਮਰਿਆਦਾ ਵਿੱਚ ਨਾ ਰਹਿੰਦਿਆ ਜਥੇਦਾਰ ਸਾਹਿਬਾਨ ਬਾਰੇ ਬਿਆਨਬਾਜ਼ੀ ਕੀਤੀ ਗਈ ਸੀ, ਜਿਸ ਕਰਕੇ ਵਿਰਸਾ ਸਿੰਘ ਵਲਟੋਹਾ ਨੂੰ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਪੱਖ ਸ਼ਪਸ਼ਟ ਕਰਨ ਲਈ ਬੁਲਾਇਆ ਗਿਆ ਸੀ। ਆਪਣਾ ਪੱਖ ਪੇਸ਼ ਕਰਦਿਆਂ ਵਿਰਸਾ ਸਿੰਘ ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ 'ਤੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦਾ ਏਜੰਟ ਹੋਣ ਦੇ ਦੋਸ਼ ਲਗਾ ਦਿੱਤੇ। ਜਿਹੜੇ ਨੇਤਾ ਗਿਆਨੀ ਹਰਪ੍ਰੀਤ ਸਿੰਘ ਉਪਰ ਭਾਜਪਾ ਅਤੇ ਆਰ.ਐਸ.ਐਸ. ਨਾਲ ਮਿਲੇ ਹੋਣ ਦਾ ਇਲਜ਼ਾਮ ਲਗਾ ਰਹੇ ਹਨ, ਹਾਲਾਂ ਕਿ ਉਹ ਆਪ ਅਕਾਲੀ ਦਲ ਵਿੱਚ ਰਹਿੰਦਿਆਂ 1996 ਤੋਂ ਲਗਾਤਾਰ ਭਾਜਪਾ ਦੇ ਭਾਈਵਾਲ ਬਣੇ ਰਹੇ। ਪੰਜ ਸਿੰਘ ਸਾਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ 10 ਸਾਲ ਲਈ ਕੱਢਣ ਦਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਨੂੰ ਹੁਕਮ ਦੇ ਦਿੱਤਾ। ਇਸ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਸ਼ੋਸ਼ਲ ਮੀਡੀਆ 'ਤੇ ਫਿਰ ਆਪਣੇ ਦੋਸ਼ ਦੁਹਰਾ ਦਿੱਤੇ।

ਗਿਆਨੀ ਹਰਪ੍ਰੀਤ ਸਿੰਘ ਦੇ ਕਹਿਣ ਅਨੁਸਾਰ ਉਸ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ ਅਤੇ ਉਸ ਦੀਆਂ ਪਰਵਾਸ ਵਿੱਚ ਪੜ੍ਹਾਈ ਕਰ ਰਹੀਆਂ ਧੀਆਂ ਬਾਰੇ ਅਪਸ਼ਬਦ ਕਹੇ ਗਏ ਤੇ ਉਨ੍ਹਾਂ ਨੂੰ ਅਗਵਾ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ; ਇਸ ਲਈ ਉਹ ਅਸਤੀਫ਼ਾ ਦੇ ਰਹੇ ਹਨ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫਾ ਪ੍ਰਵਾਨ ਨਾ ਕਰਨ ਦੇ ਹੁਕਮ ਕਰ ਦਿੱਤੇ ਸਨ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਸਮੇਤ ਬਾਕੀ ਜਥੇਦਾਰਾਂ ਨੂੰ ਅਸਤੀਫ਼ੇ ਦੇਣ ਲਈ ਮਜ਼ਬੂਰ ਹੋਣਾ ਪਵੇਗਾ। ਗਿਆਨੀ ਰਘਬੀਰ ਸਿੰਘ ਦੇ ਬਿਆਨ ਤੋਂ ਬਾਅਦ ਸਿੱਖ ਪੰਥ ਦਾ ਸੰਕਟ ਅਤਿਅੰਤ ਗਹਿਰਾ ਹੋ ਗਿਆ ਸੀ। ਇਉਂ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤਾਕਤ ਤੋਂ ਬਿਨਾ ਰਹਿਣਾ ਮੁਸ਼ਕਲ ਹੋ ਗਿਆ ਲੱਗਦਾ ਹੈ। ਇਸ ਕਰਕੇ ਜਥੇਦਾਰ ਸਾਹਿਬਾਨ 'ਤੇ ਦਬਾਅ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਅਕਾਲ ਤਖ਼ਤ ਸਿੱਖ ਪੰਥ ਦੀ ਸਰਵੋਤਮ ਅਧਿਆਤਮਕ ਸੰਸਥਾ ਹੈ। ਇਸ ਸੰਸਥਾ 'ਤੇ ਸੁਸ਼ੋਭਿਤ ਹੋਣ ਵਾਲੇ ਵਿਅਕਤੀ ਵੀ ਨਿਯੁਕਤੀ ਤੋਂ ਬਾਅਦ ਸਰਵੋਤਮ ਹੋ ਜਾਂਦੇ ਹਨ। ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਪੀਰੀ ਦੇ ਸਿਧਾਂਤ ਦੀ ਸੋਚ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਭਾਵ ਪੀਰੀ ਅਰਥਾਤ ਸਿੱਖ ਧਰਮ ਦੀ ਪ੍ਰਫੁਲਤਾ ਵਿੱਚ ਰੁਕਾਵਟ ਪਾਉਣ ਵਾਲੇ ਨੂੰ ਰੋਕਣ ਲਈ ਮੀਰੀ ਦਾ ਹੋਣਾ ਅਤਿਅੰਤ ਜ਼ਰੂਰੀ ਸੀ, ਪਰ ਉਨ੍ਹਾਂ ਦਾ ਭਾਵ ਇਹ ਨਹੀਂ ਸੀ ਕਿ ਪੀਰੀ, ਮੀਰੀ ਅਰਥਾਤ ਧਰਮ (ਸਿਆਸੀ ਤਾਕਤ) ਦੇ ਅਧੀਨ ਹੋ ਜਾਵੇ, ਇਸ ਕਰਕੇ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਰਵਪ੍ਰਵਾਣਤ ਸਿੱਖ ਧਰਮ ਦੇ ਨੈਤਿਕ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਵਾਲੇ ਅਕਾਲੀ ਫੂਲਾ ਸਿੰਘ ਵਰਗੇ ਸਿਰਮੌਰ ਵਿਅਕਤੀ ਨਿਯੁਕਤ ਕੀਤੇ ਜਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁਲਾਜ਼ਮਾਂ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ 'ਤੇ ਕਿੰਤੂ-ਪ੍ਰੰਤੂ ਹੋਣ ਲੱਗ ਪਿਆ। ਇੱਥੇ ਇਹ ਮਤਲਬ ਨਹੀਂ ਕਿ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਉਚੇ ਕਿਰਦਾਰ ਦੇ ਮਾਲਕ ਨਹੀਂ ਹੁੰਦੇ, ਪਰ ਉਨ੍ਹਾਂ ਵਿੱਚੋਂ ਨਿਰਪੱਖ ਸੋਚ ਵਾਲੇ ਵਿਦਵਾਨ ਨਿਯੁਕਤ ਹੋਣੇ ਚਾਹੀਦੇ ਹਨ। ਉਹ ਜਥੇਦਾਰ ਬਣਨ ਤੋਂ ਬਾਅਦ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਵੀ ਨਿਸ਼ਚਿਤ ਹੋਣੀ ਚਾਹੀਦੀ ਹੈ; ਭਾਵ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਦੇ ਧਾਰਮਿਕ ਨਿਯਮ ਹੋਣੇ ਚਾਹੀਦੇ ਹਨ। ਫਿਰ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕੇਗਾ ਤਾਂ ਜੋ ਉਹ ਆਜ਼ਾਦਾਨਾ ਤੌਰ 'ਤੇ ਫ਼ੈਸਲੇ ਲੈ ਸਕਣ।

ਅਕਾਲੀ ਦਲ ਦੇ ਵਰਤਮਾਨ ਸੰਕਟ ਦੀ ਜੜ੍ਹ ਡੇਰਾ ਸਿਰਸਾ ਦੇ ਗੁਰਮੀਤ ਰਾਮ ਰਹੀਮ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਪੰਥ ਦੀ ਵਿਚਾਰਧਾਰਾ ਦੇ ਵਿਰੁੱਧ ਮੁਆਫ਼ੀ ਦੇਣ ਦੇ ਲਏ ਗਏ ਫ਼ੈਸਲੇ ਹੀ ਹਨ। ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਇੱਕ ਵਿੰਗ ਸਮਝਣ ਲੱਗ ਪਿਆ, ਜਿਸ ਕਰਕੇ ਉਹ ਆਪਣੀ ਮਰਜ਼ੀ ਦੇ ਸਿਆਸੀ ਰੰਗਤ ਵਾਲੇ ਫ਼ੈਸਲੇ ਕਰਵਾਉਂਦਾ ਰਿਹਾ। ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫ਼ੇ ਨਾਲ ਸਿੱਖ ਪੰਥ ਗਹਿਰੇ ਸੰਕਟ ਵਿੱਚ ਘਿਰ ਗਿਆ ਹੈ। ਇਹ ਪਹਿਲੀ ਵਾਰ ਨਹੀਂ, ਇਸ ਤੋਂ ਪਹਿਲਾਂ ਵੀ ਸਿੱਖ ਪੰਥ 'ਤੇ ਗਹਿਰੇ ਸੰਕਟ ਆਏ ਹਨ, ਪਰ ਉਹ ਸੰਕਟ ਬਾਹਰੀ ਹੁੰਦੇ ਸਨ। ਵਰਤਮਾਨ ਸੰਕਟ ਸਿੱਖ ਪੰਥ ਦੇ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨੀਅਰ ਨੇਤਾ ਵੱਲੋਂ ਕੀਤਾ ਗਿਆ ਹੈ। ਸਿੱਖ ਪੰਥ ਦੇ ਮੁੱਦਈਆਂ ਵੱਲੋਂ ਸਿੱਖ ਸੰਸਥਾਵਾਂ ਦੀਆਂ ਮਰਿਆਦਾਵਾਂ ਦੀਆਂ ਉਲੰਘਣਾਵਾਂ ਲੰਬੇ ਸਮੇਂ ਤੋਂ ਹੋ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕਦੀ ਵੀ ਅਜਿਹੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ, ਸਗੋਂ ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ 'ਤੇ ਦਬਾਅ ਪਾ ਕੇ ਅਜਿਹੀਆਂ ਘਟਨਾਵਾਂ ਨੂੰ ਆਪਣੇ ਸਿਆਸੀ ਨਿਸ਼ਾਨੇ ਪੂਰੇ ਕਰਨ ਲਈ ਸ਼ਹਿ ਦਿੰਦੇ ਰਹੇ ਹਨ; ਯਾਨਿ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਆਪਣੇ ਸਿਆਸੀ ਹਿਤ ਪੂਰੇ ਕਰਦਾ ਰਿਹਾ ਹੈ।

ਵਰਤਮਾਨ ਸੰਕਟ ਵੀ ਸਿਆਸੀ ਹਿਤਾਂ ਦੀ ਪੂਰਤੀ ਲਈ ਕਰਵਾਇਆ ਜਾ ਰਿਹਾ ਹੈ। ਗ਼ਲਤੀ ਕਿਸੇ ਵੀ ਵਿਅਕਤੀ ਜਾਂ ਸੰਸਥਾ ਤੋਂ ਜਾਣੇ-ਅਣਜਾਣੇ ਹੋ ਸਕਦੀ ਹੈ। ਉਹ ਗ਼ਲਤੀ ਸੁਧਾਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਗ਼ਲਤੀ 'ਤੇ ਗ਼ਲਤੀ ਕਰਦਾ ਆ ਰਿਹਾ ਹੈ। ਅਜਿਹੇ ਸੰਕਟ ਅਕਾਲੀ ਦਲ ਨੂੰ ਨੁਕਸਾਨ ਤਾਂ ਪਹੁੰਚਾ ਸਕਦੇ ਹਨ, ਪਰ ਉਸਨੂੰ ਖ਼ਤਮ ਨਹੀਂ ਕਰ ਸਕਦੇ। ਇਹ ਚੰਗੀ ਗੱਲ ਹੈ ਕਿ ਸਿੱਖ ਪੰਥ ਨੇ ਅਜਿਹੇ ਸੰਕਟਮਈ ਸਮੇਂ ਵਿੱਚ ਇੱਕਮੁਠਤਾ ਦਾ ਸਬੂਤ ਦਿੱਤਾ ਹੈ। ਇਸ ਤੋਂ ਬਾਅਦ ਭਵਿਖ ਵਿੱਚ ਇਸ ਸਰਵੋਤਮ ਸੰਸਥਾ ਦੀ ਸਿਆਸੀ ਲੋਕ ਦੁਰਵਰਤੋਂ ਨਹੀਂ ਕਰ ਸਕਣਗੇ। ਇਨ੍ਹਾਂ ਘਟਨਾਵਾਂ ਦਾ ਜ਼ਿੰਮੇਵਾਰ ਇਕੱਲਾ ਸਿੱਖ ਪੰਥ ਹੀ ਨਹੀਂ, ਸਗੋਂ ਸਿੱਖ ਸੰਸਥਾਵਾਂ ਦੇ ਉਚ ਅਹੁਦਿਆਂ 'ਤੇ ਬੈਠੇ ਤਤਕਾਲੀ ਵਿਅਕਤੀ ਵੀ ਬਰਾਬਰ ਦੇ ਜ਼ਿੰਮੇਵਾਰ ਰਹੇ ਹਨ, ਕਿਉਂਕਿ ਸਿੱਖ ਸੰਸਥਾਵਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ/ ਸ਼੍ਰੋਮਣੀ ਅਕਾਲੀ ਦਲ ਆਪਣੇ ਸਿਆਸੀ ਹਿੱਤਾਂ ਲਈ ਵਰਤਦੀਆਂ ਰਹੀਆਂ ਹਨ। ਤਤਕਾਲੀ ਅਹੁਦੇਦਾਰ ਚੁੱਪ ਕਰਕੇ ਸਿਆਸੀ ਆਕਾਵਾਂ ਦੇ ਹੁਕਮ ਮੰਨਦੇ ਰਹੇ ਹਨ। ਹੁਣ ਇੱਕ-ਦੂਜੇ ਬਾਰੇ ਦੂਸ਼ਣਬਾਜ਼ੀ ਤੁਰੰਤ ਬੰਦ ਹੋਣੀ ਚਾਹੀਦੀ ਹੈ। ਅਜਿਹੇ ਵਰਤਾਰੇ ਵਾਲਾ ਮਾਹੌਲ ਪਹਿਲਾਂ ਬਹੁਤ ਘੱਟ ਵੇਖਣ ਨੂੰ ਮਿਲਿਆ ਹੈ।

ਇਉਂ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਸਿੱਖ ਪੰਥ ਵਿੱਚ ਘਰੇਲੂ ਖ਼ਾਨਾਜੰਗੀ ਵਰਗਾ ਵਾਤਾਵਰਨ ਬਣਾ ਰਿਹਾ ਹੈ। ਸਿੱਖ ਪੰਥ/ਸਿੱਖ ਲੀਡਰਸ਼ਿਪ/ਸਿੱਖ ਸੰਸਥਾਵਾਂ ਦਾ ਜੋ ਨੁਕਸਾਨ ਪੰਥ ਵਿਰੋਧੀ ਆਗੂ ਜਾਂ ਜਥੇਬੰਦੀਆਂ ਨਹੀਂ ਕਰ ਸਕੀਆਂ, ਉਹ ਅਕਾਲੀ ਲੀਡਰਸ਼ਿਪ ਖੁਦ ਇੱਕ-ਦੂਜੇ 'ਤੇ ਚਿਕੜ ਉਛਾਲ ਕੇ ਕਰ ਰਹੀ ਹੈ। ਸੰਕਟ ਦੀ ਘੜੀ ਵਿੱਚ ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਅਤੇ ਹੋਰ ਸੰਪਰਦਾਵਾਂ ਦੇ ਮੁਖੀਆਂ ਨੂੰ ਮਿਲ ਬੈਠ ਕੇ ਕੋਈ ਫ਼ਾਰਮੂਲਾ ਬਣਾਉਣ ਦੇ ਸੁਝਾਅ ਦੇਣੇ ਚਾਹੀਦੇ ਹਨ ਤਾਂ ਜੋ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ ਦੀ ਸਰਵਉਚਤਾ ਬਰਕਰਾਰ ਰਹਿ ਸਕੇ ਤੇ ਸ਼੍ਰੋਮਣੀ ਅਕਾਲੀ ਦਲ/ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਖੋਇਆ ਵੱਕਾਰ ਮੁੜ ਬਹਾਲ ਕਰ ਸਕੇ।

## ਕੌਮੀ ਆਯੁਰਵੇਦ ਦਿਵਸ

# ਸੰਸਾਰ ਨੂੰ ਭਾਰਤ ਦੀ ਅਨਮੋਲ ਦੇਣ ਹੈ 'ਆਯੁਰਵੇਦ'

ਪੀ. ਐਸ. ਬਟਾਲਾ

ਬਹੁਧਰਮੀ ਤੇ ਬਹੁਭਾਸ਼ੀ ਦੇਸ਼ ਹੋਣ ਦੇ ਨਾਲ-ਨਾਲ ਪ੍ਰਾਚੀਨ ਅਤੇ ਅਮੀਰ ਵਿਰਾਸਤ ਤੇ ਸੁਘੜ ਸੱਭਿਆਚਾਰ ਦਾ ਧਾਰਨੀ ਹੋਣ ਕਰਕੇ ਭਾਰਤ, ਇਸ ਸੰਸਾਰ ਦਾ ਇੱਕ ਅਤਿਅੰਤ ਮਹੱਤਵਪੂਰਨ ਮੁਲਕ ਹੈ। ਇਸ ਮੁਲਕ ਨੇ ਸੰਸਾਰ ਨੂੰ ਸਾਹਿਤ, ਸੰਗੀਤ, ਨ੍ਰਿਤ, ਵਿਗਿਆਨ, ਗਣਿਤ, ਅਰਥ ਸ਼ਾਸ਼ਤਰ, ਭੂ-ਵਿਗਿਆਨ ਅਤੇ ਜੀਵ ਵਿਗਿਆਨ ਸਣੇ ਅਨੇਕਾਂ ਹੋਰ ਖੇਤਰਾਂ ਵਿੱਚ ਨਵੀਆਂ ਅਤੇ ਮੁੱਲਵਾਨ ਖੋਜਾਂ ਭੇਟ ਕਰਨ ਦੇ ਨਾਲ-ਨਾਲ ਅਜਿਹੇ ਗ੍ਰੰਥ ਵੀ ਪ੍ਰਦਾਨ ਕੀਤੇ ਹਨ, ਜੋ ਅਮੁੱਲ ਅਤੇ ਅਮੁੱਕ ਗਿਆਨ ਦੇ ਭੰਡਾਰ ਹਨ। ਪਰਮਾਰਥ ਅਤੇ ਸਿਹਤ ਵਿਗਿਆਨ ਦੇ ਪੱਖ ਤੋਂ ਭਾਰਤ ਦੇ ਸਭ ਤੋਂ ਪ੍ਰਾਚੀਨ ਮੰਨੇ ਜਾਂਦੇ ਚਾਰ ਵੇਦ: 'ਰਿਗਵੇਦ', 'ਸਾਮਵੇਦ', 'ਯਜੁਰਵੇਦ' ਅਤੇ 'ਅਥਰਵ-ਵੇਦ' ਤਾਂ ਸਮੁੱਚੇ ਸੰਸਾਰ ਲਈ ਬੇਸ਼ਕੀਮਤੀ ਗਿਆਨ ਦੇ ਸੋਮੇ ਹਨ। ਇਨ੍ਹਾਂ ਵੇਦਾਂ ਵਿੱਚ ਵਿਸ਼ੇਸ਼ ਮਹੱਤਵ ਰੱਖਣ ਵਾਲੇ 'ਅਥਰਵ-ਵੇਦ' ਦਾ ਇੱਕ ਅਤਿ ਮਹੱਤਵਪੂਰਨ ਉਪ ਭਾਗ ਜਾਂ ਉਪਵੇਦ ਹੈ, 'ਆਯੁਰਵੇਦ' ਜੋ ਸਿਰਫ ਭਾਰਤ ਦੇ 140 ਕਰੋੜ ਵਾਸੀਆਂ ਲਈ ਹੀ ਨਹੀਂ, ਸਗੋਂ ਸਮੂਹ ਸੰਸਾਰ ਵਾਸੀਆਂ ਨੂੰ ਨਿਰੋਗ ਅਤੇ ਅਰੋਗ ਰੱਖਣ ਲਈ ਵੱਖ-ਵੱਖ ਤਰ੍ਹਾਂ ਦੇ ਵਿਧੀ-ਵਿਧਾਨ ਅਤੇ ਕੁਦਰਤ ਵੱਲੋਂ ਉਗਾਈਆਂ ਗਈਆਂ ਜੜ੍ਹੀਆਂ-ਬੂਟੀਆਂ ਦੀ ਵਰਤੋਂ ਕਰਨ ਦਾ ਗਿਆਨ ਪ੍ਰਦਾਨ ਕਰਦਾ ਹੈ। ਇਸ ਗ੍ਰੰਥ ਦੀ ਰਚਨਾ ਅਚਾਰੀਆ ਅਗਨੀਵੇਸ਼, ਅਚਾਰੀਆ ਚਰਕ ਅਤੇ ਅਚਾਰੀਆ ਦ੍ਰਿੜਬਲ ਦੁਆਰਾ ਵੱਖ-ਵੱਖ ਕਾਲਖੰਡਾਂ ਦੌਰਾਨ ਕੀਤੀ ਗਈ ਮੰਨੀ ਜਾਂਦੀ ਹੈ। ਸੰਸਕ੍ਰਿਤ ਭਾਸ਼ਾ ਵਿੱਚ ਰਚੇ ਗਏ ਇਸ ਮਹਾਨ ਗ੍ਰੰਥ ਦੀ ਰਚਨਾ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਹੋਈ ਮੰਨੀ ਜਾਂਦੀ ਹੈ।

29 ਅਕਤੂਬਰ ਨੂੰ ਭਾਰਤ ਹੀ ਨਹੀਂ ਸਗੋਂ ਵਿਸ਼ਵ ਵਿੱਚ ਭਾਰਤ ਦਾ 'ਕੌਮੀ ਆਯੁਰਵੇਦ ਦਿਵਸ' ਮਨਾਇਆ ਜਾਂਦਾ ਹੈ। ਇਸ ਵਾਰ ਇਹ ਦਿਵਸ ਦੁਨੀਆਂ ਦੇ ਸੌ ਤੋਂ ਵੱਧ ਮੁਲਕਾਂ ਵਿੱਚ ਮਨਾਇਆ ਜਾਣਾ ਹੈ। ਇਸ ਦਿਵਸ ਨੂੰ ਮਨਾਏ ਜਾਣ ਦਾ ਅਰੰਭ ਭਾਰਤ ਸਰਕਾਰ ਦੇ ਆਯੁਸ਼ ਮੰਤਰਾਲੇ ਨੇ ਭਾਰਤੀ ਵਿਚਾਰਧਾਰਾ ਵਿੱਚ ਔਸ਼ਧੀਆਂ ਭਾਵ ਦਵਾਈਆਂ ਦੇ ਦੇਵਤਾ ਮੰਨੇ ਜਾਂਦੇ 'ਭਗਵਾਨ ਸ੍ਰੀ ਧਨਵੰਤਰੀ' ਦੇ ਜਨਮ ਦਿਨ ਭਾਵ 'ਧਨਵੰਤਰੀ ਜਯੰਤੀ' ਦੇ ਮੌਕੇ ਕੀਤੀ ਸੀ। ਹਿੰਦੂ ਧਰਮ ਦੇ ਜਾਣਕਾਰਾਂ ਅਨੁਸਾਰ ਬ੍ਰਹਿਮੰਡ ਪੁਰਾਣ ਅਤੇ ਭਾਗਵਤ ਪੁਰਾਣ ਵਿੱਚ ਸ੍ਰੀ ਧਨਵੰਤਰੀ ਦਾ ਜ਼ਿਕਰ ਸਪੱਸ਼ਟ ਤੌਰ 'ਤੇ ਕੀਤਾ ਗਿਆ ਹੈ। ਇਹ ਕਿਹਾ ਗਿਆ ਹੈ ਕਿ ਦੁਆਪਰ ਯੁਗ ਵਿੱਚ ਧਨਵੰਤਰੀ ਇੱਕ ਮਹਾਨ ਰਾਜਾ ਸੀ, ਜਿਸਨੂੰ ਰਿਸ਼ੀ ਭਾਰਦਵਾਜ ਨੇ ਆਯੁਰਵੇਦ ਦਾ ਗਿਆਨ ਪ੍ਰਦਾਨ ਕੀਤਾ ਸੀ ਅਤੇ ਕੁਦਰਤ ਵਿੱਚੋਂ ਔਸ਼ਧੀਆਂ ਭਾਵ ਦਵਾਈਆਂ ਖੋਜਣ ਲਈ ਪ੍ਰੇਰਿਤ ਕੀਤਾ ਸੀ। ਗੁਰੂ ਦੀ ਪ੍ਰੇਰਨਾ ਸਦਕਾ ਧਨਵੰਤਰੀ ਨੇ ਬੜੀ ਹੀ ਲਗਨ ਅਤੇ ਨਿਸ਼ਠਾ ਨਾਲ ਦਵਾਈਆਂ ਦੇ ਖੇਤਰ ਵਿੱਚ ਅਧਿਐਨ ਅਤੇ ਖੋਜ ਦਾ ਕਾਰਜ ਕੀਤਾ ਸੀ ਤੇ ਮੁਹਾਰਤ ਹਾਸਿਲ ਕੀਤੀ ਸੀ। ਉਹ ਰਾਜਾ ਵੀ ਬਣਿਆ ਸੀ ਤੇ ਉਸਦੀ ਪਰਜਾ ਉਸਨੂੰ 'ਸਭ ਰੋਗਾਂ ਨੂੰ ਦੂਰ ਕਰਨ ਵਾਲਾ ਦੇਵਤਾ' ਵੀ ਮੰਨਦੀ ਸੀ।



ਭਾਰਤੀ ਆਯੁਸ਼ ਮੰਤਰਾਲੇ ਵੱਲੋਂ ਸਾਲ 2016 ਵਿੱਚ 'ਸ੍ਰੀ ਧਨਵੰਤਰੀ ਜੈਅੰਤੀ' ਮੌਕੇ ਅਰੰਭ ਕੀਤੇ ਗਏ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਭਾਰਤ ਦੀ ਆਯੁਰਵੈਦਿਕ ਪ੍ਰਣਾਲੀ ਨੂੰ ਭਾਰਤ ਅੰਦਰ ਅਤੇ ਸੰਸਾਰ ਪੱਧਰ 'ਤੇ ਪ੍ਰਚਾਰਿਤ ਅਤੇ ਪ੍ਰਸਾਰਿਤ ਕਰਨਾ ਹੈ। ਇਹ ਮੰਨਿਆ ਜਾਂਦਾ ਹੈ ਕਿ ਵੱਖ-ਵੱਖ ਰੋਗਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਐਲੋਪੈਥਿਕ, ਹੋਮਿਓਪੈਥਿਕ, ਇਲੈਕਟ੍ਰੋਪੈਥਿਕ, ਐਕੂਪ੍ਰੈਸ਼ਰ ਅਤੇ ਹੋਰ ਇਲਾਜ ਪ੍ਰਣਾਲੀਆਂ ਦੇ ਮੁਕਾਬਲੇ ਆਯੁਰਵੈਦਿਕ ਪ੍ਰਣਾਲੀ ਅਸਲ ਵਿੱਚ ਕੁਦਰਤੀ ਇਲਾਜ ਦੇ ਵਧੇਰੇ ਨੇੜੇ ਹੈ ਤੇ ਅਧਿਕ ਕਾਰਗਰ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਰਚੇ ਗਏ ਗ੍ਰੰਥ 'ਆਯੁਰਵੇਦ' ਵਿੱਚ ਸਾਡੇ ਸਿਰ ਦੇ ਵਾਲਾਂ ਤੋਂ ਲੈ ਕੇ ਪੈਰਾਂ ਦੇ ਨਹੁੰਆਂ ਤੱਕ ਨਾਲ ਸਬੰਧਿਤ ਵੱਖ-ਵੱਖ ਰੋਗਾਂ ਅਤੇ ਅਜੋਕੇ ਦੌਰ ਅੰਦਰ ਅਤਿ ਗੰਭੀਰ ਮੰਨੇ ਜਾਂਦੇ ਡਾਇਬਟੀਜ਼ ਭਾਵ ਸ਼ੂਗਰ ਜਾਂ ਸ਼ੱਕਰ ਰੋਗ, ਬਲੱਡ ਪ੍ਰੈਸ਼ਰ, ਗੰਠੀਆ/ਗਠੀਆ, ਕੈਂਸਰ, ਜਿਗਰ, ਗੁਰਦੇ ਅਤੇ ਦਿਲ ਦੇ ਰੋਗਾਂ ਦੇ ਇਲਾਜ ਦੇ ਤਰੀਕੇ ਵੀ ਸੁਝਾਏ ਗਏ ਹਨ। ਅਜੋਕੇ ਦੌਰ ਦਾ ਇਹ ਵੀ ਇੱਕ ਸੱਚ ਹੈ ਕਿ ਰੋਗਾਂ ਦੇ ਇਲਾਜ ਲਈ ਮੌਜੂਦ ਬਾਕੀ ਸਾਰੀਆਂ ਇਲਾਜ ਪ੍ਰਣਾਲੀਆਂ ਤੋਂ ਨਿਰਾਸ਼ ਹੋ ਚੁੱਕੇ ਮਰੀਜ਼ ਵੀ ਅਖ਼ੀਰ ਆਯੁਰਵੇਦ ਦਾ ਸਹਾਰਾ ਲੈਣ ਵੱਲ ਦਿਲਚਸਪੀ ਵਿਖਾ ਰਹੇ ਹਨ ਤੇ ਆਯੁਰਵੇਦ ਅਤੇ ਭਾਰਤੀ ਯੋਗਾ ਪ੍ਰਣਾਲੀ ਦੁਆਰਾ ਦਿੱਤੇ ਗਏ ਮੁੱਲਵਾਨ ਸੁਝਾਵਾਂ ਅਨੁਸਾਰ ਆਪਣੀ ਜੀਵਨ ਸ਼ੈਲੀ ਨੂੰ ਢਾਲਣ ਲਈ ਯਤਨਸ਼ੀਲ ਹਨ। ਭਾਰਤ ਸਰਕਾਰ ਦੇ ਆਯੁਸ਼ ਮੰਤਰਾਲੇ ਨੇ ਤਾਂ 'ਹਰੇਕ ਲਈ ਅਤੇ ਹਰ ਰੋਜ਼ ਆਯੁਰਵੇਦ' ਦਾ ਨਾਅਰਾ ਵੀ ਦਿੱਤਾ ਹੈ। ਸਾਲ 2024 ਲਈ ਮਨਾਏ ਜਾ ਰਹੇ ਇਸ ਦਿਵਸ ਦਾ ਥੀਮ 'ਵਿਸ਼ਵਵਿਆਪੀ ਸਿਹਤ ਲਈ ਆਯੁਰਵੈਦਿਕ ਖੋਜਾਂ' ਨਿਰਧਾਰਤ ਕੀਤਾ ਗਿਆ ਹੈ, ਜੋ ਆਯੁਰਵੇਦ ਦੇ ਮਹੱਤਵ ਨੂੰ ਭਾਰਤ ਜਾਂ ਏਸ਼ੀਆ ਦੇ ਖਿੱਤੇ 'ਚੋਂ ਬਾਹਰ ਲਿਜਾ ਕੇ ਵਿਸ਼ਵ ਮੰਚ 'ਤੇ ਸਥਾਪਿਤ ਕਰਨ ਦੀ ਗੱਲ ਕਰਦਾ ਹੈ।

ਦਰਅਸਲ ਆਯੁਰਵੇਦ ਦੀ ਵਿਸ਼ੇਸ਼ਤਾ ਇਸ ਤੱਥ ਵਿੱਚ ਹੈ ਕਿ ਇਹ ਰੋਗਾਂ ਦੇ ਇਲਾਜ ਨਾਲੋਂ ਵੱਧ ਰੋਗਾਂ ਤੋਂ ਬਚਣ 'ਤੇ ਵੱਧ ਜ਼ੋਰ ਦਿੰਦਾ ਹੈ। ਇਹ ਅਜਿਹੀ ਜੀਵਨ ਸ਼ੈਲੀ, ਭੋਜਨ, ਪਾਣੀ ਅਤੇ ਸਰੀਰਕ ਕਿਰਿਆਵਾਂ ਨੂੰ ਵੱਧ ਮਹੱਤਤਾ ਦਿੰਦਾ ਹੈ, ਜੋ ਸਾਨੂੰ ਅਰੋਗ ਰਹਿਣ ਵਿੱਚ ਮਦਦ ਕਰਦੇ ਹਨ। ਇਸਦੀ ਮੁੱਖ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਸਰੀਰ, ਮਨ ਅਤੇ ਆਤਮਾ ਨੂੰ ਇੱਕ ਲੜੀ ਵਿੱਚ ਪਰੋਏ ਹੋਏ ਮੰਨਦਾ ਹੈ ਤੇ ਇਹ ਵਿਸ਼ਵਾਸ ਕਰਦਾ ਹੈ ਕਿ ਜੇ ਕਿਸੇ ਮਨੁੱਖ ਅੰਦਰ ਇਨ੍ਹਾਂ ਤਿੰਨਾਂ ਦਰਮਿਆਨ ਸੰਤੁਲਨ ਕਾਇਮ ਹੈ ਤਾਂ ਉਹ ਮਨੁੱਖ ਸਚਮੁੱਚ ਹੀ ਇੱਕ 'ਸਿਹਤਮੰਦ' ਮਨੁੱਖ ਹੈ; ਵਰਨਾ ਬਾਕੀ ਸਭ 'ਰੋਗੀ' ਹਨ ਭਾਵ 'ਬਿਮਾਰ' ਹਨ।

ਆਯੁਰਵੇਦ ਮੰਨਦਾ ਹੈ ਕਿ ਮਨੁੱਖੀ ਦੇਹ ਅਸਲ ਵਿੱਚ ਤਿੰਨ ਮਹੱਤਵਪੂਰਨ ਤੱਤਾਂ 'ਧਾਤੂ', 'ਮਲ' ਅਤੇ 'ਦੋਸ਼' ਦਾ ਸੰਗਮ ਹੈ। ਸਾਡੇ ਸਰੀਰ ਅੰਦਰ ਲਹੂ, ਹੱਡੀ, ਮਾਸ ਅਤੇ ਸ਼ੁਕਰਾਣੂ ਸਮੇਤ ਸੱਤ ਧਾਤੂਆਂ ਦਾ ਵਾਸ ਮੰਨਣ ਵਾਲਾ ਆਯੁਰਵੇਦ ਵੱਖ-ਵੱਖ ਰੋਗਾਂ ਦੀ ਜਾਂਚ ਲਈ ਅੱਠ ਚੀਜ਼ਾਂ ਨੂੰ ਪਰਖਣ ਦੀ ਗੱਲ ਕਰਦਾ ਹੈ, ਜਿਨ੍ਹਾਂ ਵਿੱਚ 'ਨਾੜੀ', 'ਜ਼ੁਬਾਨ', 'ਨਜ਼ਰ', 'ਸਪਰਸ਼' ਭਾਵ ਛੂਹਣਾ, 'ਮੂਤਰ', 'ਮਲ' ਅਤੇ 'ਜ਼ੁਬਾਨ' ਦੀ ਜਾਂਚ ਕਰਨਾ ਸ਼ਾਮਿਲ ਹੈ ਤੇ ਰੋਗਾਂ ਦੀ ਜਾਂਚ ਦੇ ਲਗਪਗ ਇਹੋ ਤਰੀਕੇ ਆਧੁਨਿਕ ਸਿਹਤ ਸੰਸਥਾਵਾਂ ਵੀ ਕਰ ਰਹੀਆਂ ਹਨ, ਜਦੋਂ ਕਿ ਆਯੁਰਵੇਦ ਦੀਆਂ ਇਹ ਗੱਲਾਂ ਪੰਜ ਹਜ਼ਾਰ ਸਾਲ ਪਹਿਲਾਂ ਦੀਆਂ ਰਚੀਆਂ ਹੋਈਆਂ ਹਨ।

ਵੱਖ-ਵੱਖ ਸਾਧ ਅਤੇ ਅਸਾਧ ਰੋਗਾਂ ਲਈ ਆਯੁਰਵੈਦਿਕ ਦਵਾਈਆਂ ਦੀ ਵਰਤੋਂ ਦਾ ਰੁਝਾਨ ਸੰਸਾਰ ਪੱਧਰ 'ਤੇ ਹੋ ਰਿਹਾ ਹੈ। ਆਯੁਰਵੈਦਿਕ ਉਤਪਾਦਾਂ ਦੇ ਕਾਰੋਬਾਰ ਨਾਲ ਜੁੜੀਆਂ ਸਮੂਹ ਭਾਰਤੀ ਕੰਪਨੀਆਂ ਦੇ ਯਤਨਾਂ ਸਦਕਾ ਸਾਲ 2014 ਤੋਂ ਲੈ ਕੇ ਹੁਣ ਤੱਕ ਆਯੁਰਵੈਦਿਕ ਉਤਪਾਦਾਂ ਦਾ ਕਾਰੋਬਾਰ ਹਰ ਸਾਲ ਲਗਪਗ 17 ਫ਼ੀਸਦੀ ਵਾਧਾ ਦਰ ਨਾਲ ਅੱਗੇ ਵਧ ਰਿਹਾ ਹੈ। ਆਯੁਰਵੈਦਿਕ ਕੰਪਨੀਆਂ ਦੁਆਰਾ ਵੇਚੇ ਜਾ ਰਹੇ ਉਤਪਾਦਾਂ ਦਾ ਮਾਰਕੀਟ ਸਾਈਜ਼ ਭਾਵ ਸਾਲਾਨਾ ਕਾਰੋਬਾਰ ਸਾਲ 2020 ਵਿੱਚ 1,50,000 ਕਰੋੜ ਰੁਪਏ ਸੀ, ਜਿਸਨੂੰ ਸਾਲ 2022 ਤੱਕ 1,90,000 ਕਰੋੜ ਰੁਪਏ ਤੱਕ ਲੈ ਕੇ ਜਾਣ ਦਾ ਟੀਚਾ ਮਿੱਥਿਆ ਗਿਆ ਸੀ, ਜਿਸ ਵਿੱਚ ਪੰਜ ਬਿਲੀਅਨ ਡਾਲਰ ਦਾ ਆਯੁਰਵੈਦਿਕ ਉਤਪਾਦਾਂ ਦਾ ਨਿਰਯਾਤ ਵੀ ਸ਼ਾਮਿਲ ਸੀ। ਹੁਣ ਸਾਲ 2024 ਤੋਂ 2032 ਤੱਕ ਇਸ ਕਾਰੋਬਾਰ ਨੂੰ ਸਲਾਨਾ 15.10 ਫ਼ੀਸਦੀ ਸਾਲਾਨਾ ਵਾਧਾ ਦਰ ਨਾਲ ਅੱਗੇ ਵਧਾਉਣ ਦੀ ਯੋਜਨਾਬੰਦੀ ਕੀਤੀ ਗਈ ਹੈ।

ਇੱਥੇ ਜ਼ਿਕਰਯੋਗ ਹੈ ਕਿ ਆਯੁਰਵੈਦਿਕ ਉਤਪਾਦਾਂ ਵਿੱਚ ਆਯੁਰਵੈਦਿਕ ਦਵਾਈਆਂ ਦੇ ਨਾਲ-ਨਾਲ ਸਰੀਰਕ ਸੁੰਦਰਤਾ, ਸੁਡੌਲਤਾ ਅਤੇ ਸ਼ਕਤੀਵਰਧਕ ਉਤਪਾਦਾਂ ਦਾ ਨਿਰਮਾਣ ਵੀ ਸ਼ਾਮਿਲ ਹੈ ਤੇ ਇਨ੍ਹਾਂ ਉਤਪਾਦਾਂ ਦਾ ਕੌਮੀ ਅਤੇ ਕੌਮਾਂਤਰੀ ਬਾਜ਼ਾਰ ਵਿੱਚ ਪ੍ਰਚਾਰ ਤੇ ਪ੍ਰਸਾਰ ਨਿਰੰਤਰ ਛਾਲਾਂ ਮਾਰ-ਮਾਰ ਕੇ ਅੱਗੇ ਵਧ ਰਿਹਾ ਹੈ। ਇਸਦੇ ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਾਲ 2016-17 ਦਾ 'ਕੌਮੀ ਆਯੁਰਵੈਦਿਕ ਦਿਵਸ' ਮਨਾਉਂਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਆਲ ਇੰਡੀਆ ਇੰਸਟੀਚਿਊਟ ਆੱਫ਼ ਆਯੁਰਵੇਦ' ਦਾ ਉਦਘਾਟਨ ਵੀ ਕੀਤਾ ਸੀ ਤੇ ਆਮ ਲੋਕਾਂ ਅੰਦਰ ਆਯੁਰਵੇਦ ਪ੍ਰਤੀ ਚੇਤਨਤਾ ਪੈਦਾ ਕਰਨ ਖ਼ਾਤਿਰ ਭਾਰਤੀ ਆਯੁਸ਼ ਮੰਤਰਾਲੇ ਨੇ ਸਾਲ 2022 ਵਿੱਚ 'ਹਰ ਦਿਨ, ਹਰ ਘਰ ਆਯੁਰਵੇਦ' ਸਿਰਲੇਖ ਹੇਠ ਇੱਕ ਰੌਚਿਕ ਪ੍ਰਸ਼ਨੋਤਰੀ ਵੀ ਸ਼ੁਰੂ ਕੀਤੀ ਸੀ।

Happy Diwali



ਭਾਈਚਾਰਕ ਸਾਂਝ ਦੇ ਮੁੱਦਈ ਤਿਓਹਾਰ

ਦੀਵਾਲੀ ਦੀਆਂ ਆਪ ਸਭ ਨੂੰ

ਬਹੁਤ ਬਹੁਤ ਵਧਾਈਆਂ ਹੋਣ



ਜਸਵਿੰਦਰ ਸਿੰਘ (ਜੱਸੀ) ਸੰਧੂ, ਸੋਨੀ ਜੱਜ ਤੇ ਬਲਵਿੰਦਰ ਸਿੰਘ (ਬੌਬ) ਸੰਧੂ

ਅਤੇ ਸਮੂਹ ਪਰਿਵਾਰ (ਸ਼ਿਕਾਗੋ)

# Happy Diwali

Festival of lights

# Crossover
CHICAGO

**Stunning Designs for Every Occasion**




# Fashion Designer in Deer Park, IL

*Deer Park Town Center*

**20330 N. Deer Park Blvd, Suite# 104, Deer Park, IL 60010**

**Ph: 847-550-4881 Mandeep@crossoverchicago.com**